੧ੴ ਵਾਹਿਗੁਰੂ ਜੀ ਕੀ ਫ਼ਤਹਿ ॥



ਮਨਮੁਖਿ ਰੈਣਿ ਅੰਧਾਰਿ

ਸਿੱਖ
ਮਿਸ਼ਨਰੀ
ਕਾਲਜ (ਰਜਿ:)
1051, ਕੂਚਾ ਨੰ: 14,
ਫ਼ੀਲਡ ਗੰਜ, ਲੁਧਿਆਣਾ — 8

12 ਰੁਪਏ

੧ੴ ਵਾਹਿਗੁਰੂ ਜੀ ਕੀ ਫ਼ਤਹਿ ॥ 200

ਮਨਿਮੁਖਿ ਰੈਣਿ ਅੰਧਾਰਿ

ਗਿਆਨ ਰਤਨਿ ਸਭ ਸੋਝੀ ਹੋਇ ॥

੧ੴ

ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ

ਲੇਖਕ

ਡਾ: ਪਰਮਜੀਤ ਕੌਰ (ਯਮਨਾ ਨਗਰ)

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

1051, ਕੂਚਾ ਨੰ: 14, ਫ਼ੀਲਡ ਗੰਜ, ਲੁਧਿਆਣਾ - 141008. ਫੋਨ :0161-663452
ਸਬ ਆਫ਼ਿਸ : ਏ -143, ਫ਼ਤਹਿ ਨਗਰ, ਨਵੀਂ ਦਿੱਲੀ -110018. ਫੋਨ : 011-5135677
ਜਲੰਧਰ ਆਫ਼ਿਸ : W.G.578, ਸੁਰਾਜ ਗੰਜ, ਜਲੰਧਰ -144001. ਫੋਨ : 0181-236947

ਲੇਖ ਸੂਚੀ

ਮੁੱਖ ਬੰਦ

'ਮਨਮੁਖਿ ਰੈਣਿ ਅੰਧਾਰਿ' ਪੁਸਤਕ ਗੁਰਮਤਿ ਸਿਧਾਂਤਾਂ ਨੂੰ ਸਰਲ ਸ਼ਬਦਾਂ ਵਿੱਚ ਦ੍ਰਿੜ ਕਰਵਾਉਣ ਦਾ ਇੱਕ ਨਿਮਾਣਾ ਜਿਹਾ ਉਪਰਾਲਾ ਹੈ। ਇਸ ਪੁਸਤਕ ਦੇ ਹਰੇਕ ਲੇਖ ਵਿੱਚ ਇਹ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਕਿ ਅਕਾਲ ਪੁਰਖ ਦਾ ਆਸਰਾ ਲੈਣਾ ਹੀ ਜੀਵਨ ਦਾ ਸਹੀ ਰਸਤਾ ਹੈ। ਪਰਮਾਤਮਾ ਦੀ ਸ਼ਰਨ ਗੁਰੂ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਗੁਰਸਿੱਖ ਲਈ ਗੁਰਬਾਣੀ ਹੀ ਗੁਰੂ ਹੈ। ਗੁਰ-ਸ਼ਬਦ ਅਨੁਸਾਰ ਜੀਵਨ ਘਾੜਤ ਘੜਨੀ ਹੀ ਗੁਰਮਤਿ ਉੱਤੇ ਚੱਲਣਾ ਹੈ। ਗੁਰਮੁਖ ਹੀ ਨਾਮ-ਅੰਮ੍ਰਿਤ ਪੀ ਕੇ, ਜੀਵਨ ਦੇ ਸੱਚੇ ਸੇਵਕ ਬਣ ਕੇ ਆਤਮਿਕ ਆਨੰਦ ਮਾਣਦੇ ਹਨ ਅਤੇ ਜੀਵਨ ਸੰਗਰਾਮ ਵਿੱਚ ਸਫਲ ਹੁੰਦੇ ਹਨ। ਜਿਹੜੇ ਮਨੁੱਖ ਪਰਮਾਤਮਾ ਨੂੰ ਵਿਸਾਰ ਦੇਂਦੇ ਹਨ, ਗੁਰ-ਉਪਦੇਸ਼ ਦੀ ਵੀਚਾਰ ਨਾ ਕਰਕੇ ਆਪਣੇ ਮਨ ਦੇ ਪਿੱਛੇ ਤੁਰਦੇ ਹਨ, ਉਹਨਾਂ ਮਨਮੁੱਖਾਂ ਦਾ ਸਾਰਾ ਜੀਵਨ ਹੀ ਅਗਿਆਨਤਾ ਦੇ ਅੰਧਕਾਰ ਵਿੱਚ ਕੁਰਾਹੇ ਪਿਆਂ ਬਤੀਤ ਹੋ ਜਾਂਦਾ ਹੈ। ਮਨਮੁਖ ਸਦਾ ਮਾਇਆ ਨਾਲ ਪਿਆਰ ਕਰਦੇ ਹਨ। ਅਕਾਲ ਪੁਰਖ ਵਾਹਿਗੁਰੂ ਕੋਲੋਂ ਕਿਤਨੀਆਂ ਹੀ ਦਾਤਾਂ ਮਿਲ ਜਾਣ ਉਹ ਕਦੇ ਰੱਜਦੇ ਨਹੀਂ, ਸਦਾ ਕੰਗਾਲ ਅਤੇ ਦੁਖੀ ਹੀ ਰਹਿੰਦੇ ਹਨ —

ਮਨਮੁਖੁ ਜਗਤੁ ਨਿਰਧਨੁ ਹੈ, ਮਾਇਆ ਨੋ ਬਿਲਲਾਇ॥
ਅਨਦਿਨੁ ਫਿਰਦਾ ਸਦਾ ਰਹੈ, ਭੁਖ ਨ ਕਦੇ ਜਾਇ॥
ਸਾਂਤਿ ਨ ਕਦੇ ਆਵਈ, ਨਹ ਸੁਖੁ ਵਸੈ ਮਨਿ ਆਇ॥
ਸਦਾ ਚਿੰਤ ਚਿਤਵਦਾ ਰਹੈ, ਸਹਸਾ ਕਦੇ ਨ ਜਾਇ॥

(ਮਾਰੂ ਵਾਰ, ਮ: ੩, ਪੰਨਾ ੧੦੯੨)

ਮਾਇਆ ਦੀ ਕਾਲਖ ਦੇ ਕਾਰਣ ਮਨਮੁਖ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ ਪ੍ਰਬਲ ਰਹਿੰਦੇ ਹਨ। ਜਦੋਂ ਤਕ ਮਨ ਵਿੱਚ ਵਿਕਾਰਾਂ ਦੇ ਸੰਸਕਾਰ ਹਨ ਗਿਆਨ ਵਿਅਰਥ ਹੈ। ਮਨਮੁਖ ਦੇ ਜੀਵਨ ਵਿੱਚ ਵਿਆਪਤ ਮਾਇਆ ਦਾ ਮੋਹ ਅਤੇ ਆਗਿਆਨਤਾ ਦਾ ਹਨ੍ਹੇਰਾ ਗੁਰੂ ਦੇ ਦੱਸੇ ਰਸਤੇ ਤੇ ਤੁਰਿਆਂ ਹੀ ਦੂਰ ਹੋ ਸਕਦਾ ਹੈ —

ਮਨਮੁਖ ਭੂਲੇ ਪਚਿ ਮੁਏ, ਉਬਰੇ ਗੁਰ ਬੀਚਾਰਿ॥ (ਪੰਨਾ ੯੩੭)

ਗੁਰੂ ਦੇ ਦੱਸੇ ਰਾਹ ਤੇ ਉਹੀ ਮਨੁੱਖ ਤੁਰ ਸਕਦਾ ਹੈ ਜਿਹੜਾ ਅੰਮ੍ਰਿਤ ਛਕ ਕੇ ਖ਼ਾਲਸਾ ਬਣਦਾ ਹੈ, ਇੱਕ ਪ੍ਰਭੂ ਦੀ ਅਰਾਧਨਾ ਕਰਦਾ ਹੈ, ਬਣਾਉਟੀ ਗੁਰੂਆਂ, ਫ਼ਕੀਰਾਂ ਅਤੇ ਕਰਮ-ਕਾਂਡਾਂ ਦੇ ਜਾਲ ਵਿੱਚ ਨਹੀਂ ਫਸਦਾ। ਅਕਾਲ ਪੁਰਖ ਵਾਹਿਗੁਰੂ ਦੇ ਡਰ-ਅਦਬ ਨੂੰ ਆਤਮਿਕ ਜੀਵਨ ਦੀ ਖ਼ੁਰਾਕ ਸਮਝਦਾ

ਹੋਇਆ ਅਡੋਲ ਮਨ ਨਾਲ ਭਗਤੀ ਕਰਦਾ ਹੈ, ਨਾਮ ਨੂੰ ਮਨ ਵਿੱਚ ਵਸਾਂਦਾ ਹੈ। ਹਉਮੈ ਤਿਆਗ ਕੇ ਪਰਮਾਤਮਾ ਨੂੰ ਆਪਣੇ ਅੰਦਰ ਭਾਲਦਾ ਹੈ ਅਤੇ ਗੁਰ-ਸ਼ਬਦ ਅਨੁਸਾਰ ਜੀਵਨ ਦੀ ਘਾੜਤ ਘੜਦਾ ਹੈ। ਐਸਾ ਗੁਰਮੁਖ ਪ੍ਰਭੂ ਦੇ ਪ੍ਰੇਮ ਰੰਗ ਵਿੱਚ ਰੰਗਿਆ ਜਾਂਦਾ ਹੈ। ਪ੍ਰਭੂ-ਪ੍ਰੇਮ ਵਿੱਚ ਰੰਗੇ ਹੋਏ ਮਨੁੱਖ ਨੂੰ ਦੁਨੀਆਂ ਦੇ ਰਸ ਗਲਤ ਜੀਵਨ ਰਾਹ ਤੇ ਨਹੀਂ ਤੋਰ ਸਕਦੇ। ਉਸਨੂੰ ਖੋਟੀ ਮਤਿ ਵਾਲਾ ਸਾਰਾ ਜੀਵਨ-ਰਵੱਈਆ ਭੁੱਲ ਜਾਂਦਾ ਹੈ। ਉਸਦਾ ਮਨ ਸਦਾ ਨਿਰਮਲ ਅਤੇ ਸ਼ਾਂਤ ਰਹਿੰਦਾ ਹੈ। ਉਹ ਆਪਣੇ ਆਤਮਿਕ ਜੀਵਨ ਨੂੰ ਵਾਰ ਵਾਰ ਪੜਤਾਲਦਾ ਰਹਿੰਦਾ ਹੈ। ਗੁਰਮੁਖ ਖੰਡੇ ਦੀ ਧਾਰ ਵਰਗੇ ਬਰੀਕ ਜੀਵਨ ਮਾਰਗ ਤੇ ਚਲਦਾ ਹੋਇਆ ਕਦੇ ਡੋਲਦਾ ਨਹੀਂ, ਉਹ ਆਪਣੇ ਇਸ ਲੋਕ ਨੂੰ ਸੁਖੀ ਅਤੇ ਪਰਲੋਕ ਨੂੰ ਸੁਹੇਲਾ ਕਰ ਲੈਂਦਾ ਹੈ।

— ਡਾ: ਪਰਮਜੀਤ ਕੌਰ, ਯਮੁਨਾਨਗਰ

ਹਰਿ ਬਿਨੁ ਹੋਰੁ ਨ ਪੂਜਉ

ਅੱਜ ਮਨੁੱਖ ਦਾ ਹਿਰਦਾ-ਕੰਵਲ ਪਰਮਾਤਮਾ ਦੇ ਸਿਮਰਨ ਵੱਲੋਂ ਉਲਟਿਆ ਹੋਇਆ ਹੈ। ਦੁਰਮਤਿ ਦੀ ਅੱਗ ਵਿੱਚ ਸੜਿਆ ਹੋਇਆ, ਵਿਸ਼ਿਆਂ ਤੋਂ ਪ੍ਰਭਾਵਿਤ ਮਨੁੱਖ ਵਿਕਾਰਾਂ ਵਿੱਚ ਖਚਿਤ ਰਹਿੰਦਾ ਹੈ; ਜਦੋਂ ਦੁਖੀ ਹੁੰਦਾ ਹੈ, ਸੁੱਖ-ਸ਼ਾਂਤੀ ਲਈ ਪਰਮਾਤਮਾ ਦੀ ਸ਼ਰਨ ਲੈਂਦਾ ਹੈ ਪਰ ਮਨ ਦੀ ਮਤਿ ਦਾ ਤਿਆਗ ਨਹੀਂ ਕਰਦਾ। ਇਸ ਲਈ ਪਰਮਾਤਮਾ ਉੱਤੇ ਪੂਰਾ ਵਿਸ਼ਵਾਸ ਨਹੀਂ ਰੱਖਦਾ। ਸਾਰੇ ਦੁਆਰੇ ਛੱਡ ਕੇ, ਆਪਾ-ਭਾਵ ਤਿਆਗ ਕੇ, ਪ੍ਰਭੂ ਦੇ ਦਰ 'ਤੇ ਨਹੀਂ ਆਉਂਦਾ। ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਣ ਵਾਲਾ, ਅੱਜ ਦੇਵੀ-ਦੇਵਤਿਆਂ, ਸੰਤਾਂ, ਬਨਾਉਟੀ ਗੁਰੂਆਂ, ਜੋਤਸ਼ੀਆਂ, ਫਕੀਰਾਂ ਦੇ ਦੁਆਰਾਂ ਤੇ ਭਟਕਦਾ ਫਿਰਦਾ ਹੈ ਅਤੇ ਸਿੱਖੀ ਦੇ ਗੌਰਵ ਨੂੰ ਭੁੱਲ ਕੇ ਕਰਮ-ਕਾਂਡਾਂ ਦੇ ਚੱਕਰਾਂ ਵਿੱਚ ਫਸਿਆ ਰਹਿੰਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਸਭ ਥਾਈਂ ਵਿਆਪਕ, ਜੀਵਾਂ ਦੇ ਹਿਰਦਿਆਂ ਦੀ ਜਾਣਨ ਵਾਲਾ ਇੱਕੋ ਪਰਮਾਤਮਾ ਹੀ ਸਭ ਦਾ ਆਸਰਾ ਹੈ। ਇੱਕ ਪਰਮਾਤਮਾ ਦਾ ਹੀ ਹੁਕਮ ਵਰਤ ਰਿਹਾ ਹੈ। ਉਸ ਪਰਮਾਤਮਾ ਦੇ ਬਰਾਬਰ ਕੋਈ ਨਹੀਂ। ਗੁਰ-ਵਾਕ **ਹਨ** :

ਪਾਰਬ੍ਰਹਮੁ ਪ੍ਰਭੁ ਏਕੁ ਹੈ, ਦੂਜਾ ਨਾਹੀ ਕੋਇ॥

(ਸਿਰੀਰਾਗ, ਮ: ੫, ਪੰਨਾ ੪੫)

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ॥

(ਧਨਾਸਰੀ, ਮ: ੫, ਪੰਨਾ ੬੭੯)

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥

(ਆਸਾ, ਮ: ੧, ਪੰਨਾ ੩੫੦)

ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ॥

(ਆਸਾ, ਮ: ੩, ਪੰਨਾ ੪੨੯)

ਹਰਿ ਇਕੋ ਕਰਤਾ ਇਕੁ, ਇਕੋ ਦੀਬਾਣੁ ਹਰਿ॥
ਹਰਿ ਇਕਸੈ ਦਾ ਹੈ ਅਮਰੁ, ਇਕੋ ਹਰਿ ਚਿਤਿ ਧਰਿ॥
ਹਰਿ ਤਿਸੁ ਬਿਨੁ ਕੋਈ ਨਾਹਿ, ਡਰੁ ਭ੍ਰਮੁ ਭਉ ਦੂਰਿ ਕਰਿ॥

(ਸਿਰੀਰਾਗ ਕੀ ਵਾਰ, ਮ: ੪, ਪੰਨਾ ੯੩)

ਇੱਕ ਪਰਮਾਤਮਾ ਦੀ ਅਰਾਧਨਾ ਅਤੇ ਇੱਕ ਪਰਮਾਤਮਾ ਤੇ ਹੀ ਵਿਸ਼ਵਾਸ ਕਰਨ ਨਾਲ ਮਨੁੱਖਾਂ ਵਿੱਚ ਇੱਕ ਆਤਮਿਕ ਸਾਂਝ ਪੈਦਾ ਹੋ ਜਾਂਦੀ ਹੈ। ਇਸ ਲਈ ਇੱਕ ਪ੍ਰਭੂ ਨੂੰ ਹੀ ਮਨ ਵਿੱਚ ਧਿਆਉਣਾ ਚਾਹੀਦਾ ਹੈ, ਇੱਕ ਦੀ ਹੀ ਸ਼ਰਨ ਲੈਣੀ ਚਾਹੀਦੀ ਹੈ ਅਤੇ ਇੱਕ ਪ੍ਰਭੂ ਨਾਲ ਹੀ ਪਿਆਰ ਕਰਨਾ ਚਾਹੀਦਾ ਹੈ :

ਏਕੋ ਜਪੀਐ ਮਨੈ ਮਾਹਿ, ਇਕਸ ਕੀ ਸਰਣਾਇ॥
ਇਕਸ ਸਿਉ ਕਰਿ ਪਿਰਹੜੀ, ਦੂਜੀ ਨਾਹੀ ਜਾਇ॥
ਇਕੋ ਦਾਤਾ ਮੰਗੀਐ, ਸਭੁ ਕਿਛੁ ਪਲੈ ਪਾਇ॥
ਮਨਿ ਤਨਿ ਸਾਸਿ ਗਿਰਾਸਿ, ਪ੍ਰਭੁ ਇਕੋ ਇਕੁ ਧਿਆਇ॥

(ਰਾਮਕਲੀ ਕੀ ਵਾਰ, ਮ: ੫, ਪੰਨਾ ੯੬੧)

ਮਨੁੱਖ ਦੁਬਿਧਾ ਵਿੱਚ ਪੈ ਕੇ ਇਹ ਨਹੀਂ ਸੋਚਦਾ ਕਿ ਪ੍ਰਮਾਤਮਾ ਦੀ ਸੇਵਾ ਕੀਤਿਆਂ ਹੀ ਮਨ-ਇੱਛਤ ਫਲ ਪਾਈਦਾ ਹੈ। ਕਿਸੇ ਹੋਰ ਦੇਵੀ-ਦੇਵਤੇ ਆਦਿ ਦੀ ਪੂਜਾ ਨਾਲ ਜ਼ਿੰਦਗੀ ਵਿਅਰਥ ਹੋ ਜਾਂਦੀ ਹੈ। ਗੁਰੂ ਜੀ ਦਾ ਆਦੇਸ਼ ਹੈ :

ਹਰਿ ਕੀ ਤੁਮ ਸੇਵਾ ਕਰਹੁ, ਦੂਜੀ ਸੇਵਾ ਕਰਹੁ ਨ ਕੋਇ ਜੀ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ॥

(ਗੂਜਰੀ, ਮ: ੩, ਪੰਨਾ ੪੯੦)

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ,
ਮੜੈ ਮਸਾਣਿ ਨ ਜਾਈ॥ (ਸੋਰਠਿ, ਮ: ੧, ਪੰਨਾ ੬੩੪)

ਰਾਮ ਨਾਮੁ ਜਪਿ ਅੰਤਰਿ ਪੂਜਾ॥
ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ॥੧॥
ਏਕੋ ਰਵਿ ਰਹਿਆ ਸਭ ਠਾਈ॥
ਅਵਰੁ ਨ ਦੀਸੈ ਕਿਸੁ ਪੂਜ ਚੜਾਈ॥

(ਪ੍ਰਭਾਤੀ, ਮ: ੧, ਪੰਨਾ ੧੩੪੫)

ਕਬੀਰ ਜੀ ਦਾ ਕਥਨ ਹੈ :

ਕਹਤ ਕਬੀਰੁ ਸੁਨਹੁ ਨਰ ਨਰਵੈ, ਪਰਹੁ ਏਕ ਕੀ ਸਰਨਾ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ, ਤਬ ਹੀ ਨਿਹਚੈ ਤਰਨਾ॥

(ਬਿਭਾਸ ਪ੍ਰਭਾਤੀ, ਕਬੀਰ ਜੀ, ਪੰਨਾ ੧੩੪੯)

ਮਨੁੱਖਾ ਮਨ ਸੁਖ ਹਾਸਿਲ ਕਰਨ ਲਈ ਧਿਰ-ਧਿਰ ਦੀ ਖੁਸ਼ਾਮਦ ਕਰਦਾ ਫਿਰਦਾ ਹੈ। ਕੁੱਤੇ ਵਾਂਗ ਹਰੇਕ ਦੇ ਦਰ ਤੇ ਭਟਕਦਾ ਫਿਰਦਾ ਹੈ :

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ, ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ,
ਨਹ ਸੁਧ ਰਾਮ ਭਜਨ ਕੀ॥

(ਰਾਗ ਆਸਾ, ਮ: ੯, ਪੰਨਾ ੪੧੧)

ਸਿਰਜਣਹਾਰ ਪ੍ਰਭੂ ਦੇ ਮੁਕਾਬਲੇ ਵਿੱਚ ਸਾਰੇ ਮੰਤਰ ਅਤੇ ਟੂਣੇ ਤੁੱਛ ਹਨ :

ਅਉਖਧ ਮੰਤ੍ਰ ਤੰਤ ਸਭਿ ਛਾਰੁ॥

ਕਰਣੈਹਾਰੁ ਰਿਦੇ ਮਹਿ ਧਾਰੁ॥ (ਗਉੜੀ, ਮ: ੫, ਪੰਨਾ ੧੯੬)

ਜਿਹੜੇ ਮਨੁੱਖ ਪਰਮਾਤਮਾ ਦਾ ਨਾਮ, ਤਵੀਤ ਅਤੇ ਜੰਤਰ ਆਦਿ ਦੀ ਸ਼ਕਲ ਵਿੱਚ ਵੇਚਦੇ ਹਨ, ਉਹਨਾਂ ਦਾ ਜੀਉਣਾ ਫਿਟਕਾਰਯੋਗ ਹੈ। ਉਹ ਆਪ ਹੀ ਬੰਦਗੀ ਦੇ ਸਹੀ ਰਾਹ ਤੋਂ ਖੁੰਝ ਜਾਂਦੇ ਹਨ, ਦੂਜਿਆਂ ਦਾ ਕਲਿਆਣ ਕਿਵੇਂ ਕਰ ਸਕਦੇ ਹਨ? ਗੁਰਵਾਕ ਹੈ :

ਧ੍ਰਿਗ ਤਿਨਾ ਕਾ ਜੀਵਿਆ, ਜਿ ਲਿਖਿ ਲਿਖਿ ਵੇਚਹਿ ਨਾਉ॥

ਖੇਤੀ ਜਿਨ ਕੀ ਉਜੜੈ, ਖਲਵਾੜੇ ਕਿਆ ਥਾਉ॥

(ਸਾਰੰਗ ਕੀ ਵਾਰ, ਸਲੋਕ, ਮ: ੧, ਪੰਨਾ ੧੨੪੫)

ਗੁਰਸਿੱਖ ਲਈ ਪ੍ਰਭੂ ਦਾ ਨਾਮ ਹੀ ਤੰਤ੍ਰ, ਮੰਤਰ ਆਦਿ ਸਭ ਕੁਝ ਹੈ :

ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਾ॥

ਇਹੁ ਸੁਖੁ ਨਾਨਕ ਅਨਦਿਨੁ ਚੀਨ੍ਾ॥ (ਆਸਾ, ਮ: ੫, ਪੰਨਾ ੩੯੬)

ਜਿਹੜੇ ਮਨੁੱਖ ਪ੍ਰਭੂ ਦਾ ਸਿਮਰਨ ਛੱਡ ਕੇ ਵਿਖਾਵੇ ਦੇ ਧਾਰਮਿਕ ਕਰਮ-ਕਾਂਡਾਂ ਵਿੱਚ ਪਏ ਫਿਰਦੇ ਹਨ ਉਹ ਜੀਵਨ ਦਾ ਅਸਲ ਮਨੋਰਥ ਨਹੀਂ ਸਮਝਦੇ। ਭਟਕਣ ਵਿੱਚ ਪੈ ਕੇ ਕੁਰਾਹੇ ਤੁਰੇ ਫਿਰਦੇ ਹਨ। ਵਿਅਰਥ ਉੱਦਮ ਕਰਦੇ ਹੋਏ ਆਤਮਿਕ ਮੌਤ ਦੇ ਰਸਤੇ ਤੇ ਪੈ ਜਾਂਦੇ ਹਨ। ਐਸੇ ਮਨੁੱਖ ਮਾਨੋ ਦੁੱਧ ਦੀ ਥਾਂ ਪਾਣੀ ਰਿੜਕਦੇ ਰਹਿੰਦੇ ਹਨ :

ਭਰਮੇ ਭੂਲਾ ਸਾਕਤੁ ਫਿਰਤਾ॥

ਨੀਰੁ ਬਿਰੋਲੈ ਖਪਿ ਖਪਿ ਮਰਤਾ॥

(ਸੂਹੀ, ਮ: ੫, ਪੰਨਾ ੭੩੯)

ਬਾਹਰੀ ਭੇਖਾਂ ਜਾਂ ਵਿਅਰਥ ਦੇ ਕਰਮ-ਕਾਂਡਾਂ ਨਾਲ ਮਨ ਦੀ ਤ੍ਰਿਸ਼ਨਾ ਦੂਰ ਨਹੀਂ ਹੁੰਦੀ ਅਤੇ ਨਾ ਹੀ ਕਾਮਾਦਿਕ ਪੰਜਾਂ ਵੈਰੀਆਂ ਨਾਲੋਂ ਸਾਥ ਟੁੱਟਦਾ ਹੈ। ਕੇਵਲ ਅਹੰਕਾਰ ਦੀ ਮੈਲ ਹੀ ਵਧਦੀ ਹੈ :

ਜੇਤੇ ਜਤਨ ਕਰਤ ਤੇ ਡੂਬੇ, ਭਵ ਸਾਗਰੁ ਨਹੀ ਤਾਰਿਓ ਰੇ॥

ਕਰਮ ਧਰਮ ਕਰਤੇ ਬਹੁ ਸੰਜਮ, ਅਹੰਬੁਧਿ ਮਨੁ ਜਾਰਿਓ ਰੇ॥

(ਗਉੜੀ, ਕਬੀਰ ਜੀ, ਪੰਨਾ ੩੩੫)

ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ॥

ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ॥ ਰਹਾਉ॥

ਮੋਨਿ ਭਇਓ ਕਰਪਾਤੀ ਰਹਿਓ, ਨਗਨ ਫਿਰਿਓ ਬਨ ਮਾਹੀ॥

ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥

(ਸੋਰਠਿ, ਮ: ੫, ਪੰਨਾ ੬੪੧)

ਪ੍ਰਭੂ ਤੋਂ ਬਿਨਾਂ ਹੋਰ ਆਸਰੇ ਦੀ ਭਾਲ ਕਰਨ ਵਾਲੇ ਮਨੁੱਖਾਂ ਦਾ ਜੀਵਨ ਡਰਦਿਆਂ ਬੀਤਦਾ ਹੈ। ਉਹ ਕਮਜ਼ੋਰ ਜੀਵਨ ਵਾਲੇ ਹੋ ਜਾਂਦੇ ਹਨ :

ਮਾਣੁ ਨਿਮਾਣੇ ਤੂੰ ਧਣੀ, ਤੇਰਾ ਭਰਵਾਸਾ॥
ਬਿਨੁ ਸਾਚੇ ਅਨ ਟੇਕ ਹੈ, ਸੋ ਜਾਣਹੁ ਕਾਚਾ॥

(ਆਸਾ, ਮ: ੫, ਪੰਨਾ ੩੯੬)

ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਪ੍ਰਭੂ ਦੇ ਬਿਨਾਂ ਕਿਸੇ ਹੋਰ ਆਸਰੇ ਦੀ ਝਾਕ ਐਸੀ ਭੈੜੀ ਮਤਿ ਹੈ ਜਿਸ ਦੇ ਦਬਾਉ ਹੇਠ ਜੀਵ ਦਾ ਸਰੀਰ ਕਾਮ-ਕ੍ਰੋਧ ਆਦਿ ਵਿੱਚ ਗਲਦਾ ਰਹਿੰਦਾ ਹੈ। ਉਹ ਸਦਾ ਅਸ਼ਾਂਤ ਰਹਿੰਦਾ ਹੈ, ਉਸ ਨੂੰ ਸੁਖ ਕਿਤੇ ਨਹੀਂ ਮਿਲਦਾ :

ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ, ਬਿਨੁ ਪਿਰ ਨੀਦ ਨ ਪਾਈ ਹੇ॥

(ਮਾਰੂ, ਮ: ੧, ਪੰਨਾ ੧੦੨੨)

ਗਣਤ ਗਣੀਐ ਸਹਸਾ ਜੀਐ॥ ਕਿਉ ਸੁਖੁ ਪਾਵੈ ਦੂਐ ਤੀਐ॥
ਨਿਰਮਲੁ ਏਕੁ ਨਿਰੰਜਨੁ ਦਾਤਾ, ਗੁਰ ਪੂਰੇ ਤੇ ਪਤਿ ਪਾਈ ਹੇ॥

(ਮਾਰੂ, ਮ: ੧, ਪੰਨਾ ੧੦੨੩)

ਐਸੇ ਮਨੁੱਖ ਪਰਮਾਤਮਾ ਦੇ ਚੋਰ ਅਤੇ ਆਤਮਘਾਤੀ ਹਨ 'ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮਘਾਤੀ ਹਰਤੇ'। ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨੀ ਕਾਗਜ਼ ਦੀ ਬੇੜੀ ਤੇ ਚੜ੍ਹ ਕੇ ਸਮੁੰਦਰ ਪਾਰ ਕਰਨ ਦੇ ਯਤਨ ਸਮਾਨ ਹੈ।

ਗੁਰਸਿੱਖ ਲਈ ਸੱਚ ਨੂੰ ਧਾਰਨ ਕਰਨਾ ਵਰਤ, ਸੰਤੋਖ-ਤੀਰਥ, ਦਇਆ-ਦੇਵਤਾ ਅਤੇ ਪ੍ਰਭੂ ਦਾ ਧਿਆਨ ਹੀ ਤੀਰਥਾਂ ਦਾ ਇਸ਼ਨਾਨ ਹੈ :

ਸਚੁ ਵਰਤੁ, ਸੰਤੋਖੁ ਤੀਰਥੁ, ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ, ਖਿਮਾ ਜਪਮਾਲੀ, ਤੇ ਮਾਣਸ ਪਰਧਾਨ॥

(ਸਾਰੰਗ ਕੀ ਵਾਰ, ਸਲੋਕ, ਮ: ੧, ਪੰਨਾ ੧੨੪੫)

ਜਦੋਂ ਮਨੁੱਖ ਸਾਰੇ ਦਰ ਛੱਡ ਕੇ ਪਰਮਾਤਮਾ ਦੇ ਦਰ ਤੇ ਆਉਂਦਾ ਹੈ ਤਾਂ ਆਪਣੇ ਅੰਦਰੋਂ ਅਹੰਕਾਰ, ਮੋਹ, ਮਾਣ ਅਤੇ ਆਪਾ-ਭਾਵ ਤਿਆਗ ਕੇ ਪ੍ਰਭੂ ਅੱਗੇ

ਢਹਿ ਪੈਂਦਾ ਹੈ। ਉਹ ਪਰਮਾਤਮਾ ਦੀ ਰਜ਼ਾ ਨੂੰ ਮੰਨਦਾ ਹੈ। ਜਿਵੇਂ ਪਰਮਾਤਮਾ ਰੱਖਦਾ ਹੈ, ਰਹਿੰਦਾ ਹੈ; ਕੇਵਲ ਸਿਰਜਣਹਾਰ ਅੱਗੇ ਹੀ ਅਰਦਾਸ ਕਰਦਾ ਹੈ, ਕਿਸੇ ਹੋਰ ਥਾਂ ਦੀ ਭਾਲ ਨਹੀਂ ਕਰਦਾ। ਉਸ ਦਾ ਪਿਆਰ ਪਰਮਾਤਮਾ ਨਾਲ ਬਣ ਜਾਂਦਾ ਹੈ। ਜਿਸ ਦੇ ਮਨ ਵਿੱਚ ਪ੍ਰਭੂ ਲਈ ਅਟੁੱਟ ਸ਼ਰਧਾ ਬਣ ਜਾਂਦੀ ਹੈ, ਪ੍ਰਭੂ ਦੀ ਸਿਫਤਿ ਸਲਾਹ ਕਰਦੇ ਹੋਏ ਉਸ ਦੇ ਅੰਦਰ ਆਤਮਿਕ ਆਨੰਦ ਬਣਿਆ ਰਹਿੰਦਾ ਹੈ :

ਜਿਨ ਕੈ ਮਨਿ ਸਾਚਾ ਬਿਸ੍ਵਾਸੁ॥

ਪੇਖਿ ਪੇਖਿ ਸੁਆਮੀ ਕੀ ਸੋਭਾ ਆਨਦੁ ਸਦਾ ਉਲਾਸੁ॥ਰਹਾਉ॥

(ਧਨਾਸਰੀ, ਮ: ੫, ਪੰਨਾ ੬੭੭)

ਇੱਕ ਪ੍ਰਭੂ ਨੂੰ ਸਿਮਰਨ ਨਾਲ ਆਤਮਿਕ ਅਡੋਲਤਾ ਬਣੀ ਰਹਿੰਦੀ ਹੈ। ਅਸਲੀ ਜੀਵਨ ਦਾ ਦਰਜਾ ਹਾਸਿਲ ਹੁੰਦਾ ਹੈ :

ਜੀਵਨ ਪਦੁ ਨਿਰਬਾਣੁ, ਇਕੋ ਸਿਮਰੀਐ॥

ਦੂਜੀ ਨਾਹੀ ਜਾਇ, ਕਿਨਿ ਬਿਧਿ ਧੀਰੀਐ॥

(ਮ: ੫, ਪੰਨਾ ੩੨੨)

ਜਿਸ ਮਨੁੱਖ ਨੂੰ ਸਤਿਗੁਰੂ ਨੇ ਇੱਕ ਪਰਮਾਤਮਾ ਦੀ ਸਮਝ ਬਖਸ਼ ਦਿੱਤੀ, ਉਸ ਨੂੰ ਪ੍ਰਭੂ ਤੋਂ ਬਿਨਾਂ ਕੋਈ ਹੋਰ ਦੂਜਾ ਕਿਤੇ ਵਸਦਾ ਨਹੀਂ ਸੁਝਦਾ। ਕਰੋੜਾਂ ਜਨਮਾਂ ਦੇ ਪਾਪਾਂ ਦਾ ਨਾਸ਼ ਕਰਨ ਵਾਲਾ ਸਦਾ ਥਿਰ ਪ੍ਰਭੂ ਹੀ ਉਸ ਨੂੰ ਆਪਣੇ ਮਨ ਵਿੱਚ ਪਿਆਰਾ ਲਗਦਾ ਹੈ :

ਕੋਟਿ ਕੋਟੰਤਰ ਕੇ ਪਾਪ ਬਿਨਾਸਨ, ਹਰਿ ਸਾਚਾ ਮਨਿ ਭਾਇਆ॥

ਹਰਿ ਬਿਨੁ ਅਵਰੁ ਨ ਸੂਝੈ ਦੂਜਾ, ਸਤਿਗੁਰਿ ਏਕੁ ਬੁਝਾਇਆ॥

(ਸਾਰਗ, ਮ: ੩, ਪੰਨਾ ੧੨੩੪)

ਗੁਰੂ ਨੂੰ ਮੰਨਣ ਦੇ ਨਾਲ ਗੁਰੂ-ਸ਼ਬਦ ਦੀ ਕਮਾਈ ਵੀ ਜ਼ਰੂਰੀ ਹੈ। ਜਿਹੜਾ ਮਨੁੱਖ ਗੁਰ-ਸ਼ਬਦ ਅਨੁਸਾਰ ਜੀਵਨ ਦੀ ਘਾੜਤ ਘੜਦਾ ਹੈ, ਉਸ ਨੂੰ ਪਰਮਾਤਮਾ ਉੱਤੇ ਵਿਸ਼ਵਾਸ ਹੁੰਦਾ ਹੈ। ਪਰਮਾਤਮਾ ਤੇ ਵਿਸ਼ਵਾਸ ਨਾ ਕਰਨ ਵਾਲਾ ਅਹੰਕਾਰ ਵਿੱਚ ਸੜਦਾ ਰਹਿੰਦਾ ਹੈ। ਜਿਹੜਾ ਗੁਰੂ ਦਾ ਸ਼ਬਦ ਵਿਚਾਰਦਾ ਹੈ, ਉਸ ਦੀ ਹਉਮੈ ਦੂਰ ਹੋ ਜਾਂਦੀ ਹੈ, ਉਹ ਭਟਕਣਾ ਵਿੱਚ ਪਾਉਣ ਵਾਲੀ ਆਪਣੀ ਹੋਛੀ ਮਤਿ ਤਿਆਗ ਦਿੰਦਾ ਹੈ ਅਤੇ ਕਾਮਾਦਿਕ ਪੰਜਾਂ ਵੈਰੀਆਂ ਦਾ ਨਾਸ਼ ਕਰ ਲੈਂਦਾ ਹੈ, ਜਦੋਂ ਪ੍ਰਭੂ ਦੀ ਹੋਂਦ ਤੇ ਸਿਦਕ ਬੱਝ ਜਾਵੇ ਤਾਂ ਹਿਰਦੇ ਵਿੱਚ ਹੀ ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ। ਤੀਰਥਾਂ ਆਦਿ ਤੇ ਜਾਣ ਦੀ ਲੋੜ ਨਹੀਂ ਪੈਂਦੀ, **'ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ, ਤਾਂ ਘਰ ਹੀ ਪਰਚਾ ਪਾਇ'**। ਜਦੋਂ ਪ੍ਰਤੀਤ ਪ੍ਰਬਲ ਹੁੰਦਾ ਹੈ ਤਾਂ ਪਰਮਾਤਮਾ ਹੀ ਸਾਥੀ, ਮਿੱਤਰ, ਪ੍ਰੀਤਮ ਆਦਿ ਭਾਸਦਾ ਹੈ। ਪ੍ਰਮਾਤਮਾ ਤੇ ਭਰੋਸਾ ਰੱਖਣਾ ਹੀ ਉਸ ਅੱਗੇ ਸਿਰ ਨਿਵਾਉਣਾ ਅਤੇ ਆਪਦੇ ਆਪ ਨੂੰ ਰੱਬ ਨਾਲ ਜੋੜਨਾ

ਹੈ। ਇਸ ਨੂੰ ਹੀ ਜ਼ਿੰਦਗੀ ਦਾ ਸਹੀ ਨਿਸ਼ਾਨਾ ਬਣਾਉਣਾ ਚਾਹੀਦਾ ਹੈ। ਐਸੇ ਮਨੁੱਖ ਨੂੰ ਹੀ ਸਭ ਪਾਸੇ ਪਰਮਾਤਮਾ ਦਿਸਦਾ ਹੈ :

ਸਰੈ ਸਰੀਅਤਿ ਕਰਹਿ ਬੀਚਾਰੁ ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥
ਸਿਦਕੁ ਕਰਿ ਸਿਜਦਾ, ਮਨੁ ਕਰਿ ਮਖਸੂਦੁ ॥
ਜਿਹ ਧਿਰਿ ਦੇਖਾ, ਤਿਹ ਧਿਰਿ ਮਉਜੂਦੁ ॥

(ਸਿਰੀਰਾਗ ਕੀ ਵਾਰ, ਸਲੋਕ, 2: ੧, ਪੰਨਾ ੮੪)

ਜਿਹੜਾ ਮਨੁੱਖ ਹਿਰਦੇ ਵਿੱਚ ਪਰਮਾਤਮਾ ਦੇ ਪ੍ਰਤੀ ਡਰ, ਅਕਬ ਅਤੇ ਭਰੋਸਾ ਰੱਖ ਕੇ ਸਾਰੇ ਆਸਰੇ ਛੱਡ ਕੇ ਸਿਰਜਣਹਾਰ ਦੀ ਓਟ ਲੈਂਦਾ ਹੈ, ਉਹ ਡੋਲਦਾ ਨਹੀਂ। ਕਬੀਰ ਜੀ ਦਾ ਕਥਨ ਹੈ :

ਤੂੰ ਮੇਰੋ ਮੇਰੁ ਪਰਬਤੁ ਸੁਆਮੀ, ਓਟ ਗਹੀ ਮੈ ਤੇਰੀ ॥
ਨਾ ਤੁਮ ਡੋਲਹੁ, ਨਾ ਹਮ ਗਿਰਤੇ, ਰਖਿ ਲੀਨੀ ਹਰਿ ਮੇਰੀ ॥

(ਰਾਮਕਲੀ, ਕਬੀਰ ਜੀਉ, ਪੰਨਾ ੯੬੯)

ਉਹ ਗੰਭੀਰ ਸੁਭਾਉ ਗ੍ਰਹਿਣ ਕਰ ਲੈਂਦਾ ਹੈ ਅਤੇ ਮਨੁੱਖਾ ਜੀਵਨ ਦੇ ਫਰਜ਼ ਨੂੰ ਪਛਾਣਦਾ ਹੈ। ਉਸ ਨੂੰ ਕੋਈ ਚਿੰਤਾ ਫਿਕਰ ਨਹੀਂ ਰਹਿ ਜਾਂਦਾ। ਪਰਮਾਤਮਾ ਉਸ ਨੂੰ ਵਿਕਾਰਾਂ ਦੀ ਮਾਰ ਤੋਂ ਬਚਾ ਲੈਂਦਾ ਹੈ। ਉਸ ਨੂੰ ਦੁੱਖ ਰੂਪੀ ਤੱਤੀ ਹਵਾ ਨਹੀਂ ਲੱਗਦੀ:

ਜਾ ਕਉ ਟੇਕ ਤੁਮ੍ਹਾਰੀ ਸੁਆਮੀ, ਤਾ ਕਉ ਨਾਹੀ ਚਿੰਤਾ ॥
ਜਾ ਕਉ ਦਇਆ ਤੁਮਾਰੀ ਹੋਈ, ਸੇ ਸਾਹ ਭਲੇ ਭਗਵੰਤਾ ॥

(ਆਸਾ, ਮ: ੫, ਪੰਨਾ ੩੮੦)

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥

(ਬਿਲਾਵਲੁ, ਮ: ੫, ਪੰਨਾ ੮੧੯)

ਸਾਰੇ ਭਰਮ ਤਿਆਗ ਕੇ ਪਰਮਾਤਮਾ ਦਾ ਸਹਾਰਾ ਲੈਣ ਵਾਲਾ ਇਹ ਸਮਝ ਜਾਂਦਾ ਹੈ ਕਿ ਇਹੀ ਸ੍ਰੇਸ਼ਟ ਧਰਮ ਹੈ। ਗੁਰਵਾਕ ਹੈ :

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥
ਕਹੁ ਨਾਨਕ ਅਟਲ ਇਹੁ ਧਰਮੁ ॥ (ਗਉੜੀ, ਮ: ੫, ਪੰਨਾ ੧੯੬)

ਪਰਮਾਤਮਾ ਦਾ ਆਸਰਾ ਹੀ ਜੀਵਨ ਦਾ ਸਹੀ ਰਸਤਾ ਹੈ। ਇਸ ਲਈ ਦਰ-ਦਰ ਤੇ ਭਟਕਣਾ ਛੱਡ ਕੇ, ਬਣਾਉਟੀ ਗੁਰੂਆਂ, ਸਾਧੂਆਂ, ਫਕੀਰਾਂ, ਤਵੀਤ, ਮੰਤਰ, ਕਰਮ-ਕਾਂਡ ਆਦਿ ਦੇ ਜਾਲ ਵਿੱਚ ਨਾ ਫਸਦੇ ਹੋਏ ਕੇਵਲ ਇੱਕ

ਪਰਮਾਤਮਾ ਦੀ ਹੀ ਸ਼ਰਨ ਲੈਣੀ ਚਾਹੀਦੀ ਹੈ। ਇਹੀ ਸਾਰੇ ਸੁਖਾਂ ਦਾ ਮੂਲ ਹੈ :

ਤਿਆਗਹੁ ਸਗਲ ਉਪਾਵ, ਤਿਸ ਕੀ ਓਟ ਗਹੁ॥
ਪਉ ਸਰਣਾਈ ਭਜਿ, ਸੁਖੀ ਹੂੰ ਸੁਖ ਲਹੁ॥

(ਗੂਜਰੀ ਕੀ ਵਾਰ, ਮ: ੫, ਪੰਨਾ ੫੨੧)

ਏਕੋ ਸੇਵਹੁ ਅਵਰੁ ਨ ਕੋਇ॥
ਜਿਤੁ ਸੇਵਿਐ ਸਦਾ ਸੁਖੁ ਹੋਇ॥
ਨਾ ਓਹੁ ਮਰੈ ਨ ਆਵੈ ਜਾਇ॥
ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ॥

(ਬਸੰਤ, ਮ: ੩, ਪੰਨਾ ੧੧੭੪)

ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨ ਵਾਲੇ ਆਤਮਿਕ ਜੀਵਨ ਤੋਂ ਸੱਖਣੇ, ਮਨਮੁਖ ਅਤੇ ਮੂਰਖ ਹਨ :

ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ॥

(ਪ੍ਰਭਾਤੀ, ਮ: ੩, ਪੰਨਾ ੧੩੪੬)

☬

ਜਾ ਕੈ ਹਰਿ ਧਨੁ ਸੋਈ ਸੁਹੇਲਾ

ਹਰੇਕ ਮਨੁੱਖ ਸੁਖ ਪ੍ਰਾਪਤ ਕਰਨਾ ਚਾਹੁੰਦਾ ਹੈ। ਸੁਖ ਪ੍ਰਾਪਤੀ ਲਈ ਅਨੇਕ ਹੀਲੇ ਕਰਦਾ ਹੈ, ਪਰ 'ਸੁਖ' ਕਿਵੇਂ ਪ੍ਰਾਪਤ ਹੋ ਸਕਦਾ ਹੈ, ਇਹ ਨਾ ਜਾਣਦਾ ਹੋਇਆ ਧਨ ਅਤੇ ਭੌਤਿਕ ਸੁਖ ਦੇ ਸਾਧਨਾਂ ਨੂੰ ਹੀ ਮਾਨਸਿਕ ਸ਼ਾਂਤੀ ਦਾ ਆਧਾਰ ਸਮਝਦਾ ਹੋਇਆ 'ਧਨ' ਇਕੱਠਾ ਕਰਨਾ ਹੀ ਜੀਵਨ ਦਾ ਉਦੇਸ਼ ਬਣਾ ਲੈਂਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਦੁਨਿਆਵੀ ਧਨ ਸੁਖ ਦਾ ਆਧਾਰ ਨਹੀਂ ਹੈ। ਜੀਵਨ ਮਾਰਗ ਤੇ ਚੱਲਣ ਲਈ ਧਨ ਜ਼ਰੂਰੀ ਹੈ ਪਰ ਉਤਨਾ ਹੀ ਸੁਖਦਾਇਕ ਹੈ ਜਿਤਨਾ ਆਪਣੀ ਮਿਹਨਤ ਨਾਲ ਉਚਿਤ ਸਾਧਨਾ ਦੁਆਰਾ ਪ੍ਰਭੂ ਦੇ ਡਰ ਅਦਬ ਨੂੰ ਹਿਰਦੇ ਵਿੱਚ ਰੱਖ ਕੇ ਪ੍ਰਾਪਤ ਕੀਤਾ ਜਾਵੇ। ਜੇਕਰ ਹਿਰਦੇ ਵਿੱਚ ਸੰਤੋਖ ਨੂੰ ਰੱਖ ਕੇ ਲੋੜ ਅਨੁਸਾਰ ਧਨ ਦੀ ਕਾਮਨਾ ਕੀਤੀ ਜਾਵੇ ਤਾਂ ਇਹ ਸੁਖ, ਸ਼ਾਂਤੀ ਅਤੇ ਮਾਣ ਦਿੰਦਾ ਹੋਇਆ ਹਰਿ-ਧਨ ਪ੍ਰਾਪਤੀ ਦੇ ਰਸਤੇ ਤੇ ਚੱਲਣ ਲਈ ਪ੍ਰੇਰਦਾ ਹੈ। ਮਨੁੱਖ ਆਪਣੇ ਗ੍ਰਿਹਸਥ ਧਰਮ ਦੇ ਫਰਜ਼ ਨੂੰ ਪੂਰਾ ਕਰਦਾ ਹੋਇਆ ਧਨ ਨੂੰ ਇਕੱਠਾ ਕਰਨ ਬਾਰੇ ਸੋਚਦਾ ਰਹਿੰਦਾ ਹੈ ਪਰ ਜਿੱਥੇ ਲੋਭ ਆ ਜਾਂਦਾ ਹੈ ਉੱਥੇ ਮਾਨਸਿਕ ਤਨਾਅ, ਚਿੰਤਾ ਅਤੇ ਭਟਕਣਾ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਮੱਖੀ ਸਿਲ੍ਹੇ ਗੁੜ ਤੇ ਬੈਠ ਕੇ ਉੱਡ ਜਾਵੇ ਤਾਂ ਠੀਕ ਹੈ ਪਰ ਜੇਕਰ ਨਾਲ ਲਿਪਟੀ ਰਹੇ ਤਾਂ ਮਰ ਜਾਂਦੀ ਹੈ। ਠੀਕ ਇਸੇ ਤਰ੍ਹਾਂ ਧਨ ਨਾਲ ਲਿਪਟ ਕੇ ਰਹਿ ਜਾਣਾ ਆਤਮਿਕ ਮੌਤ ਦਾ ਸਾਧਨ ਬਣ ਜਾਂਦਾ ਹੈ। ਧਨ ਪ੍ਰਾਪਤੀ ਦੀ ਅੰਨ੍ਹੀ ਦੌੜ ਲੋਭ ਪੈਦਾ ਕਰਦੀ ਹੈ। ਲੋਭ ਦੇ ਕਾਰਨ ਪਾਪ ਕੀਤੇ ਜਾਂਦੇ ਹਨ। ਫਲਸਰੂਪ ਦੁਖ, ਤਨਾਅ ਅਤੇ ਅਸ਼ਾਂਤੀ ਤੋਂ ਬਿਨਾਂ ਕੁਝ ਨਹੀਂ ਮਿਲਦਾ :

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ॥
ਮੈਲੇ ਕਰਮ ਕਰੇ ਦੁਖੁ ਪਾਏ॥
ਕੂੜੋ ਕੂੜੁ ਕਰੇ ਵਾਪਾਰਾ, ਕੂੜੁ ਬੋਲਿ ਦੁਖੁ ਪਾਇਦਾ॥

(ਮਾਰੂ, ਮ: ੩, ਪੰਨਾ ੧੦੬੨)

ਪਰਮਾਤਮਾ ਦਾ ਨਾਮ ਭੁਲਾ ਕੇ ਮਨੁੱਖ ਮਾਇਆ ਦੇ ਮੋਹ ਦਾ ਜ਼ਹਿਰ ਰੂਪ ਭਾਰ ਹੀ ਸਿਰ ਉੱਤੇ ਇਕੱਠਾ ਕਰਦਾ ਹੈ। ਉਹ ਇਹ ਨਹੀਂ ਸਮਝਦਾ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਸਾਥੀ, ਮਿੱਤਰ ਨਹੀਂ ਬਣਦਾ। ਐਸਾ ਕੋਈ ਨਹੀਂ ਹੈ ਜਿਹੜਾ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਦਿਵਾ ਦੇਵੇ, ਚੰਚਲਤਾ ਅਤੇ ਭਟਕਣ ਤੋਂ ਬਚਾ ਲਵੇ, ਕਾਮ, ਕ੍ਰੋਧ, ਲੋਭ ਆਦਿ ਜ਼ਹਿਰ ਨੂੰ ਹਿਰ੍ਹਦੇ ਵਿੱਚ ਇਕੱਠਾ ਹੋਣ ਤੋਂ ਰੋਕ ਸਕੇ :

ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ॥
ਕਾਮਿ ਕਰੋਧਿ ਜਲੈ ਸਭੁ ਕੋਈ॥ (ਮਾਰੂ, ਮ: ੩, ਪੰਨਾ ੧੦੬੨)

ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ॥
ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ॥੧॥
ਹੈ ਕੋਊ ਐਸੋ ਹਮਰਾ ਮੀਤੁ॥
ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ॥੧॥ਰਹਾਉ॥

(ਧਨਾਸਰੀ, ਮ: ੧, ਪੰਨਾ ੬੭੪)

ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਦੀ ਸਿਰਿ ਭਾਰਾ॥

(ਧਨਾਸਰੀ, ਮ: ੫, ਪੰਨਾ ੬੯੯)

ਕਾਮ, ਕ੍ਰੋਧ ਆਦਿ ਵਿਕਾਰ ਦੁਖ ਦਾ ਕਾਰਨ ਬਣਦੇ ਹਨ। ਇਹ ਸਾਰੀ ਸ੍ਰਿਸ਼ਟੀ ਨੂੰ ਵੱਸ ਵਿੱਚ ਰੱਖਦੇ ਹਨ, ਪਰ ਪ੍ਰਭੂ ਦੀ ਬੰਦਗੀ ਕਰਨ ਵਾਲਿਆਂ ਦੇ ਇਹ ਨੌਕਰ ਹੋ ਕੇ ਰਹਿੰਦੇ ਹਨ। ਭਾਵ ਜਿਨ੍ਹਾਂ ਕੋਲ ਨਾਮ ਰੂਪੀ ਧਨ ਹੁੰਦਾ ਹੈ ਉਹ ਇਹਨਾਂ ਵਿਕਾਰਾਂ ਨੂੰ ਵੱਸ ਵਿੱਚ ਕਰ ਲੈਂਦੇ ਹਨ :

ਸਗਲ ਸ੍ਰਿਸਟਿ ਕੇ ਪੰਚ ਸਿਕਦਾਰ॥ ਰਾਮ ਭਗਤ ਕੇ ਪਾਨੀਹਾਰ॥

(ਗੋਂਡ, ਮ: ੫, ਪੰਨਾ ੮੬੫)

ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਹੇ ਭਾਈ! ਕਾਮ ਤੇ ਕ੍ਰੋਧ ਜ਼ਹਿਰ ਹੈ ਜੋ ਆਤਮਿਕ ਜੀਵਨ ਨੂੰ ਮੁਕਾ ਦਿੰਦਾ ਹੈ। ਇਹ ਮਾਨੋ ਇੱਕ ਕਰੜਾ ਬੋਝ ਹੈ ਜਿਸ ਦੇ ਹੇਠ ਆਤਮਿਕ ਜੀਵਨ ਮਾਨੋ ਘੁੱਟ ਕੇ ਮਰ ਜਾਂਦਾ ਹੈ। ਗੁਣਾ ਵਾਲਾ ਆਚਰਣ ਹੀ ਆਤਮਿਕ ਮੌਤ ਤੋਂ ਬਚਾ ਸਕਦਾ ਹੈ। ਇਹ ਆਚਰਣ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਕਦੇ ਬਣ ਹੀ ਨਹੀਂ ਸਕਦਾ :

ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥
ਨਾਮ ਬਿਨਾ ਕੈਸੇ ਗੁਨ ਚਾਰੁ॥ (ਬਸੰਤੁ, ਮ: ੧, ਪੰਨਾ ੧੧੮੭)

ਨਾਮ ਦੇ ਬਲ ਨਾਲ ਤ੍ਰਿਸ਼ਨਾ ਮਿਟ ਜਾਂਦੀ ਹੈ, ਅੰਦਰੋਂ ਗ਼ਮ ਅਤੇ ਕਲੇਸ਼ ਮੁੱਕ ਜਾਂਦੇ ਹਨ। ਦਸੇ ਇੰਦ੍ਰੇ ਵੱਸ ਵਿੱਚ ਆ ਜਾਂਦੇ ਹਨ। ਪ੍ਰਭੂ ਦੇ ਗੁਣ ਗਾਉਂਦਿਆਂ ਮਨ ਅਤੇ ਤਨ ਤ੍ਰਿਸ਼ਨਾ ਵੱਲੋਂ ਰੱਜ ਜਾਂਦੇ ਹਨ। ਗੁਰਵਾਕ ਹਨ :

ਤ੍ਰਿਸਨਾ ਬੁਝੀ ਪੂਰਨ ਸਭ ਆਸਾ, ਚੂਕੇ ਸੋਗ ਸੰਤਾਪ॥
ਗੁਣ ਗਾਵਤ ਅਚੁਤ ਅਬਿਨਾਸੀ, ਮਨ ਤਨ ਆਤਮ ਧ੍ਰਾਪ॥

(ਸਾਰਗ, ਮ: ੫, ਪੰਨਾ ੧੨੨੩)

ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ॥
ਸਤਰਿ ਦੋਇ ਭਰੇ ਅੰਮ੍ਰਿਤ ਸਰਿ, ਬਿਖੁ ਕਉ ਮਾਰਿ ਕਢਾਵਉ॥

(ਧਨਾਸਰੀ, ਬਾਣੀ ਭਗਤ ਨਾਮਦੇਵ ਜੀ, ਪੰਨਾ ੬੯੩)

ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ, ਨਾਨਕ ਤ੍ਰਿਪਤਿ ਅਘਾਈ॥

(ਧਨਾਸਰੀ, ਮ: ੫, ਪੰਨਾ ੬੭੩)

ਗੁਰੂ ਅਰਜੁਨ ਦੇਵ ਜੀ ਅਨੁਸਾਰ ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਦੇ ਰਸ ਵਿੱਚ ਟਿਕਿਆ ਰਹਿੰਦਾ ਹੈ, ਪ੍ਰਭੂ ਦੇ ਪ੍ਰੇਮ ਵਿੱਚ ਮਸ੍ਤ ਰਹਿੰਦਾ ਹੈ, ਪ੍ਰਭੂ ਦੀ ਸ਼ਰਨ ਪਿਆ ਰਹਿੰਦਾ ਹੈ, ਉਹ ਸਦਾ ਆਤਮਿਕ ਆਨੰਦ ਵਿੱਚ ਮਸਤ ਰਹਿੰਦਾ ਹੈ। ਉਸ ਦੇ ਅੰਦਰੋਂ ਕਾਮ, ਕ੍ਰੋਧ, ਅਹੰਕਾਰ ਦੀ ਮਸਤੀ, ਮੋਹ, ਹੋਰ ਹੋਰ ਪਦਾਰਥਾਂ ਦੇ ਚਸਕੇ ਸਭ ਨਾਸ਼ ਹੋ ਜਾਂਦੇ ਹਨ :

ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ॥

ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ॥

(ਬਿਲਾਵਲੁ, ਮ: ੫, ਪੰਨਾ ੮੧੮)

ਜਿਹੜਾ ਮਨੁੱਖ ਸਦਾ ਮਾਇਆ ਦੀਆਂ ਗਿਣਤੀਆਂ ਗਿਣਤਾ ਰਹਿੰਦਾ ਹੈ, ਉਹ ਤ੍ਰਿਸ਼ਨਾ ਦੀ ਅੱਗ ਵਿੱਚ ਸੜਦਾ ਰਹਿੰਦਾ ਹੈ ਅਤੇ ਦੁਖੀ ਹੁੰਦਾ ਹੈ :

ਗਣਤ ਗਣੈ ਸੋ ਜਲੈ ਸੰਸਾਰਾ॥ ਸਹਸਾ ਮੂਲਿ ਨ ਚੁਕੈ ਵਿਕਾਰਾ॥

ਗੁਰਮੁਖਿ ਹੋਵੈ ਸੁ ਗਣਤ ਚੁਕਾਏ, ਸਚੇ ਸਚਿ ਸਮਾਇਦਾ॥

(ਮਾਰੂ, ਮ: ੩, ਪੰਨਾ ੧੦੬੨)

ਸੋਨਾ, ਚਾਂਦੀ ਆਦਿ ਧਨ ਹੋਛੇ ਪਦਾਰਥ ਹਨ, ਦੁਖਦਾਈ ਹਨ। ਜਿਹੜਾ ਮਨੁੱਖ ਇਹ ਧਨ ਜੋੜ ਕੇ ਆਪਣੇ ਆਪ ਨੂੰ ਸ਼ਾਹ ਸਮਝਦਾ ਹੈ, ਉਹ ਮੇਰ-ਤੇਰ ਵਿੱਚ ਪਿਆ ਹੋਇਆ ਦੁਖੀ ਹੀ ਹੁੰਦਾ ਹੈ :

ਸੁਇਨਾ ਰੁਪਾ ਸੰਚੀਐ, ਧਨੁ ਕਾਚਾ ਬਿਖੁ ਛਾਰੁ॥

ਸਾਹੁ ਸਦਾਏ ਸੰਚਿ ਧਨੁ, ਦੁਬਿਧਾ ਹੋਇ ਖੁਆਰੁ॥

(ਓਅੰਕਾਰੁ, ਪੰਨਾ ੯੩੭)

ਮਨੁੱਖਾ ਜਨਮ ਬੜੇ ਪੁੰਨ ਤੋਂ ਬਾਅਦ ਮਿਲਦਾ ਹੈ। ਇਸ ਜੀਵਨ ਨੂੰ ਪ੍ਰਾਪਤ ਕਰਕੇ ਵੀ ਜੇਕਰ ਵਿਹੁ ਰੂਪ ਧਨ ਇਕੱਠਾ ਕਰਨ, ਖਾਣ-ਪੀਣ, ਹੱਸਣ ਅਤੇ ਸੌਣ ਵਿੱਚ ਬਿਤਾ ਲਿਆ ਤਾਂ ਮਨੁੱਖ ਅਤੇ ਪਸ਼ੂ ਵਿੱਚ ਕੋਈ ਭੇਦ ਨਹੀਂ ਰਹਿ ਜਾਂਦਾ। ਇਸ ਜੀਵਨ ਨੂੰ ਪ੍ਰਾਪਤ ਕਰਕੇ ਪਰਮਾਤਮਾ ਦਾ ਨਾਮ ਜਪ ਕੇ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ :

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥

ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥

(ਸੋਰਠਿ, ਮ: ੯, ਪੰਨਾ ੬੩੧)

ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ॥

(ਟੋਡੀ, ਮ: ੫, ਪੰਨਾ ੭੧੭)

ਅਨਦਿਨੁ ਨਾਮੁ ਧਿਆਏ ਸਾਚਾ, ਇਸੁ ਜਗ ਮਹਿ ਨਾਮੋ ਲਾਹਾ ਹੇ॥

(ਮਾਰੂ ਸੋਲਹੇ, ਮ: ੩, ਪੰਨਾ ੧੦੫੩)

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੇ ਘਟ ਜਿਉ ਪਾਨੀ॥

(ਤਿਲੰਗ, ਮ: ੯, ਪੰਨਾ ੭੨੬)

ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਪ੍ਰਭੂ ਦਾ ਨਾਮ ਜਪਣ ਤੋਂ ਵਾਂਝੇ ਰਹਿੰਦੇ ਮਨੁੱਖ ਦਾ ਜਗਤ ਵਿੱਚ ਜਨਮ ਲੈਣਾ ਵਿਅਰਥ ਹੋ ਜਾਂਦਾ ਹੈ। ਜਿਹੜਾ ਮਨੁੱਖ ਵਿਸ਼ਿਆਂ ਦੀ ਜ਼ਹਿਰ ਖਾਂਦਾ ਰਹਿੰਦਾ ਹੈ, ਵਿਸ਼ਿਆਂ ਦੀਆਂ ਹੀ ਨਿੱਤ ਗੱਲਾਂ ਕਰਦਾ ਰਹਿੰਦਾ ਹੈ ਤੇ ਪ੍ਰਭੂ ਸਿਮਰਨ ਤੋਂ ਖਾਲੀ ਰਹਿੰਦਾ ਹੈ, ਉਸ ਦੀ ਜ਼ਿੰਦਗੀ ਵਿਅਰਥ ਬੀਤ ਜਾਂਦੀ ਹੈ। ਉਸ ਸਦਾ ਭਟਕਦਾ ਰਹਿੰਦਾ ਹੈ :

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥
ਬਿਖੁ ਖਾਵੈ ਬਿਖੁ ਬੋਲੀ ਬੋਲੈ, ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥

(ਭੈਰਉ, ਮ: ੧, ਪੰਨਾ ੧੧੨੭)

ਦੁਨਿਆਵੀ ਧਨ ਦੀ ਤੁਲਨਾ ਵਿੱਚ ਨਾਮ-ਧਨ ਅਮੁੱਲ ਹੈ। ਇਹ ਕਦੇ ਸਾਥ ਨਹੀਂ ਛੱਡਦਾ। ਇਸ ਵਿੱਚ ਕਦੇ ਘਾਟਾ ਨਹੀਂ ਪੈਂਦਾ :

ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ॥
ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ॥
ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ॥

(ਗੂਜਰੀ ਕੀ ਵਾਰ, ਮ: ੩, ਪੰਨਾ ੫੧੧)

ਇਸ ਧਨ ਨੂੰ ਪ੍ਰਾਪਤ ਕਰਕੇ ਮਨੁੱਖ ਸੁਖੀ ਹੋ ਜਾਂਦਾ ਹੈ। ਮਨ ਦੁਨਿਆਵੀ ਧਨ ਦੀ ਲਾਲਸਾ ਵੱਲੋਂ ਰੱਜਿਆ ਰਹਿੰਦਾ ਹੈ। ਜਿਸ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਧਨ ਇਕੱਠਾ ਹੋ ਜਾਂਦਾ ਹੈ ਉਸ ਨੂੰ ਕਿਸੇ ਤਰ੍ਹਾਂ ਦੀ ਚਿੰਤਾ, ਫਿਕਰ ਅਤੇ ਭਟਕਣਾ ਨਹੀਂ ਰਹਿ ਜਾਂਦੀ :

ਏ ਮਨ ਇਹੁ ਧਨੁ ਨਾਮੁ ਹੈ, ਜਿਤੁ ਸਦਾ ਸਦਾ ਸੁਖੁ ਹੋਇ॥
ਤੋਟਾ ਮੂਲਿ ਨ ਆਵਈ, ਲਾਹਾ ਸਦ ਹੀ ਹੋਇ॥
ਖਾਧੈ ਖਰਚਿਐ ਤੋਟਿ ਨ ਆਵਈ, ਸਦਾ ਸਦਾ ਓਹੁ ਦੇਇ॥
ਸਹਸਾ ਮੂਲਿ ਨ ਹੋਵਈ, ਹਾਣਤ ਕਦੇ ਨ ਹੋਇ॥

(ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ ੫੫੫)

ਐਸਾ ਹਰਿ ਧਨੁ ਸੰਚੀਐ ਭਾਈ॥
ਭਾਹਿ ਨ ਜਾਲੈ, ਜਲਿ ਨਹੀ ਡੂਬੈ,
ਸੰਗੁ ਛੋਡਿ ਕਰਿ ਕਤਹੁ ਨ ਜਾਈ॥ ੧ ॥ ਰਹਾਉ॥

(ਆਸਾ, ਮ: ੫, ਪੰਨਾ ੩੭੫)

ਹਰਿ ਧਨ ਮੇਰੀ ਚਿੰਤ ਵਿਸਾਰੀ, ਹਰਿ ਧਨਿ ਲਾਹਿਆ ਧੋਖਾ॥
ਹਰਿ ਧਨ ਤੇ ਮੈ ਨਵ ਨਿਧਿ ਪਾਈ, ਹਾਥਿ ਚਰਿਓ ਹਰਿ ਥੋਕਾ॥

(ਗੂਜਰੀ, ਮ: ੫, ਪੰਨਾ ੪੯੬)

ਦੁਨੀਆਂ ਦੇ ਪਦਾਰਥਾਂ ਦਾ ਕੀ ਮਾਣ? ਪਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਸਰਮਾਇਆ ਝੂਠਾ ਹੈ :

ਹਰਿ ਬਿਨੁ ਹੋਰ ਰਾਸਿ ਕੂੜੀ ਹੈ, ਚਲਦਿਆ ਨਾਲਿ ਨ ਜਾਈ॥

(ਗੂਜਰੀ, ਮ: ੩, ਪੰਨਾ ੪੯੦)

ਮਨੁੱਖਾ ਜਨਮ ਵਿੱਚ ਪਰਮਾਤਮਾ ਦਾ ਨਾਮ ਹੀ ਅਸਲ ਖਜ਼ਾਨਾ ਹੈ। ਪ੍ਰਮਾਤਮਾ ਦਾ ਨਾਮ ਹੀ ਮਨੁੱਖ ਦੇ ਨਾਲ ਜਾਂਦਾ ਹੈ। ਭਾਵ ਨਾਮ ਦੀ ਬਰਕਤਿ ਨਾਲ ਹੀ ਸਦਾਚਾਰਕ ਉੱਨਤੀ ਹੁੰਦੀ ਹੈ, ਮਨੁੱਖ ਦਾ ਆਚਰਣ ਉੱਚਾ ਹੋ ਜਾਂਦਾ ਹੈ, ਉਹ ਮੰਦੇ ਕਰਮ ਨਹੀਂ ਕਰਦਾ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਮਿਲਦਾ ਹੈ। ਉਸ ਨੂੰ ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਹੋਰ ਕੋਈ ਖਜ਼ਾਨਾ ਮਨੁੱਖ ਦੀ ਇਸ ਤਰ੍ਹਾਂ ਦੀ ਸਹਾਇਤਾ ਨਹੀਂ ਕਰ ਸਕਦਾ। ਭਾਵੇਂ ਲੱਖਾਂ, ਕਰੋੜਾਂ ਦੀ ਜਾਇਦਾਦ ਹੋਵੇ, ਅਨੇਕ ਸਕੇ ਸੰਬੰਧੀ ਹੋਣ, ਪਰ ਆਪਣਾ ਲੇਖਾ ਤਾਂ ਆਪ ਹੀ ਦੇਣਾ ਪੈਂਦਾ ਹੈ।

ਨਾ ਕਰਿ ਆਸ ਮੀਤ ਸੁਤ ਭਾਈ॥
ਨਾ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ॥
ਬਿਨੁ ਹਰਿ ਨਾਵੈ ਕੋ ਬੇਲੀ ਨਾਹੀ, ਹਰਿ ਜਪੀਐ ਸਾਰੰਗਪਾਣੀ ਹੇ॥

(ਮਾਰੂ ਸੋਲਹੇ, ਮ: ੪, ਪੰਨਾ ੧੦੭੦)

ਰੇ ਮਨ ਤਾ ਕਉ ਧਿਆਈਐ, ਸਭ ਬਿਧਿ ਜਾ ਕੈ ਹਾਥਿ॥
ਰਾਮ ਨਾਮ ਧਨੁ ਸੰਚੀਐ, ਨਾਨਕ ਨਿਬਹੈ ਸਾਥਿ॥੩॥
ਛੰਤੁ॥ ਸਾਥੀਅੜਾ ਪ੍ਰਭੁ ਏਕੁ, ਦੂਸਰ ਨਾਹਿ ਕੋਇ॥
ਥਾਨ ਥਨੰਤਰਿ ਆਪਿ, ਜਲਿ ਥਲਿ ਪੂਰ ਸੋਇ॥

(ਜੈਤਸਰੀ, ਮ: ੫, ਪੰਨਾ ੭੦੪)

ਮਨੁੱਖ ਦੇ ਮਨ ਵਾਸਤੇ ਪ੍ਰਭੂ ਦਾ ਨਾਮ ਹੀ ਜੀਵਨ ਸਫਰ ਦਾ ਖਰਚ ਹੈ। ਜਿਹੜਾ ਮਨੁੱਖ ਗੁਰੂ ਦੇ ਦੱਸੇ ਰਸਤੇ ਤੇ ਤੁਰਦਾ ਹੈ ਉਸ ਦੇ ਨਾਲ ਇਹ ਸਦਾ ਰਹਿੰਦਾ ਹੈ :

ਮਨ ਕਾ ਤੋਸਾ ਹਰਿ ਨਾਮ ਹੈ, ਹਿਰਦੈ ਰਖਹੁ ਸਮ੍ਾਲਿ॥
ਏਹੁ ਖਰਚੁ ਅਖੁਟੁ ਹੈ, ਗੁਰਮੁਖਿ ਨਿਬਹੈ ਨਾਲਿ॥

(ਰਾਗ ਸੂਹੀ, ਮ: ੩, ਪੰਨਾ ੭੫੬)

ਜਿਹੜਾ ਮਨੁੱਖ ਨਾਮ ਰੂਪੀ ਧਨ ਦਾ ਵਪਾਰ ਕਰਦਾ ਹੈ ਉਹੀ ਸ਼ਾਹੂਕਾਰ ਹੈ। ਮਨਮੁਖਿ ਇਸ ਵਪਾਰ ਦੀ ਕਦਰ ਨਹੀਂ ਜਾਣਦੇ, ਉਹ ਮਾਇਆ ਦਾ ਸੌਦਾ ਕਰਦੇ ਹਨ, ਮਾਇਆ ਜੋੜਦੇ ਹਨ ਅਤੇ ਮਾਇਆ ਨਾਲ ਹੀ ਪਿਆਰ ਕਰਦੇ ਹਨ ਪਰ ਭਾਵੇਂ ਕਿਤਨੀ ਹੀ ਮਾਇਆ ਜੋੜ ਲੈਣ, ਉਹ ਕੰਗਾਲ ਰਹਿੰਦੇ ਹਨ। ਉਹਨਾਂ ਨੂੰ ਕਦੇ ਸੰਤੋਖ ਨਹੀਂ ਹੁੰਦਾ, ਮਾਇਆ ਵਾਲੀ ਭੁੱਖ ਮਿਟਦੀ ਨਹੀਂ, ਮਨ ਸੁਖ ਦਾ ਅਨੁਭਵ ਨਹੀਂ ਕਰਦਾ, ਕਦੇ ਉਹਨਾਂ ਦਾ ਤੌਖਲਾ ਦੂਰ ਨਹੀਂ ਹੁੰਦਾ :

ਮਨਮੁਖੁ ਜਗਤੁ ਨਿਰਧਨੁ ਹੈ, ਮਾਇਆ ਨੋ ਬਿਲਲਾਇ॥
ਅਨਦਿਨੁ ਫਿਰਦਾ ਸਦਾ ਰਹੈ, ਭੁਖ ਨ ਕਦੇ ਜਾਇ॥
ਸਾਂਤਿ ਨ ਕਦੇ ਆਵਈ, ਨਹ ਸੁਖੁ ਵਸੈ ਮਨਿ ਆਇ॥
ਸਦਾ ਚਿੰਤ ਚਿਤਵਦਾ ਰਹੈ, ਸਹਸਾ ਕਦੇ ਨ ਜਾਇ॥

(ਮਾਰੂ ਵਾਰ, ਮ: ੩, ਸਲੋਕ, ਪੰਨਾ ੧੦੯੨)

ਜਿਵੇਂ ਵੈਰੀਆਂ ਦਾ ਮੁਕਾਬਲਾ ਕਰਨ ਲਈ ਬਹੁਤੀਆਂ ਬਾਹਾਂ, ਬਹੁਤੇ ਭਰਾ, ਮਿੱਤਰ, ਸਾਥੀ ਮਨੁੱਖ ਲਈ ਸਹਾਰਾ ਹੁੰਦੇ ਹਨ ਤਿਵੇਂ ਹੀ ਕਾਮਾਦਿਕ ਵੈਰੀਆਂ ਦਾ ਮੁਕਾਬਲਾ ਕਰਨ ਲਈ ਪ੍ਰਭੂ ਦਾ ਨਾਮ ਮਾਨੋ ਲੱਖਾਂ, ਕਰੋੜਾਂ ਬਾਹਾਂ ਸਮਾਨ ਹੈ। ਪਰਮਾਤਮਾ ਦੀ ਸਿਫਤਿ ਸਾਲਾਹ ਰੂਪ ਧਨ ਉਸ ਕੋਲ ਹੈ, ਜਿਸ ਮਨੁੱਖ ਤੇ ਕਿਰਪਾ ਕਰਕੇ ਪਰਮਾਤਮਾ ਉਸ ਨੂੰ ਆਤਮਿਕ ਜੀਵਨ ਦੀ ਸੂਝ ਰੂਪ ਤਲਵਾਰ ਦਿੰਦਾ ਹੈ ਉਹ ਮਨੁੱਖ ਕਾਮ ਕ੍ਰੋਧਾਦਿਕ ਵੈਰੀਆਂ ਨੂੰ ਖਤਮ ਕਰ ਲੈਂਦਾ ਹੈ :

ਹਰਿ ਕਾ ਨਾਮੁ ਕੋਟਿ ਲਖ ਬਾਹਾ॥
ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ॥
ਗਿਆਨ ਖੜਗੁ ਕਰਿ ਕਿਰਪਾ ਦੀਨਾ,
ਦੂਤ ਮਾਰੇ ਕਰਿ ਧਾਈ ਹੇ॥੯॥
ਹਰਿ ਕਾ ਜਾਪੁ ਜਪਹੁ ਜਪੁ ਜਪਨੇ॥
ਜੀਤਿ ਆਵਹੁ ਵਸਹੁ ਘਰਿ ਅਪਨੇ॥
ਲਖ ਚਉਰਾਸੀਹ ਨਰਕ ਨ ਦੇਖਹੁ, ਰਸਕਿ ਰਸਕਿ
ਗੁਣ ਗਾਈ ਹੇ॥੧੦॥

(ਮਾਰੂ ਸੋਲਹੇ, ਮ: ੫, ਪੰਨਾ ੧੦੭੨)

ਪਰਮਾਤਮਾ ਦਾ ਨਾਮ ਸ਼ੀਤਲਤਾ ਦੇਣ ਵਾਲਾ ਜਲ ਹੈ। ਇਹ ਨਾਮ ਚੰਦਨ

ਦੀ ਸੁਗੰਧੀ ਸਮਾਨ ਹੈ। ਜਿਵੇ ਅਰਿੰਡ ਤੇ ਪਲਾਹ ਵਰਗੇ ਰੁੱਖ ਚੰਦਨ ਦੀ ਸੰਗਤਿ ਨਾਲ ਸੁਗੰਧਿਤ ਹੋ ਜਾਂਦੇ ਹਨ ਤਿਵੇਂ ਹੀ ਨਾਮ ਦੀ ਬਰਕਤਿ ਨਾਲ ਗੁਣਹੀਨ ਮਨੁੱਖ ਉੱਚੇ ਜੀਵਨ ਵਾਲੇ ਬਣ ਜਾਂਦੇ ਹਨ :

ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ,
ਹਰਿ ਚੰਦਨ ਵਾਸੁ ਸੁਗੰਧ ਗੰਧਈਆ॥
ਮਿਲਿ ਸਤ ਸੰਗਤਿ ਪਰਮ ਪਦੁ ਪਾਇਆ,
ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ॥

(ਬਿਲਾਵਲੁ, ਮ: ੪, ਪੰਨਾ ੮੩੩)

ਨਾਮ ਸਿਮਰਨ ਨਾਲ ਮਨੁੱਖ ਦੇ ਅੰਦਰ ਗੁਣ ਪੈਦਾ ਹੋ ਜਾਂਦੇ ਹਨ। ਔਗੁਣਾ ਦਾ ਨਾਸ਼ ਹੋ ਜਾਂਦਾ ਹੈ। ਜਦੋਂ ਮਨੁੱਖ ਦਾ ਮਨ, ਤਨ, ਨਾਮ-ਰਸ ਨਾਲ ਭਿੱਜਦਾ ਹੈ ਤਾਂ ਉਹ ਆਤਮਿਕ ਅਨੰਦ ਪ੍ਰਾਪਤ ਕਰਦਾ ਹੈ।

ਸਭ ਨਾਵਹੁ ਉਪਜੈ ਨਾਵਹੁ ਛੀਜੈ॥
ਗੁਰ ਕਿਰਪਾ ਤੇ ਮਨੁ ਤਨੁ ਭੀਜੈ॥
ਰਸਨਾ ਨਾਮੁ ਧਿਆਏ ਰਸਿ ਭੀਜੈ, ਰਸ ਹੀ ਤੇ ਰਸੁ ਪਾਇਦਾ॥

(ਮਾਰੂ, ਮ: ੩, ਪੰਨਾ ੧੦੬੪)

ਨਾਮ-ਸਿਮਰਨ ਤੋਂ ਬਿਨਾਂ ਗਿਆਨ-ਇੰਦਰੀਆਂ ਦਾ ਆਤਮਿਕ ਜੀਵਨ ਨਾਲ ਵਿਰੋਧ ਹੋ ਜਾਂਦਾ ਹੈ। ਨਾਮ ਤੋਂ ਬਿਨਾਂ ਹਰ ਥਾਂ ਘਾਟਾ ਹੀ ਘਾਟਾ ਹੈ। ਨਾਮ ਵਿਸਾਰ ਕੇ ਜਿਹੜੇ ਵੀ ਕੰਮ ਕਰੀਦੇ ਹਨ ਉਹ ਆਤਮਿਕ ਜੀਵਨ ਤੋਂ ਹੋਰ ਪਰ੍ਹੇ ਲੈ ਜਾਂਦੇ ਹਨ :

ਵਿਣੁ ਨਾਵੈ ਵੇਰੋਧੁ ਸਰੀਰ॥ ਕਿਉ ਨ ਮਿਲਹਿ ਕਾਟਹਿ ਮਨ ਪੀਰ।
ਵਾਟ ਵਟਾਊ ਆਵੈ ਜਾਇ॥
ਕਿਆ ਲੇ ਆਇਆ ਕਿਆ ਪਲੈ ਪਾਇ॥
ਵਿਣੁ ਨਾਵੈ ਤੋਟਾ ਸਭ ਥਾਇ॥
ਲਾਹਾ ਮਿਲੈ ਜਾ ਦੇਇ ਬੁਝਾਇ॥

(ਓਅੰਕਾਰੁ, ਪੰਨਾ ੯੩੧)

ਗੁਰੂ ਅਰਜੁਨ ਦੇਵ ਜੀ ਦਾ ਆਦੇਸ਼ ਹੈ ਕਿ ਪਰਮਾਤਮਾ ਦਾ ਨਾਮ ਆਤਮਿਕ ਜੀਵਨ ਦੇਣ ਵਾਲਾ ਭੋਜਨ ਹੈ, ਇਹ ਖੁਰਾਕ ਸਦਾ ਖਾਂਦੇ ਰਹੋ, ਹਰ ਵੇਲੇ ਆਪਣੇ ਮੂੰਹ ਵਿੱਚ ਪਾਂਦੇ ਰਹੋ। ਗੋਬਿੰਦ ਦੇ ਗੁਣ ਸਦਾ ਗਾਉਂਦੇ ਰਹੋ, ਆਤਮਿਕ ਜੀਵਨ ਨੂੰ ਨਾ ਬੁਢਾਪਾ ਆਵੇਗਾ, ਨਾ ਮੌਤ ਆਵੇਗੀ। ਹਰੇਕ ਦੁਖ ਕਲੇਸ਼ ਦੂਰ ਹੋ ਜਾਵੇਗਾ :

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ,

ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ,
ਗੁਣ ਗੋਬਿੰਦ ਨਿਤ ਗਾਵਹੁ ॥

(ਸੋਰਠਿ, ਮ: ੫, ਪੰਨਾ ੬੧੧)

ਭਾਗਾਂ ਵਾਲੇ ਇਹ ਖੁਰਾਕ ਖਾਂਦੇ ਹਨ, ਉਹਨਾਂ ਦੀ ਸਾਰੀ ਭੁੱਖ ਲਹਿ ਜਾਂਦੀ ਹੈ :

ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ, ਸਭ ਲਾਥੀ ਭੂਖ ਭੁਖਾਨੀ ॥

(ਧਨਾਸਰੀ, ਮ: ੪, ਪੰਨਾ ੬੬੭)

ਤ੍ਰਿਸਨਾ ਬੁਝੈ ਹਰਿ ਕੈ ਨਾਮਿ ।
ਮਹਾ ਸੰਤੋਖੁ ਹੋਵੈ ਗੁਰ ਬਚਨੀ, ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥

(ਧਨਾਸਰੀ, ਮ: ੫, ਪੰਨਾ ੬੮੨)

ਹਉਮੈ ਦੇ ਕਾਰਨ ਮਾਨਸਿਕ ਤਨਾਅ ਵਿੱਚ ਰਹਿੰਦਾ ਹੋਇਆ ਮਨੁੱਖ ਅਨੇਕ ਸਰੀਰਕ ਰੋਗਾਂ ਦਾ ਘਰ ਬਣਾ ਜਾਂਦਾ ਹੈ। ਪਰਮਾਤਮਾ ਦਾ ਨਾਮ ਸਾਰੀਆਂ ਦਵਾਈਆਂ ਦਾ ਮੂਲ ਹੈ। ਇਹ ਐਸੀ ਦਵਾਈ ਹੈ ਜੋ ਆਪਣਾ ਅਸਰ ਕਰਨੋਂ ਕਦੇ ਨਹੀਂ ਖੁੰਝਦੀ :

ਹਰਿ ਹਰਿ ਹਰਿ ਅਉਖਧੁ ਜਗਿ ਪੂਜਾ,
ਜਪਿ ਹਰਿ ਹਰਿ ਹਉਮੈ ਮਾਰੀ ॥

(ਧਨਾਸਰੀ, ਮ: ੪, ਪੰਨਾ ੬੬੬)

ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥
ਚਰਨ ਰੇਨ ਬਾਂਛੈ ਨਿਤ ਨਾਨਕੁ, ਪੁਨਹ ਪੁਨਹ ਬਲਿਹਾਰਿਆ ॥

(ਧਨਾਸਰੀ, ਮ: ੫, ਪੰਨਾ ੬੭੫)

ਜਿਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਲਈ ਸ਼ਰਧਾ ਨਹੀਂ, ਉਸ ਦਾ ਮਨ ਤਨ ਅਤੇ ਗਿਆਨ ਇੰਦਰੀਆਂ ਵੀ ਰੋਗੀ ਹਨ। ਉਸ ਸਦਾ ਖੁਆਰ ਹੁੰਦਾ ਰਹਿੰਦਾ ਹੈ :

ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥
ਮਾਇਆ ਮੋਹੁ ਸਭੁ ਰੋਗੁ ਕਮਾਇਆ ॥
ਬਿਨੁ ਨਾਵੈ ਮਨੁ ਤਨੁ ਹੈ ਕੁਸਟੀ, ਨਰਕੇ ਵਾਸਾ ਪਾਇਦਾ ॥੯॥

(ਮਾਰੂ ਸੋਲਹੇ, ਮ: ੩, ਪੰਨਾ ੧੦੬੪)

ਪਰਮਾਤਮਾ ਦਾ ਨਾਮ ਜਪਦਿਆਂ ਮਨ ਵਿੱਚ ਮਾਨੋ ਕਰੋੜਾਂ ਸੂਰਜਾਂ ਦਾ ਚਾਨਣ ਹੋ ਜਾਂਦਾ ਹੈ, ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ, ਮਨ ਵਿੱਚੋਂ ਮਾਇਆ ਵਾਲੀ ਭਟਕਣ ਮੁੱਕ ਜਾਂਦੀ ਹੈ :

ਸੂਖਿ ਅਰਾਧਨੁ, ਦੂਖਿ ਅਰਾਧਨੁ, ਬਿਸਰੈ ਨ ਕਾਹੂ ਬੇਰਾ॥
ਨਾਮੁ ਜਪਤ ਕੋਟਿ ਸੂਰ ਉਜਾਰਾ, ਬਿਨਸੈ ਭਰਮੁ ਅੰਧੇਰਾ॥

(ਜੈਤਸਰੀ, ਮ: ੫, ਪੰਨਾ ੭੦੦)

ਨਾਮੇ ਹੀ ਘਟਿ ਚਾਨਣਾ, ਨਾਮੇ ਸੋਭਾ ਪਾਈ॥
ਨਾਮੇ ਹੀ ਸੁਖੁ ਊਪਜੈ, ਨਾਮੇ ਸਰਣਾਈ॥

(ਆਸਾ, ਮ: ੩, ਪੰਨਾ ੪੨੬)

ਜੇਕਰ ਮਨ ਨਾਮ ਸਿਮਰਨ ਵਿੱਚ ਲੱਗ ਜਾਵੇ ਤਾਂ ਭੈੜੀ ਮਤਿ, ਹਉਮੈ ਆਦਿ ਦੂਰ ਹੋ ਜਾਂਦੀ ਹੈ। ਆਤਮਿਕ ਅਡੋਲਤਾ ਬਣੀ ਰਹਿੰਦੀ ਹੈ। ਦੁਖ, ਕਲੇਸ਼, ਲੋਭ, ਮੋਹ ਦਾ ਨਾਸ਼ ਹੋ ਜਾਂਦਾ ਹੈ। ਇੱਕ ਪ੍ਰਮਾਤਮਾ ਨਾਲ ਪਿਆਰ ਬਣ ਜਾਂਦਾ ਹੈ :

ਨਾਇ ਮੰਨਿਐ ਦੁਰਮਤਿ ਗਈ, ਮਤਿ ਪਰਗਟੀ ਆਇਆ॥
ਨਾਉ ਮੰਨਿਐ ਹਉਮੈ ਗਈ, ਸਭਿ ਰੋਗ ਗਵਾਇਆ॥
ਨਾਇ ਮੰਨਿਐ ਨਾਮੁ ਊਪਜੈ, ਸਹਜੇ ਸੁਖੁ ਪਾਇਆ॥
ਨਾਇ ਮੰਨਿਐ ਸਾਂਤਿ ਊਪਜੈ, ਹਰਿ ਮੰਨਿ ਵਸਾਇਆ॥
ਨਾਨਕ ਨਾਮੁ ਰਤੰਨੁ ਹੈ, ਗੁਰਮੁਖਿ ਹਰਿ ਧਿਆਇਆ॥

(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੨)

'ਰਮ ਰਾਮ ਰਾਮ ਰਾਮ ਜਾਪ॥
ਕਲਿ ਕਲੇਸ ਲੋਭ ਮੋਹ, ਬਿਨਸਿ ਜਾਇ ਅਹੰ ਤਾਪ॥

(ਪ੍ਰਭਾਤੀ, ਮ: ੫, ਪੰਨਾ ੧੩੪੧)

ਦੁਨੀਆਂ ਦਾ ਕੋਈ ਸੁਖ, ਕੋਈ ਪਦਾਰਥ ਹਿਰਦੇ ਵਿੱਚ ਵੱਸ ਰਹੇ ਨਾਮ ਦੀ ਬਰਾਬਰੀ ਨਹੀਂ ਕਰ ਸਕਦਾ। ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਭੂ ਦਾ ਨਾਮ ਰੂਪੀ ਖਜ਼ਾਨਾ ਹੈ, ਪ੍ਰਭੂ ਉਹਨਾਂ ਦੇ ਕੰਮ ਆਪ ਸਿਰੇ ਚਾੜ੍ਹ ਦਿੰਦਾ ਹੈ। ਉਹਨਾਂ ਨੂੰ ਲੋਕਾਂ ਦੀ ਮੁਥਾਜੀ ਦੀ ਲੋੜ ਨਹੀਂ ਰਹਿੰਦੀ। ਪਰਮਾਤਮਾ ਸਦਾ ਉਹਨਾਂ ਦੇ ਅੰਗ-ਸੰਗ ਰਹਿੰਦਾ ਹੈ :

ਜਿਨਾ ਅੰਦਰਿ ਨਾਮੁ ਨਿਧਾਨੁ ਹਰਿ,
ਤਿਨ ਕੇ ਕਾਜ ਦਯਿ ਆਦੇ ਰਾਸਿ॥
ਤਿਨ ਚੂਕੀ ਮੁਹਤਾਜ ਲੋਕਨ ਕੀ,
ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ॥

(ਗਉੜੀ ਕੀ ਵਾਰ, ਮ: ੪, ਪੰਨਾ ੩੦੫)

ਪਰਮਾਤਮਾ ਦਾ ਨਾਮ ਅਮੋਲ ਹੈ। ਇਹ ਕਿਸੇ ਦੁਨਿਆਵੀ ਕੀਮਤ ਨਾਲ ਨਹੀਂ

ਮਿਲ ਸਕਦਾ। ਇਸ ਨਾਮ ਨੂੰ ਖਰੀਦਣ ਲਈ ਗੁਣਾਂ ਦਾ ਸਰਮਾਇਆ ਇਕੱਤਰ ਕਰਨਾ ਪੈਂਦਾ ਹੈ। ਇਹ ਗੁਰੂ ਪਾਸੋਂ ਸਤਿਗੁਰੂ ਦੀ ਬਾਣੀ ਦੀ ਵਿਚਾਰ ਦੀ ਬਰਕਤਿ ਨਾਲ ਮਿਲਦਾ ਹੈ। ਆਪਾ ਗੁਰੂ ਵਿੱਚ ਲੀਨ ਕਰ ਦੇਣਾ ਇਸ ਦਾ ਮੁੱਲ ਹੈ :

ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ॥ (ਪੰਨਾ ੧੦੯੮)

ਗੁਣ ਰਾਸਿ ਬੰਨ੍ਹਿ ਪਲੈ ਆਨੀ॥ ਦੇਖਿ ਰਤਨੁ ਇਹੁ ਮਨੁ ਲਪਟਾਨੀ॥

(ਆਸਾ, ਮ: ੫, ਪੰਨਾ ੩੭੨)

ਮੋਲਿ ਕਿਤ ਹੀ ਨਾਮੁ ਪਾਈਐ ਨਾਹੀ,
ਨਾਮੁ ਪਾਈਐ ਗੁਰ ਬੀਚਾਰਾ॥

(ਸੂਹੀ, ਮ: ੩, ਪੰਨਾ ੭੫੪)

ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ॥

(ਪੰਨਾ ੬੭੧)

ਸੇਵਕ ਭਾਵਨਾ ਨਾਲ ਗੁਰੂ ਦੀ ਸ਼ਰਨ ਪਿਆਂ ਹੀ ਨਾਮ-ਖਜ਼ਾਨਾ ਮਿਲਦਾ ਹੈ। ਗੁਰੂ ਦਰ ਤੋਂ ਬਿਨਾਂ ਕਿਸੇ ਹੋਰ ਥਾਂ ਤੋਂ ਇਹ ਧਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਗੁਰਵਾਕ ਹਨ :

ਹੋਰੁ ਦੁਆਰਾ ਕੋਇ ਨ ਸੂਝੈ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ॥

(ਮਾਰੂ, ਮ: ੫, ਪੰਨਾ ੧੦੭੮)

ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ,
ਤਿਥਹੁ ਕਰਮਹੀਣ ਲੈ ਨ ਸਕਹਿ,
ਹੋਰ ਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ॥

(ਬਿਲਾਵਲੁ ਕੀ ਵਾਰ, ਮ: ੪, ਪੰਨਾ ੮੫੩)

ਗੁਰ-ਸ਼ਬਦ ਦੀ ਵਿਚਾਰ ਕੀਤਿਆਂ, ਗੁਰ-ਸ਼ਬਦ ਅਨੁਸਾਰ ਜੀਵਨ ਘਾੜਤ ਘੜਨ ਨਾਲ ਹੀ ਨਾਮ-ਅੰਮ੍ਰਿਤ ਪੀਤਾ ਜਾ ਸਕਦਾ ਹੈ। ਇਸ ਧਨ ਦਾ ਲਾਹਾ ਉਹ ਮਨੁੱਖ ਖੱਟਦੇ ਹਨ ਜਿਹੜੇ ਸੁਰਤਿ ਜੋੜ ਕੇ ਪਰਮਾਤਮਾ ਦੇ ਰੰਗ ਵਿੱਚ ਰੰਗੇ ਰਹਿੰਦੇ ਹਨ:

ਲਾਹਾ ਹਰਿ ਧਨੁ ਖਟਿਆ, ਗੁਰਮੁਖਿ ਸਬਦੁ ਵੀਚਾਰਿ॥
ਹਉਮੈ ਮੈਲੁ ਬਿਖੁ ਉਤਰੈ, ਹਰਿ ਅੰਮ੍ਰਿਤੁ ਹਰਿ ਉਰ ਧਾਰਿ॥

(ਗਉੜੀ ਕੀ ਵਾਰ, ਮ: ੪, ਪੰਨਾ ੩੦੦)

ਮੁਕਤਿ ਪਦਾਰਥੁ ਤਿਨ ਕਉ ਪਾਏ॥

ਹਰਿ ਕੈ ਨਾਮਿ ਰਤੇ ਲਿਵ ਲਾਏ॥ (ਧਨਾਸਰੀ, ਮ: ੩, ਪੰਨਾ ੬੬੪)

ਜਿਹੜੇ ਸ਼ਬਦ ਨਾਲ ਜੁੜ ਕੇ ਆਪਾ-ਭਾਵ ਤਿਆਗ ਦਿੰਦੇ ਹਨ, ਉਹ ਆਪਣੇ ਮਨ ਨੂੰ ਮਾਇਕ ਫੁਰਨਿਆਂ ਵੱਲੋਂ ਰੋਕ ਲੈਂਦੇ ਹਨ ਅਤੇ ਵਿਕਾਰਾਂ ਵੱਲੋਂ ਸੁਚੇਤ ਰਹਿੰਦੇ ਹਨ :

ਸਬਦਿ ਮੁਏ ਮਨੁ ਮਨ ਤੇ ਮਾਰਿਆ

ਠਾਕਿ ਰਹੇ ਮਨੁ ਸਾਚੈ ਧਾਰਿਆ॥ (ਬਿਲਾਵਲੁ, ਮ: ੧, ਪੰਨਾ ੭੯੬)

ਨਾਮ ਸਰਲ ਹਿਰਦੇ ਵਿੱਚ ਵਸਦਾ ਹੈ। ਉਹੀ ਹਿਰਦਾ ਸਰਲ ਹੈ ਜਿਸਦੇ ਹਿਰਦੇ ਵਿੱਚ ਭੋਲਾਪਣ ਅਤੇ ਪਰਮਾਤਮਾ ਦਾ ਡਰ-ਅਦਬ ਹੁੰਦਾ ਹੈ :

ਭੋਲਤਣਿ ਭੈ ਮਨਿ ਵਸੈ, ਹੇਕੈ ਪਾਧਰ ਹੀਡੁ॥

ਅਤਿ ਡਾਹਪਣਿ ਦੁਖੁ ਘਣੋ, ਤੀਨੇ ਥਾਵ ਭਰੀਡੁ॥

(ਮਾਰੂ ਵਾਰ, ਸਲੋਕ, ਮ: ੧, ਪੰਨਾ ੧੦੯੧)

ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਹ ਨਾਮ ਦੀ ਪ੍ਰਾਪਤੀ ਲਈ ਆਪਦੇ ਸਰੀਰ ਨੂੰ ਹੀ ਖੋਜਦਾ ਹੈ। ਗੁਰ-ਸ਼ਬਦ ਦੀ ਵਿਚਾਰ ਨਾ ਕਰਨ ਵਾਲੇ ਭਟਕਣਾਂ ਵਿੱਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ :

ਗੁਰਮੁਖਿ ਹੋਵੈ ਸੁ ਕਾਂਇਆ ਖੋਜੈ, ਹੋਰ ਸਭ ਭਰਮਿ ਭੁਲਾਇ॥

ਜਿਸ ਨੋ ਦੇਇ ਸੋਈ ਜਨੁ ਪਾਵੈ, ਹੋਰ ਕਿਆ ਕੋ ਕਰੇ ਚਤੁਰਾਈ॥

ਕਾਂਇਆ ਅੰਦਰਿ ਭਉ ਭਾਉ ਵਸੈ, ਗੁਰ ਪਰਸਾਦੀ ਪਾਈ॥

(ਸੂਹੀ, ਮ: ੩, ਪੰਨਾ ੭੫੪)

ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ॥

ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥

(ਬਸੰਤੁ, ਹਿੰਡੋਲ, ਮ: ੪, ਪੰਨਾ ੧੧੭੮)

ਜਿਨ੍ਹਾਂ ਨੂੰ ਇਹ ਨਾਮ-ਧਨ ਲੱਭ ਜਾਂਦਾ ਹੈ ਉਹ ਪ੍ਰਭੂ ਦੇ ਸੱਚੇ ਸੇਵਕ ਬਣ ਜਾਂਦੇ ਹਨ। ਉਹ ਫਿਰ ਉਸ ਮਾਇਆ ਜ਼ਹਿਰ ਨੂੰ ਨਹੀ ਚੱਖਦੇ ਜੋ ਆਤਮਿਕ ਮੌਤ ਲਿਆਉਂਦੀ ਹੈ :

ਚਤੁਰ ਦਸ ਹਾਟ ਦੀਵੇ ਦੁਇ ਸਾਖੀ॥

ਸੇਵਕ ਪੰਚ ਨਾਹੀ ਬਿਖੁ ਚਾਖੀ॥

ਅੰਤਰਿ ਵਸਤੁ ਅਨੂਪ ਨਿਰਮੋਲਕ,

ਗੁਰਿ ਮਿਲਿਐ ਹਰਿ ਧਨੁ ਪਾਇਆ॥

(ਮਾਰੂ ਸੋਲਹੇ, ਮ: ੧, ਪੰਨਾ ੧੦੩੯)

ਪਰਮਾਤਮਾ ਦਾ ਨਾਮ-ਧਨ ਭਗਤਾਂ ਦੀ ਪੂੰਜੀ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਵਾਲੇ ਦੇ ਅੰਦਰ ਖਿਮਾ, ਨਿਮਰਤਾ, ਸਹਿਨਸ਼ੀਲਤਾ, ਅਡੋਲਤਾ ਆਦਿਕ ਆਤਮਿਕ ਗੁਣ ਪੈਦਾ ਹੋ ਜਾਂਦੇ ਹਨ। ਜਿਸ ਨੂੰ ਵਾਰ-ਵਾਰ ਯਾਦ ਕਰੀਦਾ ਹੈ, ਉਸ ਦੇ ਗੁਣਾ ਨੂੰ ਧਾਰਨ ਕਰਨ ਦਾ ਯਤਨ ਕੀਤਾ ਜਾਂਦਾ ਹੈ। ਪ੍ਰਭੂ ਦਾ ਭਗਤ ਪ੍ਰਭੂ ਦੇ ਗੁਣਾ ਨੂੰ ਧਾਰਨ ਕਰਨ ਦਾ ਯਤਨ ਕਰਦਾ ਹੈ :

ਖਰਚੁ ਖਜਾਨਾ ਨਾਮ ਧਨੁ, ਇਆ ਭਗਤਨ ਕੀ ਰਾਸਿ॥

ਖਿਮਾ ਗਰੀਬੀ ਅਨਦ ਸਹਜ, ਜਪਤ ਰਹਹਿ ਗੁਣਤਾਸ॥

(ਗਉੜੀ, ਬਾਵਨ ਅਖਰੀ, ਮ: ੫, ਪੰਨਾ ੨੫੩)

ਨਾਮ ਸਿਮਰਨ ਕਰਨ ਵਾਲੇ ਦੇ ਅੰਦਰੋਂ ਹਰੇਕ ਕਿਸਮ ਦਾ ਡਰ ਨਿਕਲ ਜਾਂਦਾ ਹੈ, ਦੁੱਖ, ਕਲੇਸ਼, ਗਰੀਬੀ, ਵਿਕਾਰਾਂ ਤੋਂ ਪੈਦਾ ਹੋਈ ਮਲੀਨਤਾ ਦੂਰ ਹੋ ਜਾਂਦੀ ਹੈ। ਗਰੀਬ ਉਹ ਹੈ ਜਿਸ ਦੀ ਤ੍ਰਿਸ਼ਨਾ ਵਿਸ਼ਾਲ ਹੁੰਦੀ ਹੈ। ਜਿਸ ਦਾ ਮਨ ਸੰਤੁਸ਼ਟ ਹੋ ਜਾਵੇ ਉਹ ਗਰੀਬ ਨਹੀਂ ਰਹਿੰਦਾ। ਨਾਮ ਜਪਣ ਦੀ ਬਰਕਤ ਨਾਲ ਸਾਰੇ ਭਰਮ, ਸਾਰੇ ਮੋਹ, ਸਾਰੇ ਵਿਕਾਰ ਨਾਸ਼ ਹੋ ਜਾਂਦੇ ਹਨ। ਪਰਮਾਤਮਾ ਨੇੜੇ ਤੋਂ ਨੇੜੇ ਦਿਸਣ ਲੱਗ ਪੈਂਦਾ ਹੈ। ਉੱਚਾ ਆਤਮਿਕ-ਜੀਵਨ ਰੂਪ ਲਾਭ ਪ੍ਰਾਪਤ ਹੋ ਜਾਂਦਾ ਹੈ :

ਹਰਿ ਹਰਿ ਨਾਮੁ ਜਿਨੀ ਆਰਾਧਿਆ,
ਤਿਨ ਕਾ ਦੂਖੁ ਭਰਮੁ ਭਉ ਭਾਗਾ
ਸੇਵਕ ਭਾਇ ਮਿਲੇ ਵਡਭਾਗੀ,
ਜਿਨ ਗੁਰ ਚਰਨੀ ਮਨੁ ਲਾਗਾ॥

(ਵਡਹੰਸ, ਮ: ੪, ਪੰਨਾ ੫੭੨)

ਭਉ ਬਿਨਸੈ, ਅੰਮ੍ਰਿਤੁ ਰਸੈ, ਰੰਗਿ ਰਤੇ ਨਿਰੰਕਾਰ॥

ਦੁਖ ਦਾਰਿਦ ਅਪਵਿਤ੍ਰਤਾ, ਨਾਸਹਿ ਨਾਮ ਅਧਾਰ॥

(ਥਿਤੀ ਗਉੜੀ, ਮ: ੫, ਪਉੜੀ, ਪੰਨਾ ੨੯੭)

ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ॥
ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰਹੂ ਤੇ ਨੇਰਾ॥
ਨਾਨਕ ਕਉ ਪ੍ਰਭ ਕਿਰਪਾ ਕੀਜੈ, ਨੇਤ੍ਰ ਦੇਖਹਿ ਦਰਸੁ ਤੇਰਾ॥

(ਸੂਹੀ, ਮ: ੫, ਪੰਨਾ ੭੮੦)

ਨਾਮ ਦਾ ਬਲ ਪ੍ਰਾਪਤ ਕਰਕੇ ਜਨਮ ਤੋਂ ਮਰਨ ਤੱਕ ਦੇ ਸਾਰੇ ਚਿੰਤਾ, ਫਿਕਰ ਮਿਟ ਜਾਂਦੇ ਹਨ। ਆਤਮਿਕ ਜੀਵਨ ਦਾ ਰਸ ਆਉਣ ਲੱਗ ਪੈਂਦਾ ਹੈ। ਮਨੁੱਖ ਮਾਇਆ ਵਿੱਚ ਰਹਿੰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਨਾਮ

ਸਿਮਰਨ ਕਰਨ ਵਾਲੇ ਦਾ ਮਨ ਦੂਜਿਆਂ ਦਾ ਦੁਖ ਵੇਖ ਕੇ ਦਯਾ ਨਾਲ ਭਰ ਜਾਂਦਾ ਹੈ। ਕਠੋਰਤਾ ਖਤਮ ਹੋ ਜਾਂਦੀ ਹੈ। ਆਪਣੇ ਅਤੇ ਪਰਾਏ ਦਾ ਭੇਦ ਨਹੀਂ ਰਹਿੰਦਾ। ਪ੍ਰਮਾਤਮਾ ਹਰੇਕ ਸਰੀਰ ਵਿੱਚ ਵਿਆਪਕ ਦਿਸਦਾ ਹੈ। ਐਸੇ ਮਨੁੱਖ ਨੂੰ ਕੋਈ ਆਪਣਾ ਦੁਸ਼ਮਨ ਨਹੀਂ ਦਿਸਦਾ। ਕੋਈ ਵੈਰੀ ਨਹੀਂ ਜਾਪਦਾ। ਭੈੜੇ ਮਨੁੱਖ ਪ੍ਰਭੂ ਦੇ ਭਗਤਾਂ ਦਾ ਨੁਕਸਾਨ ਕਰਨਾ ਚਾਹੁੰਦੇ ਹੋਏ ਵੀ ਉਹਨਾਂ ਦਾ ਕੁਝ ਵਿਗਾੜ ਨਹੀਂ ਸਕਦੇ, ਕਿਉਂਕਿ ਉਹਨਾਂ ਦੇ ਹਿਰਦੇ ਵਿੱਚ ਤਾਂ ਸਦਾ ਆਨੰਦ ਬਣਿਆ ਰਹਿੰਦਾ ਹੈ:

ਕਰਿ ਕਿਰਪਾ ਦੀਓ ਮੋਹਿ ਨਾਮਾ, ਬੰਧਨ ਤੇ ਛੁਟਕਾਏ॥
ਮਨ ਤੇ ਬਿਸਰਿਓ ਸਗਲੋ ਧੰਧਾ, ਗੁਰ ਕੀ ਚਰਣੀ ਲਾਏ॥੧॥
ਸਾਧ ਸੰਗਿ ਚਿੰਤ ਬਿਰਾਨੀ ਛਾਡੀ॥
ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥੧॥ ਰਹਾਉ॥
ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਰਿਓ ਭੀਤਰਿ, ਸਤਿਗੁਰ ਤੇ ਸੋਝੀ ਪਾਈ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ,
ਤਾ ਮੇਲੁ ਕੀਓ ਮੇਰੈ ਰਾਜਨ॥੩॥ (ਧਨਾਸਰੀ, ਮ: ੫, ਪੰਨਾ ੬੭੧)

ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ॥
ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ॥੧॥
ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ॥
ਨਾਨਕ ਸਰਣਿ ਪਰਿਓ ਦੁਖ ਭੰਜਨ
ਅੰਤਰਿ ਬਾਹਰਿ ਪੇਖਿ ਹਜੂਰੇ॥੨॥

(ਬਿਲਾਵਲੁ, ਮ: ੫, ਪੰਨਾ ੮੨੫)

ਆਪਨਾ ਪ੍ਰਭੁ ਆਇਆ ਚੀਤਿ॥
ਦੁਸਮਨ ਦੁਸਟ ਰਹੇ ਝਖ ਮਾਰਤ,
ਕੁਸਲੁ ਭਇਆ ਮੇਰੇ ਭਾਈ ਮੀਤ॥੧॥ ਰਹਾਉ॥
ਗਈ ਬਿਆਧਿ ਉਪਾਧਿ ਸਭ ਨਾਸੀ, ਅੰਗੀਕਾਰੁ ਕੀਓ ਕਰਤਾਰਿ॥
ਸਾਂਤਿ ਸੂਖ ਅਰੁ ਅਨਦ ਘਨੇਰੇ, ਪ੍ਰੀਤਮ ਨਾਮੁ ਰਿਦੈ ਉਰ ਹਾਰਿ॥੧॥

(ਬਿਲਾਵਲੁ, ਮ: ੫, ਪੰਨਾ ੮੨੬)

ਜਿਵੇਂ ਸੂਰਜ ਦੀ ਕਿਰਨ ਨਾਲ ਮਿਲ ਕੇ ਬਰਫ ਤੋਂ ਪਾਣੀ ਦਾ ਪਾਣੀ ਬਣ ਜਾਂਦਾ ਹੈ। ਸੂਰਜ ਦੀ ਨਿੱਘ ਨਾਲ, ਬਰਫ ਬਣੇ ਪਾਣੀ ਦੀ ਕਠੋਰਤਾ ਖਤਮ ਹੋ

ਜਾਂਦੀ ਹੈ, ਤਿਵੇਂ ਹੀ ਸਿਫਤਿ ਸਾਲਾਹ ਦੀ ਬਰਕਤਿ ਨਾਲ ਜੀਵ ਦੇ ਅੰਦਰੋਂ ਰੁੱਖਾਪਨ ਮੁੱਕ ਜਾਂਦਾ ਹੈ, ਜੀਵ ਦੀ ਜਿੰਦ ਪਰਮਾਤਮਾ ਦੀ ਜੋਤਿ ਨਾਲ ਇਕ ਮਿਕ ਹੋ ਜਾਂਦੀ ਹੈ, ਜੀਵ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ। ਉਸ ਨੂੰ ਹਰ ਥਾਂ ਪਰਮਾਤਮਾ ਹੀ ਦਿਸਦਾ ਹੈ, ਹਰੇਕ ਪ੍ਰਾਣੀ ਵਿੱਚ ਪਰਮਾਤਮਾ ਹੀ ਬੋਲਦਾ ਸੁਣੀਂਦਾ ਹੈ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ॥

(ਬਿਲਾਵਲੁ, ਮ: ੫, ਪੰਨਾ ੮੪੬)

ਜਿਹੜੇ ਮਨੁੱਖਾਂ ਨੂੰ ਪਰਮਾਤਮਾ ਆਪਣੇ ਨਾਲ ਜੋੜਦਾ ਹੈ ਉਹਨਾਂ ਦੇ ਪਿਛਲੇ ਕੀਤੇ ਕਰਮਾਂ ਦਾ ਸਾਰਾ ਲੇਖਾ ਮੁੱਕ ਜਾਂਦਾ ਹੈ :

ਜਿਨ ਕਉ ਤੂ ਹਰਿ ਮੇਲਹਿ ਸੁਆਮੀ,
ਸਭੁ ਤਿਨ ਕਾ ਲੇਖਾ ਛੁਟਕਿ ਗਇਆ॥
ਤਿਨ ਕੀ ਗਣਤ ਨ ਕਰਿਅਹੁ ਕੋ ਭਾਈ,
ਜੋ ਗੁਰ ਬਚਨੀ ਹਰਿ ਮੇਲਿ ਲਇਆ॥

(ਤੁਖਾਰੀ, ਛੰਤ, ਮ: ੪, ਪੰਨਾ ੧੧੧੫)

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਦੁਨਿਆਵੀ ਧਨ ਮਨੁੱਖ ਨੂੰ ਮਾਨਸਿਕ ਸੁੱਖ ਅਤੇ ਸ਼ਾਂਤੀ ਨਹੀਂ ਦੇ ਸਕਦਾ। ਉਹ ਧਨ ਚਾਹੇ ਬਾਦਸ਼ਾਹਤ, ਸੋਨੇ, ਚਾਂਦੀ, ਰੰਗ ਤਮਾਸ਼ੇ ਜਾਂ ਜ਼ਮੀਨ, ਜਾਇਦਾਦ ਜਾਂ ਕਿਸੇ ਵੀ ਰੂਪ ਵਿੱਚ ਹੋਵੇ, ਹਉਮੈ ਨੂੰ ਹੀ ਵਧਾਉਂਦਾ ਹੈ ਅਤੇ ਤਨਾਅ ਦਾ ਕਾਰਨ ਬਣਦਾ ਹੈ। ਨਾਮ ਤੋਂ ਬਿਨਾ ਇਹ ਧਨ ਜੀਵਨ ਦੇ ਸਹੀ ਰਸਤੇ ਤੇ ਨਹੀਂ ਲੈ ਜਾਂਦਾ। ਗੁਰੂ ਅਰਜੁਨ ਦੇਵ ਜੀ ਦਾ ਫੁਰਮਾਨ ਹੈ :

ਐਸੀ ਪੇਖੀ ਨੇਤ੍ਰ ਮਹਿ ਪੂਰੇ ਗੁਰ ਪਰਸਾਦਿ॥
ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ॥

(ਬਿਲਾਵਲੁ, ਮ: ੫, ਪੰਨਾ ੮੧੦)

ਮਾਇਆ ਦੇ ਸੁਆਦਾਂ ਤੋਂ ਮਿਲਣ ਵਾਲੇ ਸੁਖ ਹੋਛੇ ਹੁੰਦੇ ਹਨ। ਇਹ ਆਤਮਿਕ ਆਨੰਦ ਨਹੀਂ ਦਿੰਦੇ :

ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ॥

ਆਨ ਰੰਗ ਫੀਕੇ ਸਭ ਮਾਇਆ॥੩॥
ਗੁਰਿ ਰੰਗੇ ਸੇ ਭਏ ਨਿਹਾਲ॥
ਕਹੁ ਨਾਨਕ ਗੁਰ ਭਏ ਹੈ ਦਇਆਲ॥੪॥

(ਗਉੜੀ, ਮ: ੫, ਪੰਨਾ ੧੯੪)

ਦੁਨੀਆਂ ਦੀ ਹਕੂਮਤ, ਸੁੰਦਰਤਾ, ਮਾਇਆ ਦਾ ਮੋਹ, ਸਭ ਨਾਸ਼ਵੰਤ ਹਨ। ਥੋੜ੍ਹੇ ਹੀ ਦਿਨ ਰਹਿਣ ਵਾਲੇ ਹਨ, ਪਰ ਇਹ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿੱਚ ਲੈ ਜਾਂਦੇ ਹਨ। ਪ੍ਰਭੂ ਦਾ ਨਾਮ ਮਾਇਆ ਦੇ ਮੋਹ ਰੂਪ ਹਨੇਰੇ ਵਿੱਚ ਚਾਨਣ ਦੇ ਸਮਾਨ ਹੈ, ਜੀਵਨ ਨੂੰ ਪ੍ਰਕਾਸ਼ਵਾਨ ਕਰ ਦਿੰਦਾ ਹੈ :

ਰਾਜ ਰੂਪੁ ਝੂਠਾ ਦਿਨ ਚਾਰਿ॥
ਨਾਮੁ ਮਿਲੈ ਚਾਨਣੁ ਅੰਧਿਆਰਿ॥ (ਬਿਲਾਵਲੁ, ਮ: ੧, ਪੰਨਾ ੭੯੬)

ਪਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਸਾਰਾ ਧਨ ਘਾਟੇ ਵਾਲਾ ਹੀ ਹੈ :

ਬਿਨੁ ਹਰਿ ਨਾਮ ਅਵਰੁ ਸਭੁ ਥੋਰਾ॥
ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ॥

(ਆਸਾ, ਮ: ੫, ਪੰਨਾ ੩੭੬)

ਪਰਮਾਤਮਾ ਦੇ ਨਾਮ ਧਨ ਦਾ ਵਪਾਰ ਕਰਨ ਵਾਲੇ ਮਨੁੱਖ ਚੰਗੇ ਜੀਵਨ ਵਾਲੇ ਹੁੰਦੇ ਹਨ। ਗੁਰ-ਸ਼ਬਦ ਅਨੁਸਾਰ ਜੀਵਨ ਘਾੜਤ ਘੜਦੇ ਹੋਏ ਇੱਥੋਂ ਸਦਾ ਥਿਰ ਰਹਿਣ ਵਾਲਾ ਸੌਦਾ ਲੈ ਕੇ ਜਾਂਦੇ ਹਨ :

ਨੀਕੇ ਸਾਚੇ ਕੇ ਵਾਪਾਰੀ॥ ਸਚੁ ਸਉਦਾ ਲੈ ਗੁਰ ਵੀਚਾਰੀ॥
ਸਚਾ ਵਖਰੁ ਜਿਸੁ ਧਨੁ ਪਲੈ, ਸਬਦਿ ਸਚੈ ਓਮਾਹਾ ਹੇ॥

(ਮਾਰੂ ਸੋਲਹੇ, ਮ: ੧, ਪੰਨਾ ੧੦੩੨)

ਵਿਕਾਰਾਂ ਦੇ ਜ਼ਹਿਰ ਨਾਲ ਭਰੇ ਹੋਏ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਪ੍ਰਭੂ ਦੇ ਨਾਮ ਦਾ ਜਾਪ ਹੀ ਬੇੜੀ ਹੈ, ਨਾਮ ਹੀ ਤੁਲਹਾ ਹੈ :

ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ,
ਕਿਵ ਛੂਟਹ ਹਮ ਛੁਟਕਾਕੀ॥
ਹਰਿ ਹਰਿ ਜਪੁ ਬੇੜੀ ਹਰਿ ਤੁਲਹਾ, ਹਰਿ ਜਪਿਓ ਤਰੈ ਤਰਾਕੀ॥

(ਧਨਾਸਰੀ, ਮ: ੪, ਪੰਨਾ ੬੬੭)

ਦੁਨੀਆਂ ਦੇ ਲੋਕਾਂ ਦੀਆਂ ਖੁਸ਼ਾਮਦਾਂ, ਲੋਕ ਵਿਖਾਵੇ ਤੇ ਸਿਆਣਪਾਂ, ਚਲਾਕੀਆਂ ਕਿਸੇ ਕੰਮ ਨਹੀਂ ਆਉਂਦੀਆਂ। ਸਿਰਫ ਪਰਮਾਤਮਾ ਦਾ ਨਾਮ ਹੀ ਮਦਦਗਾਰ ਹੁੰਦਾ ਹੈ:

ਚਾਕਰੀਆ ਚੰਗਿਆਈਆ, ਅਵਰ ਸਿਆਣਪ ਕਿਤੁ।
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥

(ਸੂਹੀ, ਮ: ੧, ਪੰਨਾ ੭੨੯)

ਨਾਮ ਨੂੰ ਭੁਲਾ ਕੇ ਕੀਤੇ ਗਏ ਅਨੇਕ ਧਾਰਮਿਕ ਕਰਮ ਵੀ ਹਉਮੈ ਆਦਿ ਵਿਕਾਰਾਂ ਨੂੰ ਵਧਾਉਣ ਕਰਕੇ ਦੁੱਖ ਦਾ ਕਾਰਨ ਹੀ ਬਣਦੇ ਹਨ :

ਬਿਨੁ ਨਾਵੈ ਸਭ ਦੁਖੁ ਸੰਸਾਰਾ।
ਬਹੁ ਕਰਮ ਕਮਾਵਹਿ ਵਧਹਿ ਵਿਕਾਰਾ॥
ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ॥

(ਮਾਰੂ ਸੋਲਹੇ, ਮ: ੩, ਪੰਨਾ ੧੦੬੨)

ਜਿਹੜੇ ਨਾਮ ਨਾਲ ਜੁੜਦੇ ਹਨ ਉਹਨਾਂ ਦਾ ਮੋਹ ਹੋਰ ਕਿਸੇ ਨਾਲ ਨਹੀਂ ਹੁੰਦਾ :

ਜਿਨ ਸਰਧਾ ਰਾਮ ਨਾਮਿ ਲਗੀ,
ਤਿਨ੍ ਦੂਜੈ ਚਿਤੁ ਨ ਲਾਇਆ ਰਾਮ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ,
ਬਿਨੁ ਨਾਵੈ ਅਵਰੁ ਨ ਭਾਇਆ ਰਾਮ॥

(ਆਸਾ, ਮ: ੪, ਪੰਨਾ ੪੪੪)

ਅਸਲ ਵਿੱਚ ਜਿਸ ਕੋਲ ਨਾਮ ਰੂਪੀ ਧਨ ਹੈ ਉਹ ਹੀ ਸੁਖੀ ਹੈ, ਉਹ ਹੀ ਅਮੀਰ ਹੈ :

ਜਪਿ ਮਨ ਨਾਮੁ ਹਰੀ, ਹੋਹਿ ਸਰਬ ਸੁਖੀ॥

(ਧਨਾਸਰੀ, ਮ: ੪, ਪੰਨਾ ੬੬੯)

ਜਾ ਕੈ ਹਰਿ ਧਨੁ ਸੋ ਸਚੁ ਸਾਹੁ॥
ਗੁਰਿ ਪੂਰੈ ਕਰਿ ਦੀਨੋ ਵਿਸਾਹੁ॥ (ਗਉੜੀ, ਮ: ੫, ਪੰਨਾ ੧੯੯)

ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ॥
ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ॥

(ਰਾਗੁ ਗਉੜੀ, ਮ: ੫, ਪੰਨਾ ੨੧੭)

ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ॥
ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ॥

(ਗਉੜੀ, ਮ: ੫, ਪੰਨਾ ੨੫੦)

(ਹੇ ਭਾਈ!) ਕਿਉਂ ਹਰ ਵੇਲੇ ਧਨ ਇਕੱਠਾ ਕਰਨ ਲਈ ਹੀ ਕੂਕਦੇ ਰਹਿੰਦੇ ਹੋ? ਮਾਇਆ ਦਾ ਮੋਹ ਤਾਂ ਝੂਠਾ ਹੀ ਹੈ। ਇਸ ਧਨ ਨੇ ਸਦਾ ਨਾਲ ਨਹੀਂ ਨਿਭਣਾ। ਹੇ ਨਾਨਕ! ਨਾਮ ਤੋਂ ਸੱਖਣਾ ਰਹਿ ਕੇ ਸਾਰਾ ਜਗਤ ਹੀ ਵਿਅਰਥ ਜੀਵਨ ਗੁਜ਼ਾਰ ਰਿਹਾ ਹੈ।

ਕਹਿਐ ਰਾਮੁ ਨ ਹੋਇ

ਸੁਖੁ ਨਾਹੀ ਬਹੁਤੈ ਧਨਿ ਖਾਟੇ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ॥
ਸੁਖੁ ਨਾਹੀ ਬਹੁ ਦੇਸ ਕਮਾਏ॥
ਸਰਬ ਸੁਖਾ ਹਰਿ ਹਰਿ ਗੁਣ ਗਾਏ॥

(ਭੈਰਉ, ਮ: ੫, ਪੰਨਾ ੧੧੪੭)

ਵਿਕਾਰਾਂ ਦੀ ਤਪਸ਼ ਨਾਲ ਅੱਗ ਬਣੇ ਹੋਏ ਸੰਸਾਰ ਨੂੰ ਪਾਰ ਕਰਨ ਲਈ ਪਰਮਾਤਮਾ ਦਾ ਨਾਮ ਹੀ ਸਹਾਰਾ ਹੈ। ਪ੍ਰਭੂ ਦਾ ਆਸਰਾ ਲੈਣ ਵਾਲੇ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ, ਭਰਮ ਦੂਰ ਹੋ ਜਾਂਦੇ ਹਨ, ਤ੍ਰਿਸ਼ਨਾ ਦੀ ਅਗਨਿ ਜਲਾਉਂਦੀ ਨਹੀਂ। ਮਨ ਅਤੇ ਤਨ ਦੀ ਹਰੇਕ ਬਿਪਤਾ ਮਿਟ ਜਾਂਦੀ ਹੈ। ਗੁਰ-ਵਾਕ ਹਨ :

ਹਰਿ ਹਰਿ ਨਾਮੁ ਜਪਹੁ ਮੇਰੇ ਮੀਤ॥
ਨਿਰਮਲ ਹੋਇ ਤੁਮ੍ਾਰਾ ਚੀਤ॥
ਮਨ ਤਨ ਕੀ ਸਭ ਮਿਟੈ ਬਲਾਇ॥
ਦੂਖੁ ਅੰਧੇਰਾ ਸਗਲਾ ਜਾਇ॥ (ਗੌਂਡ, ਮ: ੫, ਪੰਨਾ ੮੬੬)

ਹਰਿ ਹਰਿ ਨਾਮੁ ਜਪੈ ਜਨੁ ਕੋਇ॥
ਤਾ ਕੀ ਆਸਾ ਪੂਰਨ ਹੋਇ॥ (ਰਾਮਕਲੀ, ਮ: ੫, ਪੰਨਾ ੮੮੯)

ਹਰਿ ਹਰਿ ਕਰਤ ਮਿਟੇ ਸਭਿ ਭਰਮਾ॥
ਹਰਿ ਕੋ ਨਾਮੁ ਲੈ ਊਤਮ ਧਰਮਾ॥

(ਬਾਣੀ ਨਾਮਦੇਵ ਜੀ, ਪੰਨਾ ੮੭੪)

ਸੂਖ ਸਹਜ ਆਨਦੁ ਘਣਾ ਪ੍ਰਭੁ ਜਪਤਿਆ ਦੁਖੁ ਜਾਇ॥

(ਰਾਮਕਲੀ ਕੀ ਵਾਰ, ਸਲੋਕ ਮ: ੫, ਪੰਨਾ ੯੬੩)

ਪਰਮਾਤਮਾ ਦੇ ਨਾਮ ਤੋਂ ਬਿਨਾਂ ਮਨ ਨੂੰ ਆਤਮਿਕ ਖਿੜਾਉ ਦੀ ਛੋਹ ਹਾਸਿਲ ਨਹੀਂ ਹੁੰਦੀ, ਮਨ ਸਦਾ ਭਟਕਦਾ ਰਹਿੰਦਾ ਹੈ। ਜਦੋਂ ਮਨ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ ਤਾਂ ਮਨੁੱਖ ਸਾਰੇ ਸੰਬੰਧੀਆਂ ਵਿੱਚ ਰਹਿੰਦਾ ਹੋਇਆ, ਦੁਨੀਆਂ ਦੇ ਕਾਰ-ਵਿਹਾਰ ਕਰਦਾ ਹੋਇਆ ਵੀ ਆਤਮਿਕ ਆਨੰਦ ਪ੍ਰਾਪਤ ਕਰ ਲੈਂਦਾ ਹੈ। ਮਨਮੁਖ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਨਾਮ ਸਿਮਰਨ ਕਰਨ ਵਾਲੇ, ਪਾਠ ਕਰਨ ਵਾਲੇ ਅਤੇ ਕਥਾ, ਕੀਰਤਨ ਆਦਿ ਸੁਣਨ ਵਾਲੇ ਵੀ ਦੁਖੀ ਰਹਿੰਦੇ ਹਨ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ ਆਦਿ ਵਿਕਾਰਾਂ ਅਤੇ ਮਾਨਸਿਕ ਤਨਾਅ ਤੋਂ ਮੁਕਤ ਨਹੀਂ ਹੁੰਦੇ। ਉਹਨਾਂ ਨੂੰ ਨਾਮ ਦਾ ਫਲ ਕਿਉਂ ਨਹੀਂ ਪ੍ਰਾਪਤ ਹੁੰਦਾ?

ਅਸਲ ਵਿੱਚ ਨਾਮ ਜਪਣ ਵਾਲੇ ਜਿਹੜੇ ਮਨੁੱਖ ਨਾਮ ਸਿਮਰਨ ਦਾ ਫਲ ਪ੍ਰਾਪਤ ਨਹੀਂ ਕਰਦੇ, ਉਹ ਮਾਨੋਂ ਪਰਮਾਤਮਾ ਨਾਲ ਨਹੀਂ ਜੁੜਦੇ, ਪਰਮਾਤਮਾ ਦੇ ਨਾਮ ਨੂੰ ਆਪਣੇ ਅੰਦਰ ਨਹੀਂ ਵਸਾਉਂਦੇ। ਸਿਰਫ ਵਿਖਾਵੇ ਲਈ ਮੂੰਹੋਂ ਪ੍ਰਭੂ ਦਾ ਨਾਮ ਲੈਂਦੇ ਹਨ। ਪਰਮਾਤਮਾ ਦਾ ਨਾਮ ਤਾਂ ਹਰੇਕ ਮਨੁੱਖ ਲੈ ਲੈਂਦਾ ਹੈ ਪਰ ਸਿਰਫ ਕਹਿਣ ਨਾਲ ਨਾਮ ਸਿਮਰਨ ਦਾ ਫਲ ਪ੍ਰਾਪਤ ਨਹੀਂ ਹੁੰਦਾ। ਗੁਰਵਾਕ ਹੈ :

ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ॥

ਗੁਰਪਰਸਾਦੀ ਰਾਮੁ ਮਨਿ ਵਸੈ ਤਾਂ ਫਲੁ ਪਾਵੈ ਕੋਇ॥

(ਗੂਜਰੀ, ਮ: ੩, ਪੰਨਾ ੪੯੧)

ਜਿਹੜੇ ਪਰਮਾਤਮਾ ਦੇ ਨਾਮ ਨੂੰ ਮਨ ਵਿੱਚ ਨਹੀਂ ਵਸਾਉਂਦੇ, ਰਸਨਾ ਨਾਲ ਪਰਮਾਤਮਾ ਦੇ ਨਾਮ ਦਾ ਗੁਣ-ਕੀਰਤਨ ਤਾਂ ਕਰਦੇ ਹਨ ਪਰ ਬੋਲੇ ਹੋਏ ਨੂੰ ਸਮਝਦੇ ਨਹੀਂ, ਉਹਨਾਂ ਦੇ ਮਨ ਪਰਮਾਤਮਾ ਦੇ ਪਿਆਰ ਵਿੱਚ ਰੰਗੇ ਨਹੀਂ ਜਾਂਦੇ ਬਲਕਿ ਸਦਾ ਭਟਕਦੇ ਰਹਿੰਦੇ ਹਨ :

ਹਰਿ ਹਰਿ ਨਿਤ ਕਰਹਿ ਰਸਨਾ, ਕਹਿਆ ਕਛੂ ਨ ਜਾਣੀ॥

(ਰਾਮਕਲੀ, ਮ: ੩, ਅਨੰਦੁ, ਪੰਨਾ ੯੨੦)

ਮਾਨੁਖੁ ਕਥੈ ਕਥਿ ਲੋਕ ਸੁਨਾਵੈ, ਜੋ ਬੋਲੈ ਸੋ ਨ ਬੀਚਾਰੇ॥

(ਨਟ, ਮ: ੪, ਪੰਨਾ ੯੮੧)

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥

ਨਾਮੁ ਨ ਬੂਝਹਿ ਭਰਮਿ ਭੁਲਾਨਾ॥ (ਮਾਰੂ, ਮ: ੧, ਪੰਨਾ ੧੦੩੨)

ਸੱਚੀ ਭਗਤੀ ਤਾਂ ਹੀ ਹੁੰਦੀ ਹੈ ਜੇਕਰ ਪਰਮਾਤਮਾ ਹਿਰਦੇ ਵਿੱਚ ਵਸ ਜਾਏ :

ਮੇਰੇ ਮਨ, ਹਰਿ ਕਾ ਨਾਮੁ ਧਿਆਇ॥

ਸਾਚੀ ਭਗਤਿ ਤਾ ਥੀਐ, ਜਾ ਹਰਿ ਵਸੈ ਮਨਿ ਆਇ॥

(ਸਿਰੀਰਾਗੁ, ਮ: ੩, ਪੰਨਾ ੩੫)

ਜੇਕਰ ਮਨੁੱਖ ਨੂੰ ਸੋਨਾ, ਚਾਂਦੀ ਇਕੱਠਾ ਕਰਨ ਦਾ ਲੋਭ, ਕਾਮ ਦਾ ਚਸਕਾ ਸੁਗੰਧੀਆਂ ਦੀ ਲਗਨ, ਸੋਹਣੇ ਘਰ ਬਣਾਉਣ ਦੀ ਲਾਲਸਾ, ਪਦਾਰਥਾਂ ਦਾ ਮੋਹ, ਇੰਨੇ ਚਸਕੇ ਲੱਗੇ ਹੋਣ ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਹਿਰਦੇ ਵਿੱਚ ਕਿਵੇਂ ਹੋ ਸਕਦਾ ਹੈ? ਗੁਰਵਾਕ ਹੈ :

ਰਸੁ ਸੁਇਨਾ, ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ, ਰਸੁ ਸੇਜਾ ਮੰਦਰ, ਰਸੁ ਮੀਠਾ, ਰਸੁ ਮਾਸੁ॥
ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ॥

(ਸਿਰੀਰਾਗੁ, ਮ: ੧, ਪੰਨਾ ੧੫)

ਵਿਸ਼ਿਆਂ ਦੇ ਸੁਆਦ ਵਿੱਚ ਫਸਿਆ ਹੋਇਆ ਮਨ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰਾਂ ਦਾ ਜ਼ਹਿਰ ਆਪਣੇ ਅੰਦਰ ਇਕੱਠਾ ਕਰ ਲੈਂਦਾ ਹੈ। ਉਸ ਦਾ ਮਨ ਦਸੀਂ ਪਾਸੇ ਭਟਕਦਾ ਰਹਿੰਦਾ ਹੈ, ਉਹ ਹਰ ਵੇਲੇ ਹੋਰ ਹੋਰ ਸਰੀਰਕ ਸੁਖਾਂ ਦੀ ਪ੍ਰਾਪਤੀ ਲਈ ਚਿੰਤਾ ਕਰਦਾ ਰਹਿੰਦਾ ਹੈ। ਉਸ ਦਾ ਮਨਾ ਅਡੋਲ ਅਤੇ ਪਵਿੱਤਰ ਨਹੀਂ ਰਹਿੰਦਾ। ਪ੍ਰਭੂ ਨੂੰ ਹਿਰਦੇ ਵਿੱਚ ਵਸਾਉਣ ਲਈ ਮਨ ਦੀ ਅਡੋਲਤਾ ਅਤੇ ਪਵਿੱਤਰਤਾ ਬਹੁਤ ਜ਼ਰੂਰੀ ਹੈ। ਭਟਕਦਾ ਹੋਇਆ ਮਨ ਪਰਮਾਤਮਾ ਨਾਲ ਨਹੀਂ ਜੁੜ ਸਕਦਾ :

ਮਨੂਆ ਦਹ ਦਿਸ ਧਾਵਦਾ, ਓਹੁ ਕੈਸੇ ਹਰਿ ਗੁਣ ਗਾਵੈ॥
ਇੰਦ੍ਰੀ ਵਿਆਪਿ ਰਹੀ ਅਧਿਆਈ, ਕਾਮੁ ਕ੍ਰੋਧੁ ਨਿਤ ਸੰਤਾਵੈ॥

(ਵਡਹੰਸ, ਮ: ੩, ਪੰਨਾ ੫੬੫)

ਜੇਕਰ ਰਸਨਾ ਨਾਲ ਪ੍ਰਭੂ ਦਾ ਨਾਮ ਤਾਂ ਲਿਆ ਜਾਂਦਾ ਹੈ ਪਰ ਅੰਦਰ ਵਿਕਾਰਾਂ ਦੀ ਮੈਲ ਹੈ, ਮਾਇਆ ਇਕੱਠੀ ਕਰਨ ਲਈ ਛਲ ਕਪਟ ਕੀਤਾ ਜਾਂਦਾ ਹੈ, ਅੰਦਰ ਈਰਖਾ ਹੈ, ਨਿੰਦਾ, ਚੁਗਲੀ ਦੀ ਭਾਵਨਾ ਹੈ ਤਾਂ ਨਾਮ ਜਪਣਾ ਲੋਕ ਵਿਖਾਵਾ ਬਣ ਜਾਂਦਾ ਹੈ। ਐਸੇ ਮਨੁੱਖਾਂ ਨੂੰ ਨਾਮ ਸਿਮਰਨ ਦਾ ਫਲ ਨਹੀਂ ਮਿਲਦਾ। ਜਿਵੇਂ ਦਾਣਿਆਂ ਤੋਂ ਖਾਲੀ ਤੂਹਾਂ (ਸਿਟਿਆਂ) ਨੂੰ ਕੁੱਟਣ ਵਾਲੇ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ। ਗੁਰਵਾਕ ਹੈ :

ਮਾਇਆ ਕਾਰਣਿ ਕਰੈ ਉਪਾਉ॥
ਕਬਹਿ ਨ ਘਾਲੈ ਸੀਧਾ ਪਾਉ॥
ਜਿਨਿ ਕੀਆ ਤਿਸੁ ਚੀਤਿ ਨ ਆਣੈ॥
ਕੂੜੀ ਕੂੜੀ ਮੁਖਹੁ ਵਖਾਣੈ॥ (ਭੈਰਉ, ਮ: ੫, ਪੰਨਾ ੧੧੫੧)

—ਮਨਿ ਮੈਲੇ ਭਗਤਿ ਨ ਹੋਵਈ, ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ, ਮੈਲੈ ਮੁਏ, ਜਾਸਨਿ ਪਤਿ ਗਵਾਇ॥

(ਸਿਰੀਰਾਗੁ, ਮ: ੩, ਪੰਨਾ ੩੯)

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ, ਮੁਖਹੁ ਹਰਿ ਹਰਿ ਸੁਣਾਇ॥
ਅੰਤਰਿ ਲੋਭੁ ਮਹਾ ਗੁਬਾਰਾ, ਤੁਹ ਕੂਟੈ, ਦੁਖ ਖਾਇ॥

(ਸਾਰਗ, ਮ: ੪, ਪੰਨਾ ੧੧੯੯)

ਪਰਮਾਤਮਾ ਨੂੰ ਹਿਰਦੇ ਵਿੱਚ ਵਸਾਉਣ ਲਈ ਮਨ ਦੀਆਂ ਵਾਸ਼ਨਾਵਾਂ

ਛੱਡਣੀਆਂ ਪੈਂਦੀਆਂ ਹਨ :

ਰਾਮ ਰਾਮ ਬੋਲਿ ਰਾਮ ਰਾਮ॥

ਤਿਆਗਹੁ ਮਨ ਕੇ ਸਗਲ ਕਾਮ॥ (ਬਸੰਤ, ਮ: ੫, ਪੰਨਾ ੧੧੯੨)

ਮਨ ਦੀਆਂ ਵਾਸ਼ਨਾਵਾਂ ਦੇ ਕਾਰਨ ਮਨ ਵਿੱਚ ਸਹਿਮ ਦੀ ਗੰਢ ਬਣੀ ਰਹਿੰਦੀ ਹੈ। ਮਨ ਵਿੱਚ ਪ੍ਰਭੂ ਲਈ ਪਿਆਰ ਪੈਦਾ ਨਹੀਂ ਹੁੰਦਾ, ਮਨ ਦੇ ਨਾਲ ਪਰਮਾਤਮਾ ਦੀ ਛੋਹ ਹੀ ਨਹੀਂ ਬਣਦੀ ਤੇ ਜਦੋਂ ਤੱਕ ਲੋਹਾ ਪਾਰਸ ਨਾਲ ਛੂਹੇ ਨਾ ਤਦ ਤੱਕ ਉਹ ਸ਼ੁੱਧ ਸੋਨਾ ਕਿਵੇਂ ਬਣ ਸਕਦਾ ਹੈ :

ਪੜੀਐ ਗੁਨੀਐ ਨਾਮੁ ਸਭੁ ਸੁਨੀਐ, ਅਨਭਉ ਭਾਉ ਨ ਦਰਸੈ॥

ਲੋਹਾ ਕੰਚਨੁ ਹਿਰਨ ਹੋਇ ਕੈਸੇ, ਜਉ ਪਾਰਸਹਿ ਨ ਪਰਸੈ॥

(ਰਾਮਕਲੀ, ਬਾਣੀ ਰਵੀਦਾਸ ਜੀ ਕੀ, ਪੰਨਾ ੯੭੩)

ਇਸ ਦਾ ਇਹ ਭਾਵ ਨਹੀਂ ਕਿ ਮੂੰਹੋਂ ਪਰਮਾਤਮਾ ਦਾ ਨਾਮ ਉਚਾਰਣਾ ਵਿਅਰਥ ਹੈ। ਸਗੋਂ ਪਰਮਾਤਮਾ ਨੂੰ ਹਿਰਦੇ ਵਿੱਚ ਵਸਾਉਣ ਲਈ ਪ੍ਰਭੂ ਨੂੰ ਹਰ ਵੇਲੇ ਯਾਦ ਰੱਖਣਾ ਜ਼ਰੂਰੀ ਹੈ। ਜਿਸ ਨੂੰ ਯਾਦ ਰੱਖਣਾ ਹੋਵੇ ਉਸ ਦਾ ਨਾਮ ਵਾਰ ਵਾਰ ਦੁਹਰਾਇਆ ਜਾਂਦਾ ਹੈ। ਇਸ ਲਈ ਪਵਿੱਤਰ ਮਨ ਨਾਲ ਵਾਰ-ਵਾਰ ਨਾਮ ਜਪਣ ਦਾ ਆਦੇਸ਼ ਹੈ :

ਉਚਰਹੁ ਰਾਮ ਨਾਮੁ ਲਖ ਬਾਰੀ॥

ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ॥ (ਗਉੜੀ, ਮ: ੫, ਪੰਨਾ ੧੯੪)

—ਬਾਰੰ ਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥

(ਗਉੜੀ, ਸੁਖਮਨੀ, ਮ: ੫, ਪੰਨਾ ੨੮੬)

ਜੀਵਤ ਜੀਵਤ ਜੀਵਤ ਰਹਹੁ। ਰਾਮ ਰਸਾਇਣੁ ਨਿਤ ਉਠਿ ਪੀਵਹੁ॥

ਹਰਿ ਹਰਿ ਹਰਿ ਹਰਿ ਰਸਨਾ ਕਹਹੁ॥ (ਭੈਰਉ, ਮ: ੫, ਪੰਨਾ ੧੧੩੯)

ਪਰ ਨਾਮ ਨੂੰ ਮੂੰਹੋਂ ਉਚਾਰਨ ਦੇ ਨਾਲ ਨਾਲ ਮਨ ਵਿੱਚ ਵਸਾਈ ਰੱਖਣ ਦੀ ਵੀ ਤਾਕੀਦ ਕੀਤੀ ਗਈ ਹੈ :

ਹਰਿ ਹਰੇ ਹਰਿ, ਮੁਖਹੁ ਬੋਲਿ ਹਰਿ ਹਰੇ ਮਨਿ ਧਾਰੇ॥

(ਸਾਰਗ, ਮ:, ੫, ਪੰਨਾ ੧੨੩੦)

ਨਾਮ ਨੂੰ ਪ੍ਰੇਮ ਨਾਲ ਨਾਮ ਜਪਣਾ ਚਾਹੀਦਾ ਹੈ, ਮਨ ਦੇ ਹਠ ਨਾਲ ਨਹੀਂ। ਮਨ ਦੇ ਹਠ ਨਾਲ ਕੀਤਾ ਹੋਇਆ ਕੋਈ ਵੀ ਯਤਨ ਸਫਲ ਨਹੀਂ ਹੁੰਦਾ :

ਮਨ ਹਠਿ ਕਿਨੈ ਨ ਪਾਇਓ, ਸਭ ਥਕੇ ਕਰਮ ਕਮਾਇ॥

(ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੩)

ਮਨ ਦੇ ਹਠ ਨਾਲ ਨਾਮ ਜਪਣ ਨਾਲ ਮਨ ਦੀ ਮੈਲ ਦੂਰ ਨਹੀਂ ਹੁੰਦੀ ਬਲਕਿ ਹਉਮੈ ਦੀ ਮੈਲ ਵਧਦੀ ਹੈ — 'ਮਨਮੁਖ ਹਰਿ ਹਰਿ ਕਰਿ ਥਕੇ, ਮੈਲੁ ਨ ਸਕੀ ਧੋਇ॥ (ਪੰਨਾ ੩੯) ਮਨ ਵਿੱਚ ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਹੋਣਾ ਜ਼ਰੂਰੀ ਹੈ। ਪ੍ਰਭੂ ਦੇ ਵਿਸ਼ਵਾਸ ਹੋਣ ਨਾਲ ਹੀ ਮਨ ਨਾਮ-ਰਸ ਨਾਲ ਭਿੱਜਦਾ ਹੈ। ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ ਕਿ ਜੇਕਰ ਮਨ ਵਿੱਚ ਹਰਿ ਦੀ ਹੋਂਦ ਦੀ ਪ੍ਰਤੀਤਿ ਨਹੀਂ ਆਈ, ਅਡੋਲਤਾ ਵਿੱਚ ਪ੍ਰਭੂ ਦਾ ਪ੍ਰੇਮ ਨਹੀਂ ਬਣਿਆ, ਜੇਕਰ ਮਨ ਸ਼ਬਦ ਦੇ ਰਸ ਨਾਲ ਨਾ ਭਿੱਜਿਆ ਤਾਂ ਮਨ ਦੇ ਹਠ ਨਾਲ ਸਿਫਤਿ-ਸਾਲਾਹ ਕਰਨ ਦਾ ਕੀ ਲਾਭ ? :

ਮਨਿ ਪਰਤੀਤਿ ਨ ਆਈਆ, ਸਹਿਜ ਨ ਲਗੋ ਭਾਉ॥
ਸਬਦੈ ਸਾਦੁ ਨ ਪਾਇਓ, ਮਨ ਹਠਿ ਕਿਆ ਗੁਣ ਗਾਇ॥

(ਬਿਹਾਗੜੇ ਕੀ ਵਾਰ, ਸਲੋਕ, ਮ: ੩, ਪੰਨਾ ੫੪੯)

ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਹੋ ਜਾਏ ਤਾਂ ਹਿਰਦੇ ਵਿੱਚ ਪ੍ਰਭੂ ਦਾ ਡਰ ਬਣਿਆ ਰਹਿੰਦਾ ਹੈ। ਪਰਮਾਤਮਾ ਹਰ ਵੇਲੇ ਅੰਗ-ਸੰਗ ਜਾਪਦਾ ਹੈ ਅਤੇ ਮਨੁੱਖ ਮੰਦੇ ਕਰਮ ਨਹੀਂ ਕਰਦਾ। ਹਰ ਵੇਲੇ ਉਠਦੇ-ਬੈਠਦੇ ਪ੍ਰਭੂ ਨੂੰ ਯਾਦ ਰੱਖਦਾ ਹੈ। ਜਿਵੇਂ ਸੁਨਿਆਰੇ ਦਾ ਮਨ ਹੋਰਨਾਂ ਨਾਲ ਗੱਲਾਂ ਕਰਦੇ ਹੋਏ ਵੀ ਕੁਠਾਲੀ ਵਿੱਚ ਪਏ ਸੋਨੇ ਵਿੱਚ ਜੁੜਿਆ ਰਹਿੰਦਾ ਹੈ। ਪਤੰਗ ਨੂੰ ਉਡਾਉਣ ਵਾਲੇ ਦਾ ਮਨ ਹਰ ਦਮ ਆਪਣੀ ਗੁੱਡੀ ਨਾਲ ਲੱਗਿਆ ਰਹਿੰਦਾ ਹੈ। ਮਾਂ ਆਪਣੇ ਬਾਲ ਨੂੰ ਪੰਘੂੜੇ ਵਿੱਚ ਪਾਉਂਦੀ ਹੈ, ਅੰਦਰ ਬਾਹਰ ਘਰ ਦੇ ਕੰਮਾਂ ਵਿੱਚ ਰੁੱਝੀ ਰਹਿੰਦੀ ਹੈ, ਸਾਰਿਆਂ ਨਾਲ ਗੱਲਾਂ ਵੀ ਕਰਦੀ ਹੈ, ਪਰ ਧਿਆਨ ਆਪਣੇ ਬੱਚੇ ਵਿੱਚ ਹੀ ਰੱਖਦੀ ਹੈ, ਇਸੇ ਤਰ੍ਹਾਂ ਪਰਮਾਤਮਾ ਨਾਲ ਪ੍ਰੇਮ ਕਰਨ ਵਾਲੇ ਦਾ ਮਨ ਹਰ ਵੇਲੇ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ :

ਮਨੁ ਰਾਮ ਨਾਮਾ ਬੇਧੀਅਲੇ।
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥੧॥ਰਹਾਉ॥
ਆਨੀਲੇ ਕੁੰਭੁ ਭਰਾਈਲੇ ਊਦਕ, ਰਾਜ ਕੁਆਰਿ ਪੁਰੰਦਰੀਏ॥
ਹਸਤ ਬਿਨੋਦ ਬੀਚਾਰ ਕਰਤੀ ਹੈ, ਚੀਤੁ ਸੁ ਗਾਗਰਿ ਰਾਖੀਅਲੇ॥੨॥
ਮੰਦਰੁ ਏਕੁ ਦੁਆਰ ਦਸ ਜਾ ਕੇ, ਗਊ ਚਰਾਵਨ ਛਾਡੀਅਲੇ॥
ਪਾਂਚ ਕੋਸ ਪਰ ਗਊ ਚਰਾਵਤ, ਚੀਤੁ ਸੁ ਬਛਰਾ ਰਾਖੀਅਲੇ॥੩॥
ਕਹਤ ਨਾਮਦੇਉ ਸੁਨਹੁ ਤਿਲੋਚਨ, ਬਾਲਕੁ ਪਾਲਨ ਪਉਢੀਅਲੇ।
ਅੰਤਰਿ ਬਾਹਰਿ ਕਾਜ ਬਿਰੂਧੀ, ਚੀਤੁ ਸੁ ਬਾਰਿਕ ਰਾਖੀਅਲੇ॥੪॥

(ਬਾਣੀ ਨਾਮਦੇਉ ਜੀ ਕੀ, ਪੰਨਾ ੯੭੨)

ਪਰਮਾਤਮਾ ਨੂੰ ਹਿਰਦੇ ਵਿੱਚ ਵਸਾਉਣ ਦਾ ਭਾਵ ਹੈ : ਮਨ ਰਾਹੀਂ, ਬੋਲ ਰਾਹੀਂ ਅਤੇ ਹਰੇਕ ਕਰਮ ਰਾਹੀਂ ਪ੍ਰਭੂ ਨੂੰ ਯਾਦ ਰੱਖਣਾ :

ਮਨ ਬਚ ਕ੍ਰਮਿ ਰਾਮ ਨਾਮੁ ਚਿਤਾਰੀ॥
ਘੂਮਨ ਘੇਰਿ ਮਹਾ ਅਤਿ ਬਿਖੜੀ, ਗੁਰਮੁਖਿ ਨਾਨਕ ਪਾਰਿ ਉਤਾਰੀ॥

(ਰਾਮਕਲੀ, ਮ: ੫, ਪੰਨਾ ੯੧੬)

ਹਰਿ ਰਾਮ ਬੋਲਹੁ ਹਰਿ ਸਾਧੂ, ਹਰਿ ਕੇ ਜਨ ਸਾਧੂ, ਜਗਦੀਸੁ
ਜਪਹੁ ਮਨਿ ਬਚਨਿ ਕਰਮਿ ਹਰਿ ਹਰਿ ਆਰਾਧੂ, ਹਰਿ ਕੇ ਜਨ ਸਾਧੂ॥
ਹਰਿ ਰਾਮ ਬੋਲਿ, ਹਰਿ ਰਾਮ ਬੋਲਿ, ਸਭਿ ਪਾਪ ਗਵਾਧੂ॥

(ਸਾਰੰਗ ਮ: ੪, ਪੰਨਾ ੧੨੦੧)

ਜਿਹੜਾ ਮਨੁੱਖ ਬਾਣੀ ਪੜ੍ਹਦਾ ਹੈ ਪਰ ਵਿਚਾਰ ਨਹੀਂ ਕਰਦਾ, ਜੋ ਪੜ੍ਹਦਾ ਹੈ ਉਸ ਨੂੰ ਹਿਰਦੇ ਵਿੱਚ ਨਹੀਂ ਵਸਾਉਂਦਾ, ਉਸ ਦੇ ਅਨੁਸਾਰ ਆਪਣਾ ਜੀਵਨ ਨਹੀਂ ਢਾਲਦਾ, ਉਹ ਨਾਮ ਦੇ ਫਲ ਨੂੰ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਦੇ ਸ਼ਬਦ ਦੇ ਰਾਹੀਂ ਪ੍ਰਭੂ ਦੇ ਗੁਣਾ ਦੀ ਵਿਚਾਰ ਕੀਤਿਆਂ ਹੀ ਇਹ ਸਮਝ ਆਉਂਦੀ ਹੈ ਅਤੇ ਨਾਮ-ਅੰਮ੍ਰਿਤ ਪ੍ਰਾਪਤ ਹੁੰਦਾ ਹੈ :

ਕਾਇਆ ਅੰਮ੍ਰਿਤਿ ਰਹੀ ਭਰਪੂਰੇ, ਪਾਈਐ ਸਬਦਿ ਵੀਚਾਰੀ॥

(ਰਾਮਕਲੀ, ਮ: ੩, ਪੰਨਾ ੯੧੧)

ਮਨ ਮੇਰੇ, ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ, ਮੈਲੁ ਨ ਸਕੀ ਧੋਇ॥

(ਸਿਰੀਰਾਗੁ, ਮ: ੩, ਪੰਨਾ ੩੯)

ਗੁਰੂ ਦਾ ਸ਼ਬਦ ਮਨ ਦੀ ਭਟਕਣਾ ਦੂਰ ਕਰਨ ਲਈ ਮਾਨੋ ਦਵਾਈ ਹੈ। ਜਿਵੇਂ ਮਹਾਵਤ ਹਾਥੀ ਨੂੰ ਵੱਸ ਵਿੱਚ ਰੱਖਣ ਲਈ ਲੋਹੇ ਦਾ ਡੰਡਾ ਉਸ ਦੇ ਸਿਰ ਉੱਤੇ ਮਾਰਦਾ ਹੈ, ਤਿਵੇਂ ਗੁਰੂ ਨੇ ਜਿਸ ਮਨੁੱਖ ਦੇ ਸਿਰ ਉੱਤੇ ਆਪਣਾ ਸ਼ਬਦ-ਅੰਕੁਸ਼ ਰੱਖ ਦਿੱਤਾ ਉਸ ਦੇ ਮਨ ਨੂੰ ਹਿਰਦੇ-ਘਰ (ਸ੍ਵੈ-ਸਰੂਪ) ਵਿੱਚ ਲਿਆ ਕੇ ਟਿਕਾ ਦਿੱਤਾ :

ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ,
ਤਿਲੁ ਘਰਿ ਨਹੀ ਵਾਸਾ ਪਾਈਐ॥
ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ,
ਘਰਿ ਮੰਦਰਿ ਆਣਿ ਵਸਾਈਐ॥

(ਬਸੰਤੁ ਹਿੰਡੋਲ, ਮ: ੪, ਪੰਨਾ ੧੧੭੯)

ਗੁਰ-ਸ਼ਬਦ ਦੀ ਵੀਚਾਰ ਕਰਨ ਨਾਲ ਚਿੰਤਾ, ਫਿਕਰ ਦੂਰ ਹੋ ਜਾਂਦੇ ਹਨ, ਭਟਕਣਾਂ ਸਮਾਪਤ ਹੋ ਜਾਂਦੀਆਂ ਹਨ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਗੁਰਵਾਕ ਹੈ :

ਸਬਦਿ ਰਤੇ ਸੇ ਨਿਰਮਲੇ, ਤਜਿ ਕਾਮ ਕ੍ਰੋਧੁ ਅਹੰਕਾਰੁ॥
ਨਾਮੁ ਸਲਾਹਨਿ ਸਦ ਸਦਾ, ਹਰਿ ਰਾਖਹਿ ਉਰ ਧਾਰਿ॥

(ਸਿਰੀਰਾਗ, ਮ: ੧, ਪੰਨਾ ੫੮)

ਗੁਰ ਕਾ ਸਬਦੁ ਰਾਖੁ ਮਨ ਮਾਹਿ॥
ਨਾਮੁ ਸਿਮਰਿ ਚਿੰਤਾ ਸਭ ਜਾਹਿ॥ (ਗਉੜੀ, ਮ: ੫, ਪੰਨਾ ੧੯੨)

—ਮਾਇਆ ਮੋਹੁ ਸਬਦਿ ਜਲਾਏ॥
ਮਨੁ ਤਨੁ ਹਰਿਆ ਸਤਿਗੁਰ ਭਾਏ॥ (ਬਸੰਤ ਮ: ੩, ਪੰਨਾ ੧੧੭੩)

ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਜਦੋਂ ਮਨ ਪਵਿੱਤਰ ਹੋ ਜਾਂਦਾ ਹੈ, ਪਵਿੱਤਰ ਮਨ ਨਾਲ ਪ੍ਰਭੂ ਦੀ ਸਿਫਤਿ ਸਾਲਾਹ ਦੇ ਗੀਤ ਗਾਉਂਦਾ ਹੈ, ਗੁਰੂ ਦੀ ਮਤਿ ਤੇ ਚੱਲ ਕੇ ਆਪਣੇ ਆਤਮਿਕ ਜੀਵਨ ਨੂੰ ਪੜਤਾਲਦਾ ਹੈ ਤਾਂ ਪਰਮਾਤਮਾ ਦੇ ਚਰਨਾਂ ਵਿੱਚ ਥਾਂ ਪ੍ਰਾਪਤ ਕਰ ਲੈਂਦਾ ਹੈ :

ਸਬਦੁ ਚੀਨਿ ਮਨੁ ਨਿਰਮਲੁ ਹੋਵੈ, ਤਾ ਹਰਿ ਕੇ ਗੁਣ ਗਾਵੈ॥
ਗੁਰਮਤੀ ਆਪੈ ਆਪੁ ਪਛਾਣੈ, ਤਾ ਨਿਜ ਘਰਿ ਵਾਸਾ ਪਾਵੈ॥

(ਵਡਹੰਸ, ਮ: ੩, ਪੰਨਾ ੫੬੫)

ਸ਼ਬਦ ਨੂੰ ਸੁਰਤਿ ਵਿੱਚ ਟਿਕਾਉਣ ਨਾਲ ਆਪਾ ਭਾਵ ਦੂਰ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਦੁਆਰਾ ਪਰਮਾਤਮਾ ਦੇ ਗੁਣਾਂ ਦੀ ਵੀਚਾਰ ਕੀਤਿਆਂ ਮਨੁੱਖ ਦੀ ਸੁਰਤਿ ਸੇਵਾ ਵੱਲ ਪਰਤਦੀ ਹੈ, ਉਹ ਹਉਮੈ ਦੂਰ ਕਰਕੇ ਵਿਕਾਰਾਂ ਦੀਆਂ ਲਹਿਰਾਂ ਤੋਂ ਬਚ ਜਾਂਦਾ ਹੈ, ਮਨ ਪਵਿੱਤਰ ਹੋ ਜਾਂਦਾ ਹੈ, ਉਸ ਦੀ ਪੂਜਾ ਹਰਿ ਦਰ ਤੇ ਪ੍ਰਵਾਨ ਹੈ ਅਤੇ ਉਹ ਮਾਨੋਂ ਜਪ, ਤਪ ਅਤੇ ਸੰਜਮ ਕਮਾ ਲੈਂਦਾ ਹੈ :

ਪੂਜਾ ਕਰੈ ਸਭੁ ਲੋਕੁ ਸੰਤਹੁ, ਮਨਮੁਖਿ ਥਾਇ ਨ ਪਾਈ॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ, ਏਹ ਪੂਜਾ ਥਾਇ ਪਾਈ॥

(ਰਾਮਕਲੀ, ਮ: ੩, ਪੰਨਾ ੯੧੦)

ਗੁਰ ਸਬਦੁ ਬੀਚਾਰਹਿ ਆਪੁ ਜਾਇ॥
ਸਾਚ ਜੋਗੁ ਮਨਿ ਵਸੈ ਆਇ॥ (ਬਸੰਤ, ਮ: ੧, ਪੰਨਾ ੧੧੯੦)

ਮਨੁੱਖ ਸਤਿਗੁਰੂ ਦੇ ਸ਼ਬਦ ਨਾਲ ਜੁੜਦਾ ਹੈ ਤਾਂ ਹੀ ਰਸ ਆਉਂਦਾ ਹੈ, ਮਨ ਭਿੱਜਦਾ ਹੈ, ਨਿਰੀ ਸਿੱਖਿਆ ਸੁਣ ਕੇ ਸੁਆਦ ਨਹੀਂ ਆਉਂਦਾ। ਗੁਰੂ ਦੀ ਦੱਸੀ ਸੇਵਾ ਕੀਤਿਆਂ ਹੀ ਨਾਮ ਮਨ ਵਿੱਚ ਵਸਦਾ ਹੈ ਤੇ ਅੰਦਰੋਂ ਭਰਮ ਤੇ ਡਰ ਦੂਰ ਹੋ ਜਾਂਦਾ ਹੈ:

ਸੁਣਿ ਸਿਖਿਐ ਸਾਦੁ ਨ ਆਇਓ,

ਜਿਚਰੁ ਗੁਰਮੁਖਿ ਸਬਦਿ ਨ ਲਾਗੈ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ, ਵਿਚਹੁ ਭ੍ਰਮੁ ਭਉ ਭਾਗੈ॥

(ਵਡਹੰਸ ਕੀ ਵਾਰ, ਮ: ੩, ਪੰਨਾ ੫੯੦

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿਰਫ ਮੂੰਹੋਂ ਪਰਮਾਤਮਾ ਦਾ ਨਾ ਉਚਾਰਨ ਨਾਲ ਪਰਮਾਤਮਾ ਨੂੰ ਨਹੀਂ ਲੱਭਿਆ ਜਾ ਸਕਦਾ। ਮੂੰਹੋਂ ਤਾਂ ਸਾਰਾ ਸੰਸਾ ਹੀ 'ਰਾਮ ਰਾਮ' ਆਖਦਾ ਫਿਰਦਾ ਹੈ। ਜਿਹੜਾ ਮਨੁੱਖ ਗੁਰ-ਸ਼ਬਦ ਨਾਲ ਜੁੜਦਾ ਂ ਗੁਰ-ਸ਼ਬਦ ਦੀ ਵੀਚਾਰ ਕਰਕੇ ਸ਼ਬਦ ਅਨੁਸਾਰ ਜੀਵਨ ਘਾੜਤ ਘੜਦਾ ਹੈ, ਮ ਨੂੰ ਆਪਣੇ ਵੱਸ ਵਿੱਚ ਕਰ ਲੈਂਦਾ ਹੈ, ਮਾਇਆ ਦੇ ਮੋਹ ਤੋਂ ਮੁਕਤ ਹੋ ਕੇ ਅਂ ਚਿੱਤ ਹੋ ਕੇ ਹਿਰਦੇ ਘਰ ਵਿੱਚ ਟਿਕਿਆ ਰਹਿੰਦਾ ਹੈ, ਉਹ ਆਪਣੇ ਅੰਦਰ ਵ ਪਰਮਾਤਮਾ ਨੂੰ ਪਛਾਣ ਲੈਂਦਾ ਹੈ :

ਰਸਨਾ ਨਾਮੁ ਸਭੁ ਕੋਈ ਕਹੈ॥ ਸਤਿਗੁਰ ਸੇਵੇ ਤਾ ਨਾਮੁ ਲਹੈ॥
ਬੰਧਨ ਤੋੜੇ ਮੁਕਤਿ ਘਰਿ ਰਹੈ॥ ਗੁਰ ਸਬਦੀ ਅਸਥਿਰੁ ਘਰਿ ਬਹੈ॥

(ਮਲਾਰ, ਮ: ੩, ਪੰਨਾ ੧੨

ਮੁਖਹੁ ਹਰਿ ਹਰਿ ਸਭੁ ਕੋ ਕਰੈ, ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ੍ ਪਾਇਆ॥

(ਵਡਹੰਸ, ਮ: ੩, ਪੰਨਾ ੮

ਪਰਮਾਤਮਾ ਦੇ ਨਾਮ-ਰੰਗ ਵਿੱਚ ਰੰਗਿਆ ਹੋਇਆ ਮਨੁੱਖ ਪ੍ਰਭੂ ਨੂੰ ਹ ਵਿਆਪਕ ਵੇਖਦਾ ਹੈ; ਉਸ ਨੂੰ ਕਿਸੇ ਭੇਖ ਆਦਿ ਦੀ ਤਾਂਘ ਨਹੀਂ ਹੁੰਦੀ; ਨਾ ਜਗਤ ਦਾ ਮੋਹ ਵੀ ਉਸ ਨੂੰ ਨਹੀਂ ਵਿਆਪਦਾ, ਉਹ ਪ੍ਰਭੂ ਦਾ ਰੂਪ ਹੀ ਹੋ ਹੈ :

ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ॥
ਨਾਨਕ ਲਾਲੋ ਲਾਲੁ ਹੈ ਰਤਾ ਸਚੁ॥

(ਮਾਰੂ ਵਾਰ, ਸਲੋਕ, ਮ: ੧, ਪੰਨਾ ੧੦੮

ਭੈ ਬਿਨੁ ਭਗਤਿ ਨ ਹੋਵਈ

ਇਸ ਆਧੁਨਿਕ ਯੁੱਗ ਵਿੱਚ ਉੱਨਤੀ ਦੇ ਸਿਖਰ ਤੇ ਪਹੁੰਚ ਕੇ ਭੌਤਿਕ ਸੁੱਖ ਦੇ ਸਾਰੇ ਸਾਧਨਾਂ ਵਿੱਚ ਰਹਿੰਦਾ ਹੋਇਆ ਵੀ ਕੋਈ ਮਨੁੱਖ ਇਹ ਨਹੀਂ ਕਹਿੰਦਾ ਕਿ ਉਹ ਸੁਖੀ ਹੈ, ਖੁਸ਼ ਹੈ। ਮਾਨਸਿਕ ਤਣਾਉ, ਡਰ ਅਤੇ ਸਹਿਮ ਨਾਲ ਘਿਰਿਆ ਹੋਇਆ ਉਹ ਅਣਗਿਣਤ ਰੋਗਾਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਇਸ ਦਾ ਕਾਰਨ ਹੈ ਆਪਣੇ ਅਸਲੇ, ਆਪਣੇ ਮੂੰਹ ਨੂੰ ਭੁੱਲ ਜਾਣਾ। ਪਰਮਾਤਮਾ ਤੋਂ ਵੱਖਰੀ ਹੋਂਦ ਦਾ ਭਰਮ ਹੀ ਨਿੱਤ ਦੀ ਖੁਆਰੀ ਦਾ ਕਾਰਨ ਹੈ। ਜਿਸ ਪਰਮਾਤਮਾ ਦੀ ਕ੍ਰਿਪਾ ਨਾਲ ਸਾਰੇ ਸੁਖ ਦੇ ਸਾਧਨ ਪ੍ਰਾਪਤ ਹੁੰਦੇ ਹਨ ਉਸ ਪ੍ਰਭੂ ਨੂੰ ਵਿਸਾਰ ਕੇ ਮਾਇਆ ਨਾਲ ਪ੍ਰੀਤੀ ਹੀ ਦੁਨਿਆਵੀ ਸਹਿਮ ਨੂੰ ਪੈਦਾ ਕਰਦੀ ਹੈ। ਮਾਨਸਿਕ ਤਣਾਉ, ਡਰ ਅਤੇ ਸਹਿਮ ਤੋਂ ਸਿਰਫ ਪਰਮਾਤਮਾ ਦੀ ਭਗਤੀ, ਪਰਮਾਤਮਾ ਦੇ ਪਿਆਰ ਰਾਹੀਂ ਹੀ ਮੁਕਤ ਹੋ ਸਕੀਦਾ ਹੈ। ਭਗਤੀ ਲਈ ਪਰਮਾਤਮਾ ਦਾ ਡਰ ਹੋਣਾ ਜ਼ਰੂਰੀ ਹੈ। ਪ੍ਰਭੂ ਦੇ ਡਰ ਵਿੱਚ ਰਹਿਣ ਤੋਂ ਬਿਨਾਂ ਉਸ ਦੀ ਭਗਤੀ ਨਹੀਂ ਹੋ ਸਕਦੀ, ਉਸ ਦੇ ਨਾਮ ਵਿੱਚ ਪਿਆਰ ਨਹੀਂ ਬਣ ਸਕਦਾ :

ਭੈ ਬਿਨੁ ਭਗਤਿ ਨ ਹੋਵਈ, ਨਾਮਿ ਨ ਲਗੈ ਪਿਆਰੁ॥
ਸਤਿਗੁਰਿ ਮਿਲਿਐ ਭਉ ਊਪਜੈ, ਭੈ ਭਾਇ ਰੰਗੁ ਸਵਾਰਿ॥

(ਵਾਰ ਸੂਹੀ ਕੀ, ਮ: ੩, ਪੰਨਾ ੭੮੮)

ਵਿਣੁ ਭੈ ਪਇਐ ਭਗਤਿ ਨ ਹੋਈ॥
ਸਬਦਿ ਰਤੇ ਸਦਾ ਸੁਖੁ ਹੋਈ॥

(ਬਿਲਾਵਲੁ, ਅਸਟ, ਮ: ੧, ਪੰਨਾ ੮੩੧)

ਪ੍ਰਭੂ ਦੇ ਡਰ ਅਦਬ ਵਿੱਚ ਰਿਹਾਂ ਉਹ ਆਤਮਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿੱਥੇ ਮਨ ਪਰਮਾਤਮਾ ਦੇ ਚਰਨਾਂ ਵਿੱਚ ਜੁੜਿਆ ਰਹਿੰਦਾ ਹੈ, ਹਿਰਦੇ ਵਿੱਚ ਇਹ ਵਿਸ਼ਵਾਸ ਪੈਦਾ ਹੋ ਜਾਂਦਾ ਹੈ ਕਿ ਪ੍ਰਭੂ ਅੰਦਰ ਹੀ ਵਸਦਾ ਹੈ।

ਪ੍ਰਮਾਤਮਾ ਨੂੰ ਹਰ ਵੇਲੇ ਅੰਗ ਸੰਗ ਵੇਖਣ ਵਾਲਾ ਮਨੁੱਖ ਪਰਮਾਤਮਾ ਨੂੰ ਹਮੇਸ਼ਾ ਯਾਦ ਰੱਖਦਾ ਹੈ। ਉਹ ਇਹ ਸਮਝ ਜਾਂਦਾ ਹੈ ਕਿ ਕੋਈ ਵੀ ਕੰਮ ਪਰਮਾਤਮਾ ਤੋਂ ਲੁਕਾ ਕੇ ਨਹੀਂ ਕੀਤਾ ਜਾ ਸਕਦਾ। ਇਸ ਲਈ ਉਹ ਮੰਦੇ ਕਰਮ ਨਹੀਂ ਕਰਦਾ :

ਨਿਕਟਿ ਬੁਝੈ, ਸੋ ਬੁਰਾ ਕਿਉ ਕਰੈ॥
ਬਿਖੁ ਸੰਚੈ, ਨਿਤ ਡਰਤਾ ਫਿਰੈ॥ (ਭੈਰਉ, ਮ: ੫, ਪੰਨਾ ੧੧੩੯)

ਡਰ ਤੋਂ ਹੀ ਅਦਬ ਅਤੇ ਪ੍ਰੇਮ ਦੀ ਭਾਵਨਾ ਪੈਦਾ ਹੁੰਦੀ ਹੈ :

ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ॥

(ਆਸਾ ਕੀ ਵਾਰ, ਮ: ੧, ਪੰਨਾ ੪੬੫)

ਜਿਸ ਦੇ ਅੰਦਰ ਪ੍ਰਭੂ ਦਾ ਡਰ-ਅਦਬ ਹੈ ਉਹੀ ਪ੍ਰਭੂ ਦੇ ਗੁਣਾਂ ਦਾ ਧਾਰਨੀ ਹੋ ਸਕਦਾ ਹੈ। ਪਰਮਾਤਮਾ ਦੇ ਡਰ-ਅਦਬ ਤੋਂ ਬਿਨਾਂ ਕਿਸੇ ਵੀ ਮਨੁੱਖ ਨੇ ਪ੍ਰਭੂ-ਪ੍ਰੇਮ ਪ੍ਰਾਪਤ ਨਹੀਂ ਕੀਤਾ :

ਹਰਿ ਗੁਣ ਹਿਰਦੇ ਟਿਕਹਿ ਤਿਸ ਕੈ,
ਜਿਸੁ ਅੰਤਰਿ ਭਉ ਭਾਵਨੀ ਹੋਈ॥
ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ,
ਬਿਨੁ ਭੈ ਪਾਰਿ ਨ ਉਤਰਿਆ ਕੋਈ॥

(ਤੁਖਾਰੀ ਛੰਤ, ਮ: ੪, ਪੰਨਾ ੧੧੧੫)

ਪ੍ਰਭੂ ਨੂੰ ਪ੍ਰੇਮ ਕਰਨ ਵਾਲਾ ਉਠਦਿਆਂ-ਬੈਠਦਿਆਂ ਹਰ ਵੇਲੇ ਪਰਮਾਤਮਾ ਨੂੰ ਯਾਦ ਕਰਦਾ ਹੈ, ਇਹੀ ਭਗਤੀ ਹੈ। ਉਹ ਭਗਤੀ ਨਹੀਂ ਜਿਸ ਵਿੱਚ ਇੱਕ ਪਲ ਲਈ ਵੀ ਪ੍ਰਭੂ ਵਿਸਰ ਜਾਵੇ। ਗੁਰਵਾਕ ਹੈ :

ਇਕੁ ਤਿਲੁ ਪਿਆਰਾ ਵਿਸਰੈ, ਭਗਤਿ ਕਿਨੇਹੀ ਹੋਇ॥
ਮਨੁ ਤਨੁ ਸੀਤਲੁ ਸਾਚ ਸਿਉ, ਸਾਸੁ ਨ ਬਿਰਥਾ ਕੋਇ॥੧॥
ਮੇਰੇ ਮਨ, ਹਰਿ ਕਾ ਨਾਮੁ ਧਿਆਇ।
ਸਾਚੀ ਭਗਤਿ ਤਾ ਥੀਐ, ਜਾ ਹਰਿ ਵਸੈ ਮਨਿ ਆਇ॥

(ਸਿਰੀਰਾਗੁ, ਮ: ੩, ਪੰਨਾ ੩੫)

ਜਿਹੜੇ ਮਨੁੱਖ ਪਰਮਾਤਮਾ ਦੇ ਡਰ-ਅਦਬ ਅਤੇ ਪ੍ਰੇਮ ਵਿੱਚ ਰਹਿੰਦੇ ਹੋਏ ਉਸ ਦੀ ਭਗਤੀ ਕਰਦੇ ਹਨ ਉਹਨਾਂ ਨੂੰ ਪ੍ਰਭੂ ਹਰ ਥਾਂ ਦਿਸਦਾ ਹੈ :

ਭੈ ਭਾਇ ਭਗਤਿ ਕਰਹਿ ਦਿਨੁ ਰਾਤੀ,
ਹਰਿ ਜੀਉ ਵੇਖੈ ਸਦਾ ਹਦੂਰਿ।

(ਸਿਰੀਰਾਗੁ, ਮ: ੩, ਪੰਨਾ ੩੪)

ਡਰ-ਅਦਬ ਤੋਂ ਬਿਨਾਂ ਮਨ ਰੂਪੀ ਕੱਪੜੇ ਨੂੰ ਪਾਹ ਨਹੀਂ ਲੱਗਦੀ ਅਤੇ ਪਾਹ ਤੋਂ ਬਿਨਾਂ ਮਨ-ਕੱਪੜੇ ਨੂੰ ਪੱਕਾ ਪ੍ਰੇਮ ਰੰਗ ਨਹੀਂ ਚੜ੍ਹਦਾ। ਮਨ ਸਾਫ-ਸੁਥਰਾ ਨਹੀਂ ਹੋ ਸਕਦਾ। ਪ੍ਰਭੂ ਦਾ ਡਰ ਹਿਰਦੇ ਵਿੱਚ ਰੱਖਣ ਤੋਂ ਬਿਨਾਂ ਮਨੁੱਖ ਪਖੰਡੀ ਬਣ ਜਾਂਦਾ ਹੈ, ਝੂਠ ਅਤੇ ਵਿਖਾਵਾ ਉਸ ਦੀ ਜ਼ਿੰਦਗੀ ਦੇ ਅੰਗ ਬਣ ਜਾਂਦੇ ਹਨ। ਉਹ ਸਿਰਫ ਵਿਖਾਵੇ ਲਈ ਧਾਰਮਿਕ ਕਰਮ ਕਰਦਾ ਹੈ ਜਿਹੜੇ ਲੋਕਾਚਾਰ ਬਣ ਕੇ ਰਹਿ ਜਾਂਦੇ ਹਨ :

ਭੈ ਬਿਨੁ ਲਾਗਿ ਨ ਲਗਈ, ਨਾ ਮਨੁ ਨਿਰਮਲੁ ਹੋਇ॥
ਬਿਨੁ ਭੈ ਕਰਮ ਕਮਾਵਣੇ, ਝੂਠੇ ਠਾਉ ਨ ਕੋਇ॥

(ਆਸਾ, ਮ: ੩, ਪੰਨਾ ੪੨੭)

ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਹੇ ਪ੍ਰਭੂ! ਤੇਰਾ ਡਰ ਅਤੇ ਅਦਬ ਮੇਰੇ

ਵਾਸਤੇ ਭੰਗ ਹੈ, ਮਨ ਇਸ ਭੰਗ ਨੂੰ ਸਾਂਭ ਕੇ ਰੱਖਣ ਲਈ ਗੁੱਥੀ ਹੈ। ਤੇਰੇ ਡਰ ਅਦਬ ਦੀ ਬਰਕਤਿ ਨਾਲ ਮੈਨੂੰ ਪਿਆਰ ਦਾ ਨਸ਼ਾ ਹੋ ਗਿਆ ਹੈ, ਮੈਂ ਵਿਰਕਤ ਹੋ ਗਿਆ ਹਾਂ:

ਭਉ ਤੇਰਾ ਭਾਂਗ, ਖਲੜੀ ਮੇਰਾ ਚੀਤੁ॥

ਮੈ ਦੇਵਾਨਾ ਭਇਆ ਅਤੀਤੁ॥

ਕਰ ਕਾਸਾ, ਦਰਸਨ ਕੀ ਭੂਖ॥

ਮੈ ਦਰਿ ਮਾਗਉ ਨੀਤਾ ਨੀਤ॥

(ਤਿਲੰਗ, ਮ: ੧, ਪੰਨਾ ੭੨੧)

ਪ੍ਰਭੂ ਦੇ ਡਰ ਦੇ ਨਸ਼ੇ ਨਾਲ ਕੂੜ ਦੀ ਦੀਵਾਰ ਟੁੱਟ ਜਾਂਦੀ ਹੈ। ਗੁਰੂ ਦੇ ਸ਼ਬਦ ਦੇ ਰਾਹੀਂ ਹਉਮੈ ਨੂੰ ਦੂਰ ਕਰਕੇ ਮਨ ਪ੍ਰੇਮ ਵਿੱਚ ਆ ਜਾਂਦਾ ਹੈ।

ਗੁਰ ਪਰਸਾਦੀ ਭਉ ਪਇਆ, ਵਡਭਾਗਿ ਵਸਿਆ ਮਨਿ ਆਇ॥

ਭੈ ਪਇਐ ਮਨੁ ਵਸਿ ਹੋਆ, ਹਉਮੈ ਸਬਦਿ ਜਲਾਇ॥

(ਮ: ੩, ਪੰਨਾ ੬੪੫)

ਮਨ ਦਾ ਵੱਸ ਵਿੱਚ ਹੋਣਾ ਭਗਤੀ ਲਈ ਬਹੁਤ ਜ਼ਰੂਰੀ ਹੈ। ਜੇਕਰ ਮਨ ਨੂੰ ਕਾਬੂ ਕਰ ਲਿਆ ਜਾਵੇ ਤਾਂ ਤ੍ਰਿਸ਼ਨਾ ਨੂੰ ਰੋਕਿਆ ਜਾ ਸਕਦਾ ਹੈ। ਤ੍ਰਿਸ਼ਨਾ ਦੀ ਅੱਗ ਵਿੱਚ ਸੜਦੇ ਹੋਏ ਮਨੁੱਖ ਆਪਣੇ ਅੰਦਰੋਂ ਪ੍ਰਭੂ ਦਾ ਡਰ ਗਵਾ ਕੇ ਦੁਖੀ ਹੁੰਦੇ ਹਨ :

ਡੋਲਤ ਡੋਲਤ ਹੇ ਸਖੀ, ਫਾਟੇ ਚੀਰ ਸੀਗਾਰ॥

ਡਾਹਪਣਿ ਤਨਿ ਸੁਖੁ ਨਹੀ, ਬਿਨੁ ਡਰ ਬਿਣਠੀ ਡਾਰ॥

ਡਰਪਿ ਮੁਈ ਘਰਿ ਆਪਣੈ, ਡੀਠੀ ਕੰਤਿ ਸੁਜਾਣਿ॥

ਡਰੁ ਰਾਖਿਆ ਗੁਰਿ ਆਪਣੈ, ਨਿਰਭਉ ਨਾਮੁ ਵਖਾਣਿ॥

(ਓਅੰਕਾਰੁ, ਪੰਨਾ ੯੬੬)

ਤ੍ਰਿਸ਼ਨਾ ਤੋਂ ਹੀ ਲੋਭ ਪੈਦਾ ਹੁੰਦਾ ਹੈ ਅਤੇ ਲੋਭ ਕਾਰਨ ਪਾਪ ਕੀਤੇ ਜਾਂਦੇ ਹਨ। ਜੇਕਰ ਪ੍ਰਭੂ ਦੇ ਡਰ ਨੂੰ ਹਮੇਸ਼ਾ ਹਿਰਦੇ ਵਿੱਚ ਰੱਖਿਆ ਜਾਵੇ ਤਾਂ ਮਨੁੱਖ ਪਾਪ ਨਹੀਂ ਕਰਦਾ, ਪ੍ਰਭੂ ਦੇ ਡਰ ਨਾਲ ਸਰੀਰ ਵਿੱਚ ਲੋਭ ਖਤਮ ਹੋ ਜਾਂਦਾ ਹੈ। ਜਿਵੇਂ ਅੱਗ ਵਿੱਚ ਪਾਇਆ ਸੋਨਾ ਆਦਿ ਧਾਤ ਸਾਫ ਹੋ ਜਾਂਦੀ ਹੈ, ਇਸੇ ਤਰ੍ਹਾਂ ਪਰਮਾਤਮਾ ਦਾ ਡਰ ਮਨੁੱਖ ਦੀ ਭੈੜੀ ਮਤਿ ਦੀ ਮੈਲ ਨੂੰ ਕੱਟ ਦਿੰਦਾ ਹੈ, ਮਨ ਨਿਰਮਲ ਹੋ ਜਾਂਦਾ ਹੈ, ਮਾਇਆ ਵਲੋਂ ਉਪਰਾਮਤਾ ਪੈਦਾ ਹੁੰਦੀ ਹੈ। ਮਨੁੱਖ ਆਪੇ ਦੀ ਵੀਚਾਰ ਕਰਦਾ ਹੈ। ਡਰ ਵਿੱਚ ਰਿਹਾਂ ਸਾਰਾ ਕਾਰ-ਵਿਹਾਰ ਪਵਿੱਤਰ ਹੁੰਦਾ ਹੈ, ਉਸ ਦੀ ਸਾਰੀ ਕਮਾਈ ਸੁੱਚੀ ਰਹਿੰਦੀ ਹੈ, ਉਹ ਪਰਮਾਤਮਾ ਦਾ ਭਾਣਾ ਮੰਨਦਾ ਹੈ ਅਤੇ ਸਚਿਆਰ ਬਣ ਜਾਂਦਾ ਹੈ। ਗੁਰਵਾਕ ਹਨ :

ਭੈ ਪਇਐ ਮਨੁ ਖੀਣੁ ਹੋਇ, ਲੋਭ ਰਤੁ ਵਿਚਹੁ ਜਾਇ॥

ਜਿਉ ਬੈਸੰਤਰਿ ਧਾਤੁ ਸੁਧੁ ਹੋਇ,
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥

(ਰਾਮਕਲੀ ਕੀ ਵਾਰ, ਸਲੋਕ, ਮ: ੩, ਪੰਨਾ ੯੪੯)

ਜਾਂ ਭਉ ਪਾਏ ਆਪਣਾ, ਬੈਰਾਗੁ ਉਪਜੈ ਮਨਿ ਆਇ॥
ਬੈਰਾਗੈ ਤੇ ਹਰਿ ਪਾਈਐ, ਹਰਿ ਸਿਉ ਰਹੈ ਸਮਾਇ॥

(ਗੂਜਰੀ, ਮ: ੩, ਪੰਨਾ ੪੯੦)

ਭੈ ਪਇਐ ਮਲੁ ਕਟੀਐ, ਨਿਰਮਲ ਹੋਵੈ ਸਰੀਰੁ॥
ਅੰਤਰਿ ਪਰਗਾਸੁ, ਮਤਿ ਊਤਮ ਹੋਵੈ, ਹਰਿ ਜਪਿ ਗੁਣੀ ਗਹੀਰੁ॥
ਭੈ ਵਿਚਿ ਬੈਸੈ, ਭੈ ਰਹੈ, ਭੈ ਵਿਚਿ ਕਮਾਵੈ ਕਾਰ॥
ਐਥੈ ਸੁਖੁ ਵਡਿਆਈਆ, ਦਰਗਹ ਮੋਖ ਦੁਆਰ॥
ਭੈ ਤੇ ਨਿਰਭਉ ਪਾਈਐ, ਮਿਲਿ ਜੋਤੀ ਜੋਤਿ ਅਪਾਰ॥

(ਗੂਜਰੀ ਕੀ ਵਾਰ, ਸਲੋਕ, ਮ: ੩, ਪੰਨਾ ੫੧੬)

ਪਰਮਾਤਮਾ ਦਾ ਡਰ ਹੀ ਆਤਮਿਕ ਜੀਵਨ ਦੀ ਖ਼ੁਰਾਕ ਹੈ :

ਨਾਮੁ ਜਪੈ ਭਉ ਭੋਜਨ ਖਾਇ॥

ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹੋਏ ਕਹਿੰਦੇ ਹਨ : ਜੇਕਰ ਪ੍ਰਭੂ ਦਾ ਦੀਦਾਰ ਕਰਨਾ ਹੈ ਤਾਂ ਆਪਣੀਆਂ ਗਿਆਨ ਦੀਆਂ ਅੱਖਾਂ ਵਿੱਚ ਪ੍ਰਭੂ ਦੇ ਡਰ-ਅਦਬ ਦੇ ਸੁਰਮੇ ਦੀਆਂ ਸਲਾਈਆਂ ਪਾ, ਪ੍ਰਭੂ ਦੇ ਪਿਆਰ ਦਾ ਹਾਰ-ਸ਼ਿੰਗਾਰ ਕਰ :

ਭੈ ਕੀਆ ਦੇਹਿ ਸਲਾਈਆ, ਨੈਣੀ ਭਾਵ ਕਾ ਕਰਿ ਸੀਗਾਰੋ॥

(ਤਿਲੰਗ, ਮ: ੧, ਪੰਨਾ ੭੨੨)

ਪਰ ਪਰਮਾਤਮਾ ਦਾ ਡਰ ਹਿਰਦੇ ਵਿੱਚ ਕਿਵੇਂ ਪੈਦਾ ਹੁੰਦਾ ਹੈ? ਗੁਰੂ ਦੀ ਸ਼ਰਨ ਤੋਂ ਬਿਨਾਂ ਉਹ ਇਹ ਡਰ ਹਿਰਦੇ ਵਿੱਚ ਨਹੀਂ ਵਸਦਾ :

ਜਿਸੁ ਸਤਿਗੁਰੁ ਮਿਲੈ, ਤਿਸੁ ਭਉ ਪਵੈ, ਸਾ ਕੁਲਵੰਤੀ ਨਾਰਿ॥

(ਗੂਜਰੀ ਕੀ ਵਾਰ, ਸਲੋਕ, ਮ: ੩, ਪੰਨਾ ੫੧੬)

ਸਤਿਗੁਰਿ ਮਿਲਿਐ, ਭਉ ਊਪਜੈ, ਭੈ ਭਾਇ ਰੰਗੁ ਸਵਾਰਿ॥
ਤਨੁ ਮਨੁ ਰਤਾ ਰੰਗ ਸਿਉ, ਹਉਮੈ ਤ੍ਰਿਸਨਾ ਮਾਰਿ॥

(ਵਾਰ ਸੂਹੀ ਕੀ, ਮ: ੩, ਪੰਨਾ ੭੮੮)

ਜਿਨਾ ਗੁਰੁ ਨਹੀ ਭੇਟਿਆ, ਭੈ ਕੀ ਨਾਹੀ ਬਿੰਦ॥
ਆਵਣੁ ਜਾਵਣੁ ਦੁਖੁ ਘਣਾ, ਕਦੇ ਨ ਚੂਕੈ ਚਿੰਦ॥

(ਮਾਰੂ ਵਾਰ, ਸਲੋਕ, ਮ: ੩, ਪੰਨਾ ੧੦੮੮)

ਗੁਰੂ ਦੇ ਸ਼ਬਦ ਦੀ ਵੀਚਾਰ ਕੀਤਿਆਂ, ਗੁਰੂ ਦੀ ਮਤਿ ਤੇ ਚੱਲਿਆਂ ਹੀ ਪਰਮਾਤਮਾ ਦਾ ਡਰ ਪੈਦਾ ਹੁੰਦਾ ਹੈ :

ਆਪਣਾ ਭਉ ਤਿਨ ਪਾਇਓਨੁ, ਜਿਨ ਗੁਰ ਕਾ ਸਬਦੁ ਬੀਚਾਰਿ॥

(ਸਿਰੀਰਾਗ, ਮ: ੩, ਪੰਨਾ ੩੫)

ਗੁਰਮਤੀ ਭਉ ਉਪਜੈ ਭਾਈ, ਭਉ ਕਰਣੀ ਸਚੁ ਸਾਰੁ॥

(ਸੋਰਠਿ ਮ: ੩, ਪੰਨਾ ੬੩੮)

ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਦੇ ਮਨ ਵਿੱਚ ਪਰਮਾਤਮਾ ਦਾ ਡਰ ਟਿਕ ਜਾਂਦਾ ਹੈ ਜਿਨ੍ਹਾਂ ਨੂੰ ਇਹ ਸਮਝ ਆ ਜਾਂਦੀ ਹੈ ਕਿ ਪਰਮਾਤਮਾ ਸਾਡੇ ਨਾਲ ਹੈ, ਹਰ ਵੇਲੇ ਸਾਨੂੰ ਵੇਖਦਾ ਹੈ, ਉਹ ਮਨੁੱਖ ਪਰਮਾਤਮਾ ਦੇ ਦਰਸ਼ਨ ਕਰਨ ਦੇ ਯਤਨ ਕਰਦੇ ਹਨ ਅਤੇ ਆਪਣੇ ਯਤਨਾਂ ਦਾ ਫਲ ਪ੍ਰਾਪਤ ਕਰ ਲੈਂਦੇ ਹਨ :

ਭਭੈ ਭਾਲਹਿ ਸੇ ਫਲੁ ਪਾਵਹਿ,

ਗੁਰ ਪਰਸਾਦੀ ਜਿਨ੍ ਕਉ ਭਉ ਪਇਆ॥

(ਰਾਗੁ ਆਸਾ, ਮ: ੧, ਪੰਨਾ ੪੩੪)

ਉਹਨਾਂ ਦਾ ਮਨ ਸ਼ਾਂਤ ਹੋ ਜਾਂਦਾ ਹੈ, ਭਟਕਣਾ ਦੂਰ ਹੋ ਜਾਂਦੀ ਹੈ ਅਤੇ ਦੁਬਿਧਾ ਨਸ਼ਟ ਹੋ ਜਾਣ ਨਾਲ ਹਰੇਕ ਕਿਸਮ ਦਾ ਭਰਮ ਦੂਰ ਹੋ ਜਾਂਦਾ ਹੈ। ਗੁਰੂ ਅਰਜੁਨ ਦੇਵ ਜੀ ਦਾ ਫ਼ੁਰਮਾਨ ਹੈ :

ਭੈ ਤੇ ਉਪਜੈ ਭਗਤਿ ਪ੍ਰਭ, ਅੰਤਰਿ ਹੋਇ ਸਾਂਤਿ॥

ਨਾਮੁ ਜਪਤ ਗੋਵਿੰਦ ਕਾ, ਬਿਨਸੈ ਭ੍ਰਮ ਭ੍ਰਾਂਤਿ॥

(ਬਿਲਾਵਲੁ, ਮ: ੫, ਪੰਨਾ ੮੧੪)

ਪਰਮਾਤਮਾ ਦਾ ਡਰ ਹਿਰਦੇ ਵਿੱਚ ਰੱਖਣ ਨਾਲ ਸੰਸਾਰਿਕ ਡਰ ਖਤਮ ਹੋ ਜਾਂਦੇ ਹਨ। ਪ੍ਰਭੂ ਤੋਂ ਡਰਨ ਵਾਲਾ ਆਤਮਿਕ ਮੌਤੇ ਨਹੀਂ ਮਰਦਾ; ਸੰਤੋਖ ਵਾਲਾ ਬਣ ਜਾਂਦਾ ਹੈ, ਸਦਾ ਖਿੜਿਆ ਰਹਿੰਦਾ ਹੈ :

ਹਮਰਾ ਭਰਮੁ ਗਇਆ ਭਉ ਭਾਗਾ॥

ਜਬ ਰਾਮ ਨਾਮ ਚਿਤੁ ਲਾਗਾ॥ (ਸੋਰਠਿ ਕਬੀਰ ਜੀ ਪੰਨਾ ੬੫੫)

ਸਾਗਰੁ ਦੇਖਉ ਡਰਿ ਮਰਉ, ਭੈ ਤੇਰੈ ਡਰੁ ਨਾਹਿ॥

ਗੁਰ ਕੈ ਸਬਦਿ ਸੰਤੋਖੀਆ, ਨਾਨਕ ਬਿਗਸਾ ਨਾਇ॥

(ਮ: ੪, ਪੰਨਾ ੧੦੮੭)

ਸੋ ਨਿਰਭਉ ਜਿਨ੍ ਭਉ ਪਇਆ॥ (ਬਸੰਤੁ ਮ: ੫, ਪੰਨਾ ੧੧੮੦)

ਪਰਮਾਤਮਾ ਨਾਲ ਪ੍ਰੇਮ ਹੋ ਜਾਣ ਕਰਕੇ ਦੁਨੀਆਂ ਵਾਲਾ ਸਹਿਮ ਅਤੇ ਡਰ ਹਿਰਦੇ ਵਿੱਚ ਟਿਕੇ ਹੋਏ ਡਰ-ਅਦਬ ਵਿੱਚ ਸਮਾ ਜਾਂਦਾ ਹੈ :

ਡਰ ਮਹਿ ਘਰੁ, ਘਰ ਮਹਿ ਡਰੁ ਜਾਣੈ॥
ਤਖਤਿ ਨਿਵਾਸੁ ਸਚੁ ਮਨਿ ਭਾਣੈ॥

(ਬਿਲਾਵਲੁ, ਮ: ੧, ਥਿਤੀ, ਪੰਨਾ ੮੪੦)

ਭਾਵ : ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹੋਏ ਕਹਿੰਦੇ ਹਨ ਹੇ ਭਾਈ, ਜਿਹੜਾ ਮਨੁੱਖ ਪਰਮਾਤਮਾ ਦੇ ਡਰ ਅਦਬ ਵਿੱਚ ਆਪਣਾ ਟਿਕਾਣਾ ਬਣਾਈ ਰੱਖਦਾ ਹੈ, ਜਿਹੜਾ ਮਨੁੱਖ ਆਪਣੇ ਹਿਰਦੇ-ਘਰ ਵਿੱਚ ਪ੍ਰਭੂ ਦਾ ਡਰ-ਅਦਬ ਵਸਾਈ ਰੱਖਣਾ ਜਾਣਦਾ ਹੈ, ਜਿਸ ਮਨੁੱਖ ਨੂੰ ਆਪਣੇ ਮਨ ਵਿੱਚ ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ ਉਸ ਨੂੰ ਉੱਚੇ ਆਤਮਿਕ ਜੀਵਨ ਦੇ ਰੱਬੀ ਤਖ਼ਤ ਉੱਤੇ ਨਿਵਾਸ ਮਿਲਦਾ ਹੈ। ਪਰਮਾਤਮਾ ਦੇ ਡਰ ਤੋਂ ਬਿਨਾਂ ਜੀਵਨ ਉਸਾਰੀ ਹੋਛੀ ਹੋ ਜਾਂਦੀ ਹੈ :

ਭੈ ਬਿਨੁ ਘਾੜਤ ਕਚੁ ਨਿਕਚ॥
ਅੰਧਾ ਸਚਾ ਅੰਧੀ ਸਟ॥

(ਗਉੜੀ ਗੁਆਰੇਰੀ, ਮ: ੧, ਪੰਨਾ ੧੫੧)

ਅਸਲ ਵਿੱਚ ਇਸ ਵਿਕਾਰ ਭਰੇ ਸੰਸਾਰ ਸਮੁੰਦਰ ਵਿੱਚੋਂ ਪਰਮਾਤਮਾ ਦਾ ਡਰ ਹਿਰਦੇ ਵਿੱਚ ਰੱਖੇ ਬਿਨਾਂ ਕੋਈ ਪਾਰ ਨਹੀਂ ਲੰਘ ਸਕਦਾ :

ਭੈ ਬਿਨੁ ਕੋਇ ਨ ਲੰਘਸਿ ਪਾਰਿ॥
ਭੈ ਭਉ ਰਾਖਿਆ ਭਾਇ ਸਵਾਰਿ॥

(ਗਉੜੀ ਗੁਆਰੇਰੀ, ਮ: ੧, ਪੰਨਾ ੧੫੧)

ਬਿਨੁ ਭੈ ਭਗਤੀ ਤਰਨੁ ਕੈਸੇ॥ (ਬਿਲਾਵਲੁ, ਮ: ੫, ਪੰਨਾ ੮੨੯)

ਗੁਰੂ ਅਮਰਦਾਸ ਜੀ ਅਨੁਸਾਰ ਜੇਕਰ ਮਨੁੱਖ ਪਰਮਾਤਮਾ ਦੀ ਪਿਆਰ ਰੂਪ ਦਵਾਈ ਵਰਤੇ, ਪ੍ਰਭੂ ਦੇ ਡਰ ਦਾ ਪ੍ਰਹੇਜ਼ ਰੱਖੇ ਤੇ ਨਿੱਤ ਆਨੰਦ ਨਾਲ ਅਡੋਲਤਾ ਵਿੱਚ ਟਿਕ ਕੇ ਪ੍ਰਭੂ ਦੇ ਗੁਣ ਗਾਏ ਤਾਂ ਪ੍ਰਭੂ ਦੇ ਨਾਮ ਦੀ ਰਾਹੀਂ ਉਹ ਇਸ ਵਿਹੁ-ਰੂਪ ਸੰਸਾਰ ਸਮੁੰਦਰ ਨੂੰ ਤਰ ਜਾਂਦਾ ਹੈ :

ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ॥
ਅਨਦਿਨੁ ਗੁਣ ਗਾਵੈ ਸੁਖ ਸਹਜੇ, ਬਿਖੁ ਭਵਜਲੁ ਨਾਮਿ ਤਰੇਇ॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੪੮)

ਜੇਕਰ ਪਰਮਾਤਮਾ ਦੇ ਡਰ ਦੀ ਥਾਂ ਜੀਵ ਦੇ ਹਿਰਦੇ ਵਿੱਚ ਕੋਈ ਹੋਰ ਡਰ ਟਿਕਿਆ ਰਹਿੰਦਾ ਹੈ ਤਾਂ ਉਹ ਹਰ ਵੇਲੇ ਸਹਿਮਿਆ ਹੋਇਆ ਅਤੇ ਮਾਨਸਿਕ ਤਨਾਉ ਵਿੱਚ ਰਹਿੰਦਾ ਹੈ :

ਡਰੀਐ, ਜੇ ਡਰੁ ਹੋਵੈ ਹੋਰੁ॥

ਡਰਿ ਡਰਿ ਡਰਣਾ ਮਨ ਕਾ ਸੋਰੁ॥

(ਗਉੜੀ ਗੁਆਰੇਰੀ, ਮ: ੧, ਪੰਨਾ ੧੫੧)

ਪਰਮਾਤਮਾ ਦਾ ਡਰ-ਅਦਬ ਨਾ ਰੱਖਣ ਵਾਲਾ ਮਨੁੱਖ ਲੋਕ-ਪ੍ਰਲੋਕ ਵਿੱਚ ਇੱਜ਼ਤ ਗਵਾ ਕੇ ਆਤਮਿਕ ਜੀਵਨ ਤੋਂ ਸੱਖਣਾ ਹੋ ਜਾਂਦਾ ਹੈ, ਸਦਾ ਹੀ ਵਿਕਾਰਾਂ ਦੇ ਭਾਰ ਨਾਲ ਝੁਕਿਆ ਰਹਿੰਦਾ ਹੈ ਅਤੇ ਸੰਸਾਰ ਸਮੁੰਦਰ ਵਿੱਚ ਡੁੱਬ ਜਾਂਦਾ ਹੈ। ਗੁਰਵਾਕ ਹਨ:

ਡਰ ਡਰਿ ਮਰੈ ਨ ਬੂਡੇ ਕੋਇ॥

ਨਿਡਰੁ ਬੂਡਿ ਮਰੈ ਪਤਿ ਖੋਇ॥

(ਬਿਲਾਵਲੁ ਮ: ੧, ਥਿਤੀ, ਪੰਨਾ ੮੪੦)

ਜਿਨ ਕਉ ਅੰਦਰਿ ਗਿਆਨੁ ਨਹੀ, ਭੈ ਕੀ ਨਾਹੀ ਬਿੰਦ॥

ਨਾਨਕ ਮੁਇਆ ਕਾ ਕਿਆ ਮਾਰਣਾ, ਜਿ ਆਪਿ ਮਾਰੇ ਗੋਵਿੰਦ॥

(ਮਾਰੂ ਵਾਰ, ਮ: ੩, ਪੰਨਾ ੧੦੯੩)

ਬੂਡੇ ਭਾਰੈ ਭੈ ਬਿਨਾ ਪਿਆਰੇ, ਤਾਰੇ ਨਦਰਿ ਕਰੇ॥

(ਸੋਰਠਿ, ਮ: ੧, ਪੰਨਾ ੬੩੬)

ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਪਰਮਾਤਮਾ ਦੇ ਡਰ ਵਿੱਚ ਰਹਿਣ ਤੋਂ ਬਿਨਾਂ ਉਸ ਦੀ ਭਗਤੀ ਨਹੀਂ ਕੀਤੀ ਜਾ ਸਕਦੀ, ਭਟਕਣ-ਰੂਪ ਬੰਧਨ ਕੱਟਿਆ ਨਹੀਂ ਜਾ ਸਕਦਾ। ਪ੍ਰਭੂ ਦਾ ਡਰ ਗੁਰੂ ਦੀ ਸ਼ਰਨ ਪਿਆਂ ਪੈਦਾ ਹੁੰਦਾ ਹੈ ਤੇ ਮੁਕਤੀ ਦਾ ਰਸਤਾ ਮਿਲਦਾ ਹੈ ਕਿਉਂਕਿ ਪ੍ਰਭੂ ਦਾ ਡਰ ਰੱਖਿਆਂ ਮਨ ਦੀ ਅਡੋਲਤਾ ਪ੍ਰਾਪਤ ਹੁੰਦੀ ਹੈ, ਡਰ ਕਰਕੇ ਹੀ ਉੱਚੀ ਵੀਚਾਰਧਾਰਾ ਬਣਦੀ ਹੈ, ਪਰਮਾਤਮਾ ਦੇ ਪ੍ਰੇਮ ਦਾ ਰੰਗ ਚੜ੍ਹਦਾ ਹੈ ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘੀਦਾ ਹੈ :

ਭੈ ਬਿਨੁ ਭਰਮੁ ਨ ਕਟੀਐ, ਨਾਮਿ ਨ ਲਗੈ ਪਿਆਰੁ॥

ਸਤਿਗੁਰ ਤੇ ਭਉ ਊਪਜੈ, ਪਾਈਐ ਮੋਖ ਦੁਆਰ॥

ਭੈ ਤੇ ਸਹਜੁ ਪਾਈਐ, ਮਿਲਿ ਜੋਤੀ ਜੋਤਿ ਅਪਾਰ॥

ਭੈ ਤੇ ਭੈਜਲੁ ਲੰਘੀਐ, ਗੁਰਮਤੀ ਵੀਚਾਰ॥

ਭੈ ਤੇ ਨਿਰਭਉ ਪਾਈਐ, ਜਿਸ ਦਾ ਅੰਤੁ ਨ ਪਾਰਾਵਾਰੁ॥

(ਵਾਰ ਮਲਾਰ ਕੀ, ਮ: ੧, ਪੰਨਾ ੧੨੮੮)

ਏਹੁ ਮਨੁ ਭੈ ਭਾਇ ਰੰਗਾਏ॥ ਇਤੁ ਰੰਗਿ ਸਾਚੇ ਮਾਹਿ ਸਮਾਏ॥

ਪੂਰੈ ਭਾਗਿ ਕੋ ਇਹੁ ਰੰਗੁ ਪਾਏ, ਗੁਰਮਤੀ ਰੰਗੁ ਚੜਾਇਦਾ॥

(ਮਾਰੂ ਸੋਲਹੇ, ਮ: ੩, ਪੰਨਾ ੧੦੬੬)

ਗੁਰੂ ਅਮਰਦਾਸ ਜੀ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਜੇਕਰ ਮਨੁੱਖ ਪਰਮਾਤਮਾ ਦੇ ਡਰ ਵਿੱਚ ਰਹਿ ਕੇ ਗੁਰੂ ਦੀ ਦੱਸੀ ਹੋਈ ਸੇਵਾ ਚਾਕਰੀ ਕਰੇ, ਉਸ ਪ੍ਰਭੂ ਦੀ ਰਜ਼ਾ ਵਿੱਚ ਤੁਰਦਾ ਰਹੇ ਤਾਂ ਪ੍ਰਭੂ ਵਰਗਾ ਹੋ ਜਾਂਦਾ ਹੈ :

ਗੁਰ ਕੀ ਸੇਵਾ ਚਾਕਰੀ, ਭੈ ਰਚਿ ਕਾਰ ਕਮਾਇ॥

ਜੇਹਾ ਸੇਵੈ ਤੇਹੋ ਹੋਵੈ, ਜੇ ਚਲੈ ਤਿਸੈ ਰਜਾਇ॥

(ਬਿਹਾਗੜੇ ਕੀ ਵਾਰ, ਮ: ੩, ਪੰਨਾ ੫੪੯)

ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ॥

ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ॥

(ਬਿਲਾਵਲੁ, ਮ: ੫, ਪੰਨਾ ੮੧੪)

ਹੇ ਭਾਈ! ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦਾ ਨਿਰਮਲ ਡਰ ਹਿਰਦੇ ਵਿੱਚ ਪੈਦਾ ਹੋ ਜਾਂਦਾ ਹੈ, ਉਸ ਨਿਰਮਲ ਡਰ ਦੀ ਰਾਹੀਂ ਪ੍ਰਭੂ ਦੀ ਭਗਤੀ ਹਿਰਦੇ ਵਿੱਚ ਪੈਦਾ ਹੁੰਦੀ ਹੈ ਅਤੇ ਮਨ ਵਿੱਚ ਠੰਡ ਪੈ ਜਾਂਦੀ ਹੈ। ਹੇ ਭਾਈ! ਪਰਮਾਤਮਾ ਦਾ ਨਾਮ ਜਪਦਿਆਂ ਹਰੇਕ ਕਿਸਮ ਦਾ ਭਰਮ ਭਟਕਣ ਨਾਸ ਹੋ ਜਾਂਦਾ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ

ਮਨੁੱਖੀ ਜਨਮ ਬੜੀ ਕਿਸਮਤ ਨਾਲ ਮਿਲਦਾ ਹੈ ਪਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਵਿਅਰਥ ਚਲਾ ਜਾਂਦਾ ਹੈ :

ਮਾਣਸ ਜਨਮੁ ਪੁੰਨਿ ਕਰਿ ਪਾਇਆ,

ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ॥

(ਗੂਜਰੀ, ਮ: ੪, ਪੰਨਾ ੪੯੩)

ਨਾਮ ਸਿਮਰਨ ਨਾ ਕਰਨ ਵਾਲੇ ਮਨੁੱਖ ਆਤਮਿਕ ਮੌਤ ਸਹੇੜ ਲੈਂਦੇ ਹਨ :

ਦੁਲਭ ਦੇਹ ਪਾਈ ਵਡਭਾਗੀ॥

ਨਾਮੁ ਨ ਜਪਹਿ ਤੇ ਆਤਮਘਾਤੀ॥ (ਗਉੜੀ, ਮ: ੫, ਪੰਨਾ ੧੮੮)

ਐਸੇ ਮਨੁੱਖਾਂ ਦੇ ਅਨੇਕਾਂ ਜਨਮ ਡਰਾਂ ਤੋਂ ਕੰਬਦਿਆਂ ਹੀ ਬੀਤਦੇ ਹਨ :

ਭੈ ਭੰਜਨ ਪ੍ਰਭ ਮਨਿ ਨ ਬਸਾਹੀ॥

ਡਰਪਤ ਡਰਪਤ ਜਨਮ ਬਹੁਤੁ ਜਾਹੀ॥

(ਗਉੜੀ, ਮ: ੫, ਪੰਨਾ ੧੯੭)

ਪਰਮਾਤਮਾ ਦਾ ਨਾਮ ਪਵਿੱਤਰ ਜਲ ਹੈ, ਇਸ ਜਲ ਵਿੱਚ ਇਸ਼ਨਾਨ ਕੀਤਿਆਂ ਹੀ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ :

ਨਿਰਮਲ ਉਦਕੁ ਗੋਵਿੰਦ ਕਾ ਨਾਮ॥

ਮਜਨੁ ਕਰਤ ਪੂਰਨ ਸਭਿ ਕਾਮ॥

(ਗਉੜੀ ਮ: ੫, ਪੰਨਾ ੧੯੮-੧੯੯)

ਮਨੁੱਖ ਲਈ ਪਰਮਾਤਮਾ ਦਾ ਨਾਮ ਹੀ ਜੀਵਨ ਦਾ ਆਧਾਰ ਹੈ, ਸੁੱਖ ਦਾ ਸਾਧਨ ਹੈ। ਸੱਚੇ ਮਨ ਤੋਂ ਪਰਮਾਤਮਾ ਦਾ ਨਾਮ ਲਏ ਬਿਨਾਂ ਉਸ ਦੇ ਸਾਰੇ ਹੀ ਕਾਰ-ਵਿਹਾਰ ਮੁਰਦੇ ਨੂੰ ਕੀਤੇ ਗਏ ਸ਼ਿੰਗਾਰ ਵਾਂਗ ਵਿਅਰਥ ਹੋ ਜਾਂਦੇ ਹਨ :

ਨਾਮ ਬਿਨਾ ਜੋ ਪਹਿਰੈ ਖਾਇ॥

ਜਿਉ ਕੂਕਰੁ ਜੂਠਨ ਮਹਿ ਪਾਇ॥੧॥

ਨਾਮ ਬਿਨਾ ਜੇਤਾ ਬਿਉਹਾਰੁ॥

ਜਿਉ ਮਿਰਤਕ ਮਿਥਿਆ ਸੀਗਾਰੁ॥

(ਗਉੜੀ ਮ: ੫, ਪੰਨਾ ੨੪੦)

ਨਾਮ ਅੰਮ੍ਰਿਤ ਹੈ। ਇਹ ਪਾਪਾਂ ਦੀ ਮੈਲ ਨੂੰ ਧੋ ਕੇ ਮਨ ਨੂੰ ਪਵਿੱਤਰ ਕਰ ਦਿੰਦਾ ਹੈ। ਨਾਮ ਰੂਪੀ ਅੰਮ੍ਰਿਤ ਪੀਣ ਨਾਲ ਮਨ ਸ਼ਾਂਤ ਹੋ ਜਾਂਦਾ ਹੈ, ਤ੍ਰਿਸ਼ਨਾ ਦੂਰ ਹੋ ਜਾਂਦੀ ਹੈ। ਜਨਮ ਜਨਮਾਂਤਰਾਂ ਦੀ ਪਿਆਸ ਬੁਝ ਜਾਂਦੀ ਹੈ। ਗੁਰਵਾਕ ਹਨ :

ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ, ਆਘਾਏ ਰਸਨ ਚਖਾ॥

ਕਹੁ ਨਾਨਕ ਸੁਖ ਸਹਜੁ ਮੈ ਪਾਇਆ, ਗੁਰਿ ਲਾਹੀ ਸਗਲ ਤਿਖਾ॥

(ਸਾਰਗ, ਮ: ੫, ਪੰਨਾ ੧੨੧੨)

ਆਨ ਰਸਾ ਜੇਤੇ ਤੈ ਚਾਖੇ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ॥

ਹਰਿ ਰਸ ਕਾ ਤੂੰ ਚਾਖਹਿ ਸਾਦੁ॥ ਚਾਖਤ ਹੋਇ ਰਹਹਿ ਬਿਸਮਾਦੁ॥

(ਗਉੜੀ ਗੁਆਰੇਰੀ, ਮ: ੫, ਪੰਨਾ ੧੮੦)

ਨਾਮ ਹੀ ਸੱਚਾ ਤੇ ਸਾਰਭੂਤ ਤੱਤ ਹੈ। ਜਿਹੜਾ ਨਾਮ ਨਹੀਂ ਸਿਮਰਦਾ ਉਹ ਆਪਣੇ ਆਪ ਹੀ ਸ਼ਰਮ ਨਾਲ ਹੌਲਾ ਹੋ ਜਾਂਦਾ ਹੈ, ਉਹ ਸੁੱਖ ਦੀ ਨੀਂਦ ਨਹੀਂ ਸੌ ਸਕਦਾ। ਪਰ ਪ੍ਰਭੂ ਦਾ ਨਾਮ ਲੈਣਾ ਬਹੁਤ ਔਖਾ ਕੰਮ ਹੈ — ਆਖਣਿ ਅਉਖਾ ਸਾਚਾ ਨਾਉ। ਸਿਰਫ ਮੁੱਖ ਨਾਲ ਪਰਮਾਤਮਾ ਦਾ ਨਾਮ ਉਚਾਰਨ ਕਰਨਾ ਹੀ ਨਾਮ ਜਪਣਾ ਨਹੀਂ ਹੈ — ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ। (ਪੰਨਾ ੪੯੧) ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ, ਗੁਰੂ ਦੇ ਸ਼ਬਦ ਨੂੰ ਨਾ ਸਮਝਦੇ ਹੋਏ ਜ਼ਬਾਨੀ ਪਰਮਾਤਮਾ ਦਾ ਨਾਮ ਤਾਂ ਉਚਾਰਦੇ ਹਨ ਪਰ ਨਾਲ ਹੀ ਧੋਖਾ, ਫਰੇਬ ਵੀ ਕਰਦੇ ਹਨ, ਉਹਨਾਂ ਦਾ ਮਨ ਪਵਿੱਤਰ ਨਹੀਂ ਹੁੰਦਾ। ਗੁਰਵਾਕ ਹੈ :

ਹਰਿ ਹਰਿ ਕਰਹਿ, ਨਿਤ ਕਪਟੁ ਕਮਾਵਹਿ, ਹਿਰਦਾ ਸੁਧੁ ਨ ਹੋਈ॥

ਅਨਦਿਨੁ ਕਰਮ ਕਰਹਿ ਬਹੁਤੇਰੇ, ਸੁਪਨੈ ਸੁਖੁ ਨ ਹੋਈ॥

(ਸੂਹੀ ਮ: ੪, ਪੰਨਾ ੭੩੨)

ਐਸੇ ਮਨੁੱਖ ਨਾਮ-ਰਸ ਦਾ ਸੁਆਦ ਨਹੀਂ ਮਾਣ ਸਕਦੇ। ਗੁਰੂ ਸਾਹਿਬਾਨ ਦੇ ਨਾਮ ਦੇ ਅਸਰ ਹੇਠ ਅੰਤਹਕਰਣ ਦੀ ਸ਼ੁੱਧੀ ਅਤੇ ਸਦਾਚਾਰਕ ਉੱਨਤੀ ਉੱਤੇ ਜ਼ੋਰ ਦਿੱਤਾ ਹੈ। ਗੁਰਵਾਕ ਹਨ :

ਦੇਖਾ ਦੇਖੀ ਸਭ ਕਰੇ, ਮਨਮੁਖਿ ਬੂਝ ਨ ਪਾਇ॥

ਜਿਨ ਗੁਰਮੁਖਿ ਹਿਰਦਾ ਸੁਧੁ ਹੈ, ਸੇਵ ਪਈ ਤਿਨ ਥਾਇ॥

(ਸਿਰੀਰਾਗੁ, ਮ: ੩, ਪੰਨਾ ੨੮)

ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ॥

ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ॥

(ਸਿਰੀਰਾਗ, ਮ: ੩, ਪੰਨਾ ੨੮)

ਇਹ ਨਾਮ ਪਦਾਰਥ ਗਿਆਨ-ਇੰਦਰੀਆਂ ਦਾ ਵਿਸ਼ਾ ਨਹੀਂ ਹੈ :

ਏਕ ਬਸਤੁ ਬਿਨੁ ਪੰਚ ਦੁਹੇਲੇ, ਉਹ ਬਸਤੁ ਅਗੋਚਰ ਠਾਈ॥

(ਰਾਗ ਗਉੜੀ ਪੂਰਬੀ, ਮ: ੫, ਪੰਨਾ ੨੦੫)

ਨਾਮ ਇੱਕ ਅਹਿਸਾਸ ਹੈ, ਰਸ ਹੈ, ਅੰਮ੍ਰਿਤ ਹੈ। ਇਸ ਰਸ ਨੂੰ ਪੀਣ ਨਾਲ ਸਾਰੇ ਰਸ ਵਿਸਰ ਜਾਂਦੇ ਹਨ। ਕਬੀਰ ਜੀ ਦਾ ਕਥਨ ਹੈ :

ਰਾਮ ਰਸੁ ਪੀਆ ਰੇ॥

ਜਿਹ ਰਸ, ਬਿਸਰਿ ਗਏ ਰਸ ਅਉਰ॥

(ਰਾਗੁ ਗਉੜੀ ਪੂਰਬੀ, ਕਬੀਰ ਜੀ, ਪੰਨਾ ੩੩੭)

ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ :

ਜਿਤਨੇ ਰਸ ਅਨ ਰਸ ਹਮ ਦੇਖੇ, ਸਭ ਤਿਤਨੇ ਫੀਕ ਫੀਕਾਨੇ॥

ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ,

ਮਿਲਿ ਸਤਿਗੁਰ ਮੀਠ ਰਸ ਗਾਨੇ॥

(ਗਉੜੀ ਪੂਰਬੀ, ਮ: ੪, ਪੰਨਾ ੧੬੯-੧੭੦)

ਨਾਮ-ਰਸ ਵਿੱਚ ਰੰਗਿਆ ਹੋਇਆ ਮਨੁੱਖ ਸਾਰੇ ਸੰਸਾਰ ਨੂੰ ਇੱਕੋ ਜਿਹਾ ਵੇਖਦਾ ਹੈ। ਨਾਮ ਜਪਣ ਦਾ ਭਾਵ ਹੈ : ਇਕਸੁਰਤਾ,ਅਭੇਦਤਾ ਦਾ ਅਹਿਸਾਸ। ਗੁਰਵਾਕ ਹੈ:

ਸਭੁ ਗੋਬਿੰਦੁ ਹੈ, ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ ਨਹੀ ਕੋਈ॥

(ਆਸਾ, ਬਾਣੀ ਸ੍ਰੀ ਨਾਮਦੇਵ ਜੀ ਕੀ, ਪੰਨਾ ੪੮੫)

ਮਨਮੁਖ ਪਰਮਾਤਮਾ ਦੇ ਨਾਮ-ਰਸ ਦਾ ਸੁਆਦ ਨਹੀਂ ਲੈ ਸਕਦੇ ਕਿਉਂਕਿ ਉਹਨਾਂ ਦੇ ਅੰਦਰ ਹਉਮੈ ਦਾ ਕੰਡਾ ਹੁੰਦਾ ਹੈ ਜੋ ਉਹਨਾਂ ਨੂੰ ਆਤਮਿਕ ਜੀਵਨ ਦੇ ਰਸਤੇ ਤੇ ਤੁਰਨ ਨਹੀਂ ਦਿੰਦਾ :

ਸਾਕਤ ਹਰਿ ਰਸ ਸਾਦੁ ਨ ਜਾਣਿਆ,

ਤਿਨ ਅੰਤਰਿ ਹਉਮੈ ਕੰਡਾ ਹੇ॥

ਜਿਉ ਜਿਉ ਚਲਹਿ, ਚੁਭੈ, ਦੁਖੁ ਪਾਵਹਿ,

ਜਮਕਾਲੁ ਸਹਹਿ ਸਿਰਿ ਡੰਡਾ ਹੇ॥

(ਰਾਗੁ ਗਉੜੀ ਪੂਰਬੀ, ਮ: ੪, ਪੰਨਾ ੧੩)

ਮਨੁੱਖ ਦੇ ਆਤਮਿਕ ਜੀਵਨ ਵਿੱਚ ਹਉਮੈ ਬੜਾ ਘੁੱਪ ਹਨੇਰਾ ਹੈ। ਕੋਈ ਮਨੁੱਖ ਇਸ ਹਨੇਰੇ ਵਿੱਚ ਆਤਮਿਕ ਜੀਵਨ ਦਾ ਸਹੀ ਰਸਤਾ ਨਹੀਂ ਸਮਝ ਸਕਦਾ। ਇਹ ਹਨੇਰਾ ਆਗਿਆਨਤਾ ਦੇ ਕਾਰਨ ਹੈ। ਅਗਿਆਨਤਾਵੱਸ ਮਨੁੱਖ ਆਪਣੇ ਮੂਲ ਪ੍ਰਭੂ ਨਾਲ ਸਾਂਝ ਨਹੀਂ ਪਾਉਂਦਾ ਤੇ ਥਾਂ-ਥਾਂ ਤੇ ਭਟਕਦਾ ਫਿਰਦਾ ਹੈ। ਉਹ ਆਪਣੇ ਆਪ ਨੂੰ ਹੀ ਨਹੀਂ ਸਮਝ ਰਿਹਾ ਹੁੰਦਾ, ਉਸ ਨੂੰ ਇਹ ਸਮਝ ਨਹੀਂ ਹੁੰਦੀ ਕਿ ਉਸ ਲਈ ਕੀ ਚੰਗਾ ਹੈ ਤੇ ਕੀ ਮਾੜਾ :

ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ॥

(ਬਸੰਤੁ ਹਿੰਡੋਲ ਮ: ੫, ਪੰਨਾ ੧੧੮੬)

ਹਉਮੈ ਦਾ ਪਰਮਾਤਮਾ ਦੇ ਨਾਮ ਨਾਲ ਵਿਰੋਧ ਹੈ, ਇਹ ਦੋਵੇਂ ਇਕੱਠੇ ਹਿਰਦੇ ਵਿੱਚ ਨਹੀਂ ਵਸ ਸਕਦੇ। ਗੁਰਵਾਕ ਹਨ :

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ॥

(ਵਡਹੰਸ, ਮ: ੩, ਪੰਨਾ ੫੬੦)

ਹਉਮੈ ਕਰੀ ਤਾਂ ਤੂ ਨਾਹੀ, ਤੂ ਹੋਵਹਿ ਹਉ ਨਾਹਿ॥

(ਮਾਰੂ ਵਾਰ, ਸਲੋਕ, ਮ: ੧, ਪੰਨਾ ੧੦੯੨)

ਜਬ ਹਮ ਹੋਤੇ, ਤਬ ਤੂ ਨਾਹੀ, ਅਬ ਤੂ ਹੀ, ਮੈ ਨਾਹੀ॥

(ਸੋਰਠਿ, ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ, ੬੫੭)

ਹਉਮੈ ਦੇ ਅਧੀਨ ਹਰ ਕੋਈ ਭਗਤੀ ਕਰਦਾ ਹੈ ਪਰ ਇਸ ਤਰ੍ਹਾਂ ਮਨੁੱਖ ਦਾ ਮਨ ਨਾਮ-ਜਲ ਨਾਲ ਤਰ ਨਹੀਂ ਹੁੰਦਾ, ਨਾ ਹੀ ਉਸ ਦੇ ਅੰਦਰ ਆਤਮਿਕ ਆਨੰਦ ਪੈਦਾ ਹੁੰਦਾ ਹੈ। ਇਹੋ ਜਿਹੀ ਭਗਤੀ ਵਿਅਰਥ ਜਾਂਦੀ ਹੈ :

ਹਉਮੈ ਭਗਤਿ ਕਰੇ ਸਭੁ ਕੋਇ॥ ਨਾ ਮਨੁ ਭੀਜੈ ਨ ਸੁਖੁ ਹੋਇ॥
ਕਹਿ ਕਹਿ ਕਹਣੁ ਆਪੁ ਜਾਣਾਏ॥
ਬਿਰਥੀ ਭਗਤਿ ਸਭੁ ਜਨਮੁ ਗਵਾਏ॥

(ਮਲਾਰ, ਮ: ੩, ਪੰਨਾ ੧੨੭੭)

ਹਉਮੈ ਵਿੱਚ ਪਰਮਾਤਮਾ ਦੀ ਰਜ਼ਾ ਨਹੀਂ ਸਮਝੀ ਜਾ ਸਕਦੀ :

ਹਉਮੈ ਵਿਚਿ ਭਗਤਿ ਨ ਹੋਵਈ, ਹੁਕਮੁ ਨ ਬੁਝਿਆ ਜਾਇ॥
ਹਉਮੈ ਵਿਚਿ ਜੀਉ ਬੰਧੁ ਹੈ, ਨਾਮੁ ਨ ਵਸੈ ਮਨਿ ਆਇ॥

(ਵਡਹੰਸੁ, ਮ: ੩, ਪੰਨਾ ੫੬੦)

ਜਦੋਂ ਤੱਕ ਮਨੁੱਖ ਆਪਣੇ ਆਪ ਨੂੰ ਕਰਤਾ ਸਮਝਦਾ ਹੈ, ਪਰਮਾਤਮਾ ਤੋਂ ਵੱਖਰੀ ਹੋਂਦ ਦੇ ਭਰਮ ਵਿੱਚ ਹੈ, ਉਹ ਇਹ ਨਹੀਂ ਸਮਝਦਾ ਕਿ ਉਸ ਦਾ ਆਪਣਾ ਤਾਂ ਕੁਝ ਵੀ ਨਹੀਂ ਹੈ। ਉਸ ਦਾ ਸਰੀਰ, ਹੱਥ, ਪੈਰ ਬੁੱਧੀ ਆਦਿ ਪਮਾਤਮਾ ਦੇ ਦਿੱਤੇ ਹੋਏ ਹਨ। ਉਸ ਕੋਲ ਜੋ ਵੀ ਧਨ, ਮਹਿਲ, ਭੋਗਾਂ ਦੇ ਪਦਾਰਥ ਆਦਿ ਹਨ ਉਹ ਵੀ ਪਰਮਤਾਮਾ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹਨ। ਉਹ ਮਾਣ ਕਰਦਾ ਹੈ :

ਧਨਵੰਤਾ ਹੋਇ ਕਿਆ ਕੋ ਗਰਬੈ॥
ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ॥

(ਗਉੜੀ, ਸੁਖਮਨੀ, ਮ: ੫, ਪੰਨਾ ੨੭੮)

ਉਸ ਦਾ ਇਹ ਸਰੀਰ ਜਿਸ ਉੱਤੇ ਉਹ ਮਾਣ ਕਰਦਾ ਹੈ ਸਿਰਫ ਹੱਡੀਆਂ ਮਾਸ ਆਦਿ ਦਾ ਇਕੱਠ ਹੈ ਜਿਹੜਾ ਅਪਵਿੱਤਰ ਅਤੇ ਨਾਸ਼ਵੰਤ ਹੈ। ਗੁਰਵਾਕ ਹਨ :

ਮਨ ਕਹ ਅਹੰਕਾਰਿ ਅਫਾਰਾ॥

ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ, ਜੋ ਦੀਸੈ ਸੋ ਛਾਰਾ॥

(ਦੇਵਗੰਧਾਰੀ, ਮ: ੫, ਪੰਨਾ ੫੩੦)

ਚਲਤ ਕਤ ਟੇਢੇ ਟੇਢੇ ਟੇਢੇ॥

ਅਸਤਿ ਚਰਮ ਬਿਸਟਾ ਕੇ ਮੂੰਦੇ, ਦੁਰਗੰਧ ਹੀ ਕੇ ਬੇਢੇ॥

(ਰਾਗ ਕੇਦਾਰਾ, ਬਾਣੀ ਕਬੀਰ ਜੀਉ ਕੀ, ਪੰਨਾ ੧੧੨੪)

ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ॥

ਬਿਨਸਤ ਬਾਰ ਨ ਲਾਗੈ ਬਵਰੇ, ਹਉਮੈ ਗਰਬਿ ਖਪੈ ਜਗੁ ਐਸਾ॥

(ਮਲਾਰ, ਮ: ੧, ਪੰਨਾ ੧੨੭੩)

ਇਸ ਅਸਲੀਅਤ ਨੂੰ ਸਮਝੇ ਬਿਨਾ ਹਉਮੈ ਦੇ ਅਧੀਨ ਨਾਮ ਜਪਣ ਦਾ, ਭਗਤੀ ਕਰਨ ਦਾ ਕੋਈ ਫਲ ਪ੍ਰਾਪਤ ਨਹੀਂ ਹੁੰਦਾ-

ਵਿਚਿ ਹਉਮੈ ਸੇਵਾ ਥਾਇ ਨ ਪਾਏ॥

ਜਨਮਿ ਮਰੈ ਫਿਰਿ ਆਵੈ ਜਾਏ॥

(ਮਾਰੂ, ਮ: ੪. ਪੰਨਾ ੧੦੭੧)

ਐਸਾ ਮਨੁੱਖ ਤਾਂ ਸਗੋਂ ਜਨਮ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ। ਹਉਮੈ ਵਿੱਚ ਮਨੁੱਖ ਵਿਕਾਰਾਂ ਵੱਲੋਂ ਸੁਚੇਤ ਨਹੀਂ ਰਹਿ ਸਕਦਾ। ਉਹ ਪ੍ਰਭੂ ਉੱਤੇ ਪੂਰਾ ਵਿਸ਼ਵਾਸ ਨਹੀਂ ਕਰਦਾ। ਪ੍ਰਭੂ ਤੋਂ ਬਿਨਾਂ ਹੋਰ ਹੋਰ ਦੇ ਪਿਆਰ ਵਿੱਚ ਕਰਮ ਕਰਦਾ ਹੋਇਆ ਪ੍ਰਭੂ ਦੇ ਦਰ ਤੇ ਆਸਰਾ ਪ੍ਰਾਪਤ ਨਹੀਂ ਕਰ ਸਕਦਾ। ਉਸ ਦੀ ਕੀਤੀ ਭਗਤੀ ਕਬੂਲ ਨਹੀਂ ਹੁੰਦੀ-

ਹਉਮੈ ਵਿਚਿ ਜਾਗ੍ਣੁ ਨ ਹੋਵਈ, ਹਰਿ ਭਗਤਿ ਨ ਪਵਈ ਥਾਇ॥

ਮਨਮੁਖ੍ਹ ਦਰਿ ਢੋਈ ਨ ਲਹਹਿ, ਭਾਇ ਦੂਜੈ ਕਰਮ ਕਮਾਇ॥

(ਪ੍ਰਭਾਤੀ, ਮ: ੩, ਪੰਨਾ ੧੩੪੭)

ਹਉਮੈ ਇੱਕ ਵੱਡਾ ਰੋਗ ਹੈ। ਹਉਮੈ ਲਿਪਤ ਮਨੁੱਖ ਮੇਰਾ ਮੇਰਾ ਕਰਦੇ ਹੋਏ ਸਾਰਾ ਜੀਵਨ ਖੁਆਰ ਹੁੰਦੇ ਰਹਿੰਦੇ ਹਨ, ਉਹਨਾਂ ਦਾ ਮਨ ਸਦਾ ਅਸ਼ਾਂਤ ਰਹਿੰਦਾ ਹੈ, ਵਧਦੀ ਹੋਈ ਤ੍ਰਿਸ਼ਨਾ ਦੇ ਕਾਰਨ ਸਦਾ ਮਾਨਸਿਕ ਤਨਾਉ ਰੂਪੀ ਰੋਗ ਨਾਲ ਘਿਰੇ ਰਹਿੰਦੇ ਹਨ-

ਹਉਮੈ ਵਡਾ ਰੋਗੁ ਹੈ, ਭਾਇ ਦੂਜੈ ਕਰਮ ਕਮਾਇ॥

ਨਾਨਕ ਮਨਮੁਖਿ ਜੀਵਦਿਆ ਮੁਏ, ਹਰਿ ਵਿਸਰਿਆ ਦੁਖੁ ਪਾਇ॥

(ਵਡਹੰਸ ਕੀ ਵਾਰ, ਮ: ੩, ਪੰਨਾ ੫੯੯)

ਹੰਉਮੈ ਅੰਦਰਿ ਖੜਕੁ ਹੈ, ਖੜਕੇ ਖੜਕਿ ਵਿਹਾਇ॥

ਹੰਉਮੈ ਵਡਾ ਰੋਗੁ ਹੈ, ਮਰਿ ਜੰਮੈ ਆਵੈ ਜਾਇ॥

(ਵਡਹੰਸ ਕੀ ਵਾਰ, ਮ: ੩, ਪੰਨਾ ੫੯੨)

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹਉਮੈ ਤੋਂ ਪੈਦਾ ਹੋਣ ਵਾਲੇ ਆਤਮਿਕ ਰੋਗ ਬਹੁਤ ਬੁਰੇ ਹਨ। ਮੈਂ ਤਾਂ ਸੰਸਾਰ ਵਿੱਚ ਜਿੱਧਰ ਵੇਖਦਾ ਹਾਂ ਉੱਧਰ ਹਉਮੈ ਦੀ ਪੀੜਾ ਹੀ ਵੇਖਦਾ ਹਾਂ-

ਨਾਨਕ ਹਉਮੈ ਰੋਗ ਬੁਰੇ॥

ਜਹ ਦੇਖਾਂ ਤਹ ਏਕਾ ਬੇਦਨ, ਆਪੇ ਬਖਸੈ ਸਬਦਿ ਧੁਰੇ॥

(ਭੈਰਉ, ਅਸਟ, ਮ: ੧, ਪੰਨਾ ੧੧੫੩)

ਹਉਮੈ ਦੇ ਅਧੀਨ ਰਹਿ ਕੇ ਆਤਮਿਕ ਮੌਤ ਲਿਆਉਣ ਵਾਲੇ ਵਿਕਾਰਾਂ ਦੀ ਜ਼ਹਿਰ ਪੈਦਾ ਕਰਨ ਵਾਲੇ ਕੰਮ ਕਰਦਾ ਹੋਇਆ ਮਨੁੱਖ ਉਸ ਜ਼ਹਿਰ ਵਿੱਚ ਹੀ ਮਗਨ ਰਹਿੰਦਾ ਹੈ, ਚਿੰਤਾ ਵਿਚ ਲਿਪਤ ਹੋਇਆ ਮਨ ਦੀ ਮਤਿ ਦੇ ਦਬਾਉ ਹੇਠ ਆ ਕੇ ਮਾਇਆ ਦਾ ਮਾਣ ਕਰ ਬੈਠਦਾ ਹੈ-

ਹਉਮੈ ਸਭਾ ਗਣਤ ਹੈ, ਗਣਤੈ ਨਉ ਸੁਖੁ ਨਾਹਿ॥

ਬਿਖੁ ਕੀ ਕਾਰ ਕਮਾਵਣੀ, ਬਿਖੁ ਹੀ ਮਾਹਿ ਸਮਾਹਿ॥

(ਸਿਰਰਾਗੁ, ਮ: ੩, ਪੰਨਾ ੩੬)

ਅਹੰਕਾਰੁ ਕਰਹਿ ਅਹੰਕਾਰੀਆ, ਵਿਆਪਿਆ ਮਨ ਕੀ ਮਤਿ॥

ਤਿਨਿ ਪ੍ਰਭਿ ਆਪਿ ਭੁਲਾਇਆ, ਨਾ ਤਿਸੁ ਜਾਤਿ ਨ ਪਤਿ॥

(ਸਿਰਰਾਗੁ, ਮ: ੫, ਪੰਨਾ ੪੨)

ਮਾਇਆ ਦੇ ਮੋਹ ਰੂਪੀ ਹਨੇਰੇ ਵਿੱਚ ਆਪਣੀ ਸੂਝ-ਬੂਝ ਦਾ ਹੰਕਾਰ ਕਰਦਾ ਹੋਇਆ ਮਨੁੱਖ ਆਪਣੇ ਵੱਲੋਂ ਅਨੇਕਾਂ ਧਾਰਮਿਕ ਕੰਮ ਕਰਦਾ ਹੈ ਪਰ ਪ੍ਰਭੂ ਦੀ ਭਗਤੀ ਦੀ ਸਾਰ ਨਹੀਂ ਜਾਣਦਾ। ਉਸ ਦੇ ਆਤਮਿਕ ਜੀਵਨ ਦਾ ਇੱਕ ਕੰਮ ਵੀ ਨਹੀਂ ਸੰਵਰਦਾ-

ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕੁ ਨਹੀ ਸਰੈ॥

(ਭੈਰਉ, ਕਬੀਰ ਜੀਉ, ਪੰਨਾ ੧੧੬੦)

ਮਿਥੇ ਹੋਏ ਧਾਰਮਿਕ ਕਰਮ ਮਨਮੁਖ ਦੀ ਹਉਮੈ ਨੂੰ ਹੀ ਵਧਾਉਂਦੇ ਹਨ ਅਤੇ ਉਸ ਤਰ੍ਹਾਂ ਵਿਅਰਥ ਹੋ ਜਾਂਦੇ ਹਨ ਜਿਵੇਂ ਇਸ਼ਨਾਨ ਕਰਕੇ ਸਿਰ ਉੱਤੇ ਮਿੱਟੀ ਪਾ ਲੈਣ ਵਾਲੇ ਹਾਥੀ ਦਾ ਇਸ਼ਨਾਨ-

ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ॥

ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ॥

(ਆਸਾ, ਮ: ੪, ਪੰਨਾ ੩੬੭)

ਹਉਮੈ ਦੇ ਆਸਰੇ ਕੀਤੇ ਗਏ ਕਰਮ ਗਲੇ ਵਿੱਚ ਫਾਹੀਆਂ ਬਣ ਜਾਂਦੇ ਹਨ-

ਹਉ ਹਉ ਕਰਮ ਕਮਾਣੇ ॥ ਤੇ ਤੇ ਬੰਧ ਗਲਾਣੇ ॥

(ਮਾਰੂ, ਮ: ੫, ਪੰਨਾ ੧੦੦੪)

ਇਸ ਹਾਲਤ ਵਿਚ ਧਾਰਮਿਕ ਪੁਸਤਕਾਂ ਪੜ੍ਹਨ ਦਾ, ਵਿਚਾਰਨ ਦਾ ਅਤੇ ਹੋਰਨਾਂ ਨੂੰ ਸੁਣਾਉਣ ਦਾ ਕੋਈ ਲਾਭ ਨਹੀਂ ਹੁੰਦਾ ਕਿਉਂਕਿ ਜਦ ਤਾਈਂ ਇਸ ਹਿਰਦੇ ਰੂਪ ਜੰਗਲ ਵਿੱਚ ਅਹੰਕਾਰ ਸ਼ੇਰ ਰਹਿੰਦਾ ਹੈ ਤਦ ਤੱਕ ਇਹ ਹਿਰਦਾ ਰੂਪ ਫੁਲਵਾੜੀ ਫੁੱਲਦੀ ਨਹੀਂ।

ਹਿਰਦੇ ਵਿੱਚ ਕੋਮਲ ਗੁਣ ਨਹੀਂ ਉਭਰਦੇ, ਜਦੋਂ ਨਿਮਰਤਾ ਆ ਜਾਂਦੀ ਹੈ ਤਾਂ ਹੀ ਗੁਣ ਰੂਪ ਫੁੱਲ ਉੱਗਦੇ ਹਨ-

ਜਬ ਲਗੁ ਸਿੰਘੁ ਰਹੈ ਬਨ ਮਾਹਿ ॥ ਤਬ ਲਗੁ ਬਨੁ ਫੂਲੈ ਹੀ ਨਾਹਿ ॥
ਜਬ ਹੀ ਸਿਆਰੁ ਸਿੰਘ ਕਉ ਖਾਇ ॥ ਫੂਲਿ ਰਹੀ ਸਗਲੀ ਬਨਰਾਇ ॥

(ਭੈਰਉ, ਕਬੀਰ ਜੀਉ, ਪੰਨਾ ੧੧੬੧)

ਹਉਮੈ ਦਾ ਕਾਰਨ ਹੈ ਮਾਇਆ ਦਾ ਮੋਹ। ਜਿਤਨਾ ਚਿਰ ਮਨੁੱਖ ਦਾ ਮਨ ਮਾਇਆ ਦੀਆਂ ਲਹਿਰਾਂ ਵਿੱਚ ਹੈ ਉਤਨਾ ਚਿਰ ਉਸ ਦੇ ਅੰਦਰ ਅਡੋਲਤਾ ਪੈਦਾ ਨਹੀਂ ਹੁੰਦੀ। ਉਹ ਸਦਾ ਅਹੰਕਾਰ ਵਿੱਚ ਖਚਤ ਰਹਿੰਦਾ ਹੈ। ਪ੍ਰਭੂ ਦੇ ਨਾਮ ਨਾਲ ਉਸ ਦਾ ਪਿਆਰ ਨਹੀਂ ਬਣਦਾ, ਸਤਿਗੁਰੂ ਦੇ ਸ਼ਬਦ ਦਾ ਉਸ ਨੂੰ ਰਸ ਨਹੀਂ ਆਉਂਦਾ-

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ, ਹਉਮੈ ਬਹੁਤੁ ਅਹੰਕਾਰੁ ॥
ਸਬਦੈ ਸਾਦੁ ਨ ਆਵਈ, ਨਾਮਿ ਨ ਲਗੈ ਪਿਆਰੁ ॥
ਸੇਵਾ ਥਾਇ ਨ ਪਵਈ ਤਿਸ ਕੀ, ਖਪਿ ਖਪਿ ਹੋਇ ਖੁਆਰੁ ॥

(ਸਾਰੰਗ ਕੀ ਵਾਰ, ਸਲੋਕ ਮ: ੩, ਪੰਨਾ ੧੨੪੭)

ਮਾਇਆ ਦਾ ਵਧੀਕ ਮੋਹ ਤ੍ਰਿਸ਼ਨਾ ਦਾ ਕਾਰਨ ਬਣਦਾ ਹੈ ਜਿਵੇਂ ਅੱਗ ਵਿੱਚ ਘਿਉ ਪਾਉਣ ਨਾਲ ਅੱਗ ਵਧਦੀ ਜਾਂਦੀ ਹੈ ਤਿਵੇਂ ਹੀ ਤ੍ਰਿਸ਼ਨਾ ਦੀ ਪੂਰਤੀ ਹੋਰ ਤ੍ਰਿਸ਼ਨਾ ਨੂੰ ਪੈਦਾ ਕਰਦੀ ਹੈ। ਤ੍ਰਿਸ਼ਨਾ ਤੋਂ ਲੋਭ ਅਤੇ ਕ੍ਰੋਧ ਪੈਦਾ ਹੁੰਦੇ ਹਨ, ਵਿਵੇਕ ਸ਼ਕਤੀ ਖਤਮ ਹੋ ਜਾਂਦੀ ਹੈ ਅਤੇ ਮਨੁੱਖ ਪ੍ਰਭੂ ਨਾਲੋਂ ਆਪਣੀ ਵੱਖਰੀ ਹਸਤੀ ਬਣਾ ਬੈਠਦਾ ਹੈ। 'ਮੈਂ ਇਹ ਕਰਦਾ ਹਾਂ', 'ਮੈਂ ਇਹ ਕੀਤਾ ਹੈ' ਇਸ ਵਿਚਾਰ ਹੇਠ ਕਦੇ ਭੌਤਿਕ ਪਦਾਰਥ ਖੱਟਦਾ ਹੈ, ਕਦੇ ਗਵਾਉਂਦਾ ਹੈ। ਜਦ ਤੱਕ ਜੀਵ ਪਰਮਾਤਮਾ ਨਾਲੋਂ ਵਿਛੋੜੇ ਵਾਲੀ ਹਾਲਤ ਵਿੱਚ ਹੈ ਤਦ ਤਾਈਂ ਮਾਇਆ-ਮਾਇਆ ਕੂਕਦਾ ਫਿਰਦਾ ਹੈ ਅਤੇ ਦੁਖੀ ਹੁੰਦਾ ਹੈ। ਜਿਤਨਾ ਵਧੀਕ ਮਾਇਆ ਅਤੇ ਮੇਰ ਤੇਰ ਦੇ ਚੱਕਰ ਵਿੱਚ ਫਸਦਾ ਹੈ ਉਤਨਾ ਹੀ ਜੀਵਨ ਰਾਹ ਤੋਂ ਡੋਲਦਾ ਹੈ ਅਤੇ ਆਤਮਿਕ ਜੀਵਨ ਤੋਂ ਦੂਰ ਹੁੰਦਾ ਚਲਾ ਜਾਂਦਾ ਹੈ। ਇਸ ਸੰਸਾਰ ਤੋਂ ਜਾਣ ਵੇਲੇ ਸਿਰਫ ਵਿਕਾਰਾਂ ਦੇ ਜ਼ਹਿਰ ਤੋਂ ਪੈਦਾ ਹੋਏ ਮੰਦੇ ਭਾਗ ਹੀ ਲੈ ਜਾਂਦਾ ਹੈ-

ਜੇਤਾ ਮੋਹੁ ਹਉਮੈ ਕਰਿ ਭੂਲੇ, ਮੇਰੀ ਮੇਰੀ ਕਰਤੇ ਛੀਨਿ ਖਰੇ॥
ਤਨੁ ਧਨੁ ਬਿਨਸੈ ਸਹਸੈ ਸਹਸਾ, ਪਛੁਤਾਵੈ ਮੁਖਿ ਧੂਰਿ ਪਰੇ॥

(ਮਾਰੂ, ਮ ੧, ਪੰਨਾ ੧੦੧੪)

ਗੁਰੂ ਨਾਨਕ ਦੇਵ ਜੀ ਅਨੁਸਾਰ ਵੱਡੇ ਬਣਨ ਦੇ ਚੱਕਰ ਵਿੱਚ ਮਨੁੱਖ ਹਉਮੈ ਦੀ ਚਉਪੜ ਝੂਠ ਅਤੇ ਅਹੰਕਾਰ ਦੀਆਂ ਨਰਦਾਂ ਨਾਲ ਖੇਡ ਰਿਹਾ ਹੈ। ਇਸ ਖੇਡ ਵਿੱਚ ਲੱਗ ਕੇ ਮਨੁੱਖਾ ਜੀਵਨ ਦੀ ਬਾਜ਼ੀ ਹਾਰ ਰਿਹਾ ਹੈ—

ਹਉਮੈ ਚਉਪੜਿ ਖੇਲਣਾ, ਝੂਠੇ ਅਹੰਕਾਰਾ॥
ਸਭੁ ਜਗੁ ਹਾਰੈ, ਸੋ ਜਿਣੈ ਗੁਰ ਸਬਦੁ ਵੀਚਾਰਾ॥

(ਆਸਾ, ਮ: ੧, ਪੰਨਾ ੪੨੨)

ਮਾਇਆ ਦੇ ਮੋਹ ਵਿੱਚ ਟਿਕੇ ਰਹਿਣ ਨਾਲ ਆਤਮਿਕ ਅਡੋਲਤਾ ਪ੍ਰਾਪਤ ਨਹੀਂ ਹੁੰਦੀ। ਮਨ ਚੰਚਲ ਰਹਿੰਦਾ ਹੈ। ਹਉਮੈ ਇੱਕ ਦੀਰਘ ਰੋਗ ਹੈ ਅਤੇ ਮਾਇਆ ਦਾ ਮੋਹ ਪੁਰਾਣਾ ਰੋਗ ਹੈ—ਅਹੰਬੁਧਿ ਬਹੁ ਸਘਨ, ਮਾਇਆ ਮਹਾ ਦੀਰਘ ਰੋਗੁ।' ਜਿਵੇਂ ਰਾਤ ਨੂੰ ਸੁੱਤੇ ਪਿਆਂ ਸੁਪਨੇ ਵਿੱਚ ਕੋਈ ਚੀਜ਼ ਵੇਖ ਕੇ ਭੁਲੇਖਾ ਖਾ ਜਾਈਦਾ ਹੈ ਅਤੇ ਉਹ ਭੁਲੇਖਾ ਤਦ ਤੱਕ ਟਿਕਿਆ ਰਹਿੰਦਾ ਹੈ ਜਦ ਤੱਕ ਨੀਂਦ ਟਿਕੀ ਰਹਿੰਦੀ ਹੈ, ਇਸੇ ਤਰ੍ਹਾਂ ਇਹ ਜੀਵਨ ਜਦ ਤੱਕ ਮੋਹ ਮਾਇਆ ਦੇ ਵੱਸ ਹੈ ਤਦ ਤੱਕ ਹਉਮੈ ਅਤੇ ਮੇਰ-ਤੇਰ ਬਣੀ ਰਹਿੰਦੀ ਹੈ। ਜਦੋਂ ਤੱਕ ਹਉਮੈ ਹੈ ਤਦ ਤੱਕ ਤ੍ਰਿਸ਼ਨਾ ਦਾ ਦਰਿਆ ਹੈ, ਅਸ਼ਾਂਤੀ ਹੈ, ਗਿਰਾਵਟ ਹੈ, ਪਰਮਾਤਮਾ ਨਾਲੋਂ ਦੂਰੀ ਹੈ। ਜਦੋਂ ਮਨੁੱਖ ਗੁਰੂ ਦੀ ਮਤਿ ਤੇ ਤੁਰਦਾ ਹੈ, ਗੁਰੂ ਦੇ ਸ਼ਬਦ ਅਨੁਸਾਰ ਜੀਵਨ ਘਾੜਤ ਘੜਨ ਦਾ ਯਤਨ ਕਰਦਾ ਹੈ ਤਾਂ ਹੀ ਇਹ ਸਮਝ ਆਉਂਦੀ ਹੈ ਕਿ ਇਹ ਮਾਇਆ ਦਾ ਮੋਹ, ਮੇਰੇ-ਤੇਰ ਇੱਕ ਸੁਪਨਾ ਹੀ ਹੈ—

ਜਿਉ ਸੁਪਨੈ ਨਿਸਿ ਭੁਲੀਐ, ਜਬ ਲਗਿ ਨਿਦ੍ਰਾ ਹੋਇ॥
ਇਉ ਸਰਪਨਿ ਕੈ ਵਸਿ ਜੀਅੜਾ, ਅੰਤਰਿ ਹਉਮੈ ਦੋਇ॥
ਗੁਰਮਤਿ ਹੋਇ ਵੀਚਾਰੀਐ, ਸੁਪਨਾ ਇਹੁ ਜਗੁ ਲੋਇ॥

(ਸਿਰੀਰਾਗੁ ਮ: ੧, ਪੰਨਾ ੬੩)

ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ॥
ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ॥

(ਮ: ੧, ਪੰਨਾ ੧੦੯੧)

ਅਸਲ ਵਿੱਚ ਹਉਮੈ ਨੂੰ ਚੰਗੀ ਤਰ੍ਹਾਂ ਸਮਝੇ ਬਿਨਾਂ ਇਹ ਰੋਗ ਦੂਰ ਨਹੀਂ ਕੀਤਾ ਜਾ ਸਕਦਾ। ਜਦੋਂ ਮਨੁੱਖ ਹਉਮੈ ਨੂੰ ਸਮਝ ਲੈਂਦਾ ਹੈ ਉਸ ਨੂੰ ਸੂਝ ਹੋ ਜਾਂਦੀ ਹੈ ਕਿ ਉਹ ਪਰਮਾਤਮਾ ਨਾਲੋਂ ਟੁੱਟਿਆ ਹੋਇਆ ਹੈ ਤੇ ਆਪਣੀ ਵਖੇਵੇਂ ਵਾਲੀ ਹੱਦਬੰਦੀ ਵਿੱਚ ਕੈਦ ਹੈ, ਤਦੋਂ ਹੀ ਉਸ ਨੂੰ ਪਰਮਾਤਮਾ ਦਾ ਦਰ ਲੱਭ ਪੈਂਦਾ ਹੈ—

'ਹਉਮੈ ਬੂਝੈ ਤਾ ਦਰੁ ਸੂਝੈ'॥

ਸਾਧ ਸੰਗਤ ਹਉਮੈ ਦੂਰ ਕਰਨ ਵਿੱਚ ਸਹਾਇਤਾ ਕਰਦੀ ਹੈ—

ਜੇ ਕੋ ਅਪੁਨੀ ਸੋਭਾ ਲੋਰੈ॥ ਸਾਧਸੰਗਿ ਇਹ ਹਉਮੈ ਛੋਰੈ॥

(ਗਉੜੀ, ਸੁਖਮਨੀ, ਮ: ੫ ਪੰਨਾ ੨੬੬)

ਹਉਮੈ ਮੂਲਿ ਨ ਛੁਟਈ, ਵਿਣੁ ਸਾਧੂ ਸਤਸੰਗੈ॥

(ਮਾਰੂ ਵਾਰ, ਮ: ੫, ਪੰਨਾ ੧੦੯੮)

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਵੇਂ ਪਾਣੀ ਨੂੰ ਮਿਲ ਕੇ ਬੂਟੇ ਹਰੇ ਹੋ ਜਾਂਦੇ ਹਨ, ਤਿਵੇਂ ਸਾਧ ਸੰਗਤਿ ਵਿੱਚ ਜਾ ਕੇ ਮਨੁੱਖ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ—

ਮਿਲਿ ਪਾਣੀ ਜਿਉ ਹਰੇ ਬੂਟ॥ ਸਾਧ ਸੰਗਤਿ ਤਿਉ ਹਉਮੈ ਛੂਟ॥

(ਬਸੰਤੁ, ਮ: ੫, ਪੰਨਾ ੧੧੯੧)

ਸਾਧ ਸੰਗਤ ਦੇ ਰਾਹੀਂ ਹੀ ਮਨੁੱਖ ਪਰਮਾਤਮਾ ਦੇ ਨਾਮ ਨਾਲ ਜੁੜਦਾ ਹੈ। ਜੇਕਰ ਮਨ ਪ੍ਰਭੂ ਦੇ ਨਾਮ ਰਸ ਵਿੱਚ ਭਿੱਜ ਜਾਵੇ ਤਾਂ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ ਪਰ ਨਾਮ ਰਸ ਵਿੱਚ ਭਿੱਜਣ ਦੀ ਇਹ ਦਾਤ ਝੂਠ ਦੇ ਰਾਹੀਂ ਜਾਂ ਪਖੰਡ ਕੀਤਿਆਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਗੁਰੂ ਸ਼ਬਦ ਅਨੁਸਾਰ ਆਪਣਾ ਜੀਵਨ ਢਾਲਣਾ ਪੈਂਦਾ ਹੈ—

ਹਉਮੈ ਗਰਬੁ ਜਾਇ ਮਨ ਭੀਨੈ॥ ਝੂਠਿ ਨ ਪਾਵਸਿ ਪਾਖੰਡਿ ਕੀਨੈ॥

ਬਿਨੁ ਗੁਰ ਸਬਦ ਨਹੀ ਘਰੁ ਬਾਰੁ॥ ਨਾਨਕ ਗੁਰਮੁਖਿ ਤਤੁ ਬੀਚਾਰੁ॥

(ਰਾਮਕਲੀ, ਮ: ੧, ਪੰਨਾ ੯੦੬)

ਹਉਮੈ ਆਤਮਿਕ ਮੌਤ ਲਿਆਉਣ ਵਾਲਾ ਜ਼ਹਿਰ ਹੈ। ਗੁਰੂ ਦਾ ਸ਼ਬਦ ਇਸ ਜ਼ਹਿਰ ਨੂੰ ਮਾਰਨ ਲਈ ਮਾਨੋ ਗਾਰੜੂ ਮੰਤ੍ਰ ਹੈ। ਜਿਸ ਨੇ ਇਹ ਸ਼ਬਦ ਮੰਤ੍ਰ ਆਪਣੇ ਮੂੰਹ ਵਿੱਚ ਰੱਖ ਲਿਆ ਪਰਮਾਤਮਾ ਨੇ ਉਸ ਦੇ ਅੰਦਰੋਂ ਹਉਮੈ-ਜ਼ਹਿਰ ਮੁਕਾ ਦਿੱਤੀ—

ਹਉਮੈ ਬਿਖੁ ਮਨੁ ਮੋਹਿਆ, ਲਦਿਆ ਅਜਗਰ ਭਾਰੀ॥

ਗਰੁੜੁ ਸਬਦੁ ਮੁਖਿ ਪਾਇਆ, ਹਉਮੈ ਬਿਖੁ ਹਰਿ ਮਾਰੀ॥

(ਮਲਾਰ, ਮ: ੩, ਪੰਨਾ ੧੨੬੦)

ਗੁਰ ਸਬਦੀ ਚੂਕੇ ਅਭਿਮਾਨ॥ (ਪੰਨਾ ੧੨੫੯)

ਗੁਰੂ ਦੇ ਸ਼ਬਦ ਦੀ ਵੀਚਾਰ ਕੀਤਿਆਂ ਜੀਵਨ-ਮਾਰਗ ਤੇ ਵਿਕਾਰਾਂ ਦੀ ਰੁਕਾਵਟ ਨਹੀਂ ਰਹਿੰਦੀ, ਮਾਇਆ ਦੀ ਤ੍ਰੇਹ ਮਿਟ ਜਾਂਦੀ ਹੈ। ਜਦੋਂ ਮਨੁੱਖ ਆਪਾ-ਭਾਵ ਤਿਆਗ ਕੇ ਗੁਰੂ ਦੀ ਸ਼ਰਨ ਲੈਂਦਾ ਹੈ, ਗੁਰੂ ਦੇ ਹੁਕਮ ਤੇ ਤੁਰਦਾ ਹੈ, ਉਹ ਤੱਤ ਗਿਆਨ ਨੂੰ ਵਿਚਾਰਦਾ ਹੈ ਅਤੇ ਆਪਣੀ ਹਉਮੈ ਗੁਰੂ ਦੇ ਸ਼ਬਦ ਦੇ ਰਾਹੀਂ ਸਾੜਦਾ ਹੈ। ਉਸ ਦਾ ਮਨ ਤਨ ਪਵਿੱਤਰ ਹੋ ਜਾਂਦਾ ਹੈ, 'ਮੈਂ' ਦਾ ਅਭਾਵ ਹੋ

ਜਾਂਦਾ ਹੈ, ਵਖਰਾਪਨ ਮੁੱਕ ਜਾਂਦਾ ਹੈ ਅਤੇ ਪ੍ਰਭੂ ਤੇ ਭਰੋਸਾ ਬਣ ਜਾਂਦਾ ਹੈ। ਗੁਰ-ਵਾਕ ਹਨ—

ਗੁਰਮੁਖਿ ਹੋਵੈ ਸੁ ਗਿਆਨ ਤਤੁ ਬੀਚਾਰੈ, ਹਉਮੈ ਸਬਦਿ ਜਲਾਏ॥
ਤਨੁ ਮਨੁ ਨਿਰਮਲ ਬਾਣੀ, ਸਾਚੈ ਰਹੈ ਸਮਾਏ॥

(ਸਿਧ ਗੋਸਟਿ, ਮ: ੧, ਪੰਨਾ ੯੪੬)

ਮਨਿ ਪਰਤੀਤਿ ਬਨੀ ਪ੍ਰਭ ਤੇਰੀ॥
ਬਿਨਸਿ ਗਈ ਹਉਮੈ ਮਤਿ ਮੇਰੀ॥

(ਮਾਰੂ ਸੋਲਹੇ, ਮ: ੫, ਪੰਨਾ ੧੦੭੨)

ਸਬਦੁ ਬੁਝੈ ਸੋ ਮੈਲੁ ਚੁਕਾਏ॥ ਨਿਰਮਲ ਨਾਮੁ ਵਸੈ ਮਨਿ ਆਏ॥
ਸਤਿਗੁਰੁ ਅਪਣਾ ਸਦ ਹੀ ਸੇਵਹਿ, ਹਉਮੈ ਵਿਚਹੁ ਜਾਈ ਹੇ॥

(ਮਾਰੂ ਸੋਲਹੇ, ਮ: ੩, ਪੰਨਾ ੧੦੪੪)

ਕਾਇਆ ਕੁਸੁਧ ਹਉਮੈ ਮਲੁ ਲਾਈ॥
ਜੇ ਸਉ ਧੋਵਹਿ ਤਾ ਮੈਲੁ ਨ ਜਾਈ॥
ਸਬਦਿ ਧੋਪੈ ਤਾ ਹਛੀ ਹੋਵੈ, ਫਿਰਿ ਮੈਲੀ ਮੂਲਿ ਨ ਹੋਈ ਹੇ॥

(ਮਾਰੂ, ਸੋਲਹੇ, ਮ: ੩, ਪੰਨਾ ੧੦੪੫)

ਹਉਮੈ ਨੂੰ ਤਿਆਗ ਕੇ ਹੀ ਪਰਮਾਤਮਾ ਦੀ ਰਜ਼ਾ ਸਮਝੀ ਜਾ ਸਕਦੀ ਹੈ। ਪਰਮਾਤਮਾ ਦੀ ਰਜ਼ਾ ਵਿੱਚ ਨਾਮ ਅੰਮ੍ਰਿਤ ਹੈ। ਜਿਹੜੇ ਰਜ਼ਾ ਵਿੱਚ ਤੁਰਦੇ ਹਨ ਉਹਨਾਂ ਨੇ ਆਤਮਿਕ ਅਡੋਲਤਾ ਵਿੱਚ ਟਿਕ ਕੇ ਇਹ ਅੰਮ੍ਰਿਤ ਪੀਤਾ ਹੈ—

ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ, ਸਹਜੇ ਪਾਵੈ ਕੋਇ॥
ਜਿਨਾ ਪਰਾਪਤਿ ਤਿਨ ਪੀਆ, ਹਉਮੈ ਵਿਚਹੁ ਖੋਇ॥

(ਸਿਰੀਰਾਗੁ, ਮ: ੩, ਪੰਨਾ ੩੧)

ਪਰਮਾਤਮਾ ਮਨੁੱਖ ਦੇ ਹਿਰਦੇ-ਘਰ ਵਿੱਚ ਹੀ ਵਸਦਾ ਹੈ—

ਮਨ ਮੇਰਿਆ, ਅੰਤਰਿ ਤੇਰੈ ਨਿਧਾਨੁ ਹੈ, ਬਾਹਰਿ ਵਸਤੁ ਨ ਭਾਲਿ॥

(ਵਡਹੰਸ, ਮ: ੩, ਪੰਨਾ ੫੬੯)

ਪਰ ਵਿਚਕਾਰ ਹਉਮੈ ਦੀ ਕੰਧ ਖੜ੍ਹੀ ਹੈ, ਅਗਿਆਨਤਾ ਦਾ ਹਨੇਰਾ ਹੈ। ਜਦੋਂ ਹਉਮੈ ਦੀ ਕੰਧ ਢਹਿ ਪੈਂਦੀ ਹੈ ਤਦ ਪ੍ਰਭੂ ਆਪਣੇ ਅੰਦਰ ਲੱਭ ਪੈਂਦਾ ਹੈ। ਗੁਰ-ਵਾਕ ਹਨ—

ਹਉ ਹਉ ਭੀਤਿ ਭਇਓ ਹੈ, ਬੀਚੋ, ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ, ਬਿਨੁ ਪੇਖੇ ਦੂਰਾਇਓ॥

(ਸੋਰਠਿ, ਮ: ੫, ਪੰਨਾ ੬੨੪)

ਅੰਤਰਿ ਅਲਖੁ ਨ ਜਾਈ ਲਖਿਆ, ਵਿਚਿ ਪੜਦਾ ਹਉਮੈ ਪਾਈ॥

(ਗਉੜੀ ਪੂਰਬੀ, ਮ: ੫, ਪੰਨਾ ੨੦੫)

ਧਨ ਪਿਰ ਕਾ ਇਕ ਹੀ ਸੰਗ ਵਾਸਾ, ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੇ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੇ ਬਨਵਾਰੀ॥

(ਮਲਾਰ, ਮ: ੪, ਪੰਨਾ ੧੨੬੩)

ਜਿਨ੍ਹਾਂ ਨੇ ਗੁਰੂ ਦੇ ਸ਼ਬਦ ਦੇ ਰਾਹੀਂ ਮਾਇਆ ਦਾ ਮੋਹ ਤਿਆਗ ਕੇ, ਹਉਮੈ ਦੂਰ ਕਰਕੇ, ਆਤਮਿਕ ਅਡੋਲਤਾ ਵਿੱਚ ਰਹਿੰਦੇ ਹੋਏ ਮਨ ਦਾ ਫੁਰਨਾ ਮਨ ਵਿੱਚ ਹੀ ਲੀਨ ਕਰ ਦਿੱਤਾ ਹੈ ਉਹ ਅੰਤਰ ਆਤਮੇ ਸਿਮ੍ਰਨ ਕਰਦੇ ਹੋਏ, ਜਗਤ ਦੇ ਕਾਰ ਵਿਹਾਰ ਕਰਦੇ ਹੋਏ ਵੀ ਸਦਾ ਸੁਖੀ ਰਹਿੰਦੇ ਹਨ। ਸਾਰਾ ਆਤਮਿਕ ਸੁੱਖ ਹਿਰਦੇ ਵਿੱਚ ਟਿਕਣ ਨਾਲ ਹੈ, ਹਉਮੈ ਦੇ ਅਧੀਨ ਹੋ ਕੇ ਬਾਹਰ ਭਟਕਣ ਵਿੱਚ ਨਹੀਂ। ਬਾਹਰ ਸੁੱਖ ਦੀ ਭਾਲ ਕਰਨ ਵਾਲੇ ਕੁਰਾਹੇ ਪਏ ਰਹਿੰਦੇ ਹਨ। ਗੁਰ-ਵਾਕ ਹਨ—

ਸਭ ਕਿਛੁ ਘਰ ਮਹਿ, ਬਾਹਰਿ ਨਾਹੀ॥
ਬਾਹਰਿ ਟੋਲੈ, ਸੋ ਭਰਮਿ ਭੁਲਾਹੀ॥ (ਮਾਝ, ਮ: ੫, ਪੰਨਾ ੧੦੨)

ਇਸ ਲਈ ਹਰ ਮਨੁੱਖ ਨੂੰ ਹਉਮੈ ਤਿਆਗ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ। ਨਾਮ ਵਿੱਚ ਜੁੜ ਕੇ ਹੀ ਵਿਕਾਰਾਂ ਭਰੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ। ਨਾਮ ਦੇ ਰਾਹੀਂ ਹੀ ਇੱਜ਼ਤ, ਆਦਰ ਮਿਲਦਾ ਹੈ। ਨਾਮ ਇਨਸਾਨੀ ਜੀਵਨ ਨੂੰ ਸ਼ਿੰਗਾਰਨ ਲਈ ਗਹਿਣਾ ਹੈ। ਇਨਸਾਨੀ ਅਕਲ ਦਾ ਮਕਾਨ ਇਹੀ ਹੈ ਕਿ ਇਨਸਾਨ ਪਰਮਾਤਮਾ ਦਾ ਨਾਮ ਸਿਮਰੇ। ਪ੍ਰਭੂ ਦਾ ਨਾਮ ਛੱਡ ਕੇ ਦੁਨੀਆਂ ਵਿੱਚ ਇੱਜ਼ਤ ਹਾਸਿਲ ਕਰਨ ਲਈ ਹੋਰ ਹੋਰ ਚਤੁਰਾਈਆਂ ਦਾ ਕੰਮ ਨਿਰਾ ਲੋਕ ਵਿਖਾਵਾ ਹੈ। ਉਹ ਪਾਜ ਆਖਰ ਉੱਘੜ ਜਾਂਦਾ ਹੈ ਅਤੇ ਹਾਸਿਲ ਕੀਤੀ ਇੱਜ਼ਤ ਵੀ ਮੁੱਕ ਜਾਂਦੀ ਹੈ। ਜੀਵ ਦੀ ਜ਼ਿੰਦਗੀ ਦਾ ਅਸਲ ਮਨੋਰਥ ਨਾਮ ਸਿਮਰਨ ਨਾਲ ਹੀ ਸਿਰੇ ਚੜ੍ਹਦਾ ਹੈ।

ਮਨਿ ਮੈਲੈ ਸੂਚਾ ਕਿਉ ਹੋਇ

ਹਉਮੈ ਮੈਲਾ ਇਹੁ ਸੰਸਾਰਾ॥
ਨਿਤ ਤੀਰਥਿ ਨਾਵੈ, ਨ ਜਾਇ ਅਹੰਕਾਰਾ॥

(ਗਉੜੀ, ਮ: ੩, ਪੰਨਾ ੨੩੦)

ਮਾਇਆ ਦੇ ਮੋਹ ਵਿੱਚ ਲਿਪਤ ਭੌਤਿਕ ਉੱਨਤੀ ਨੂੰ ਜੀਵਨ ਦਾ ਮਕਸਦ ਸਮਝਣ ਵਾਲਾ ਮਨੁੱਖ, ਸਿਰਫ ਤੀਰਥ-ਇਸ਼ਨਾਨ ਆਦਿਕ ਬਾਹਰੀ ਕਰਮ ਨੂੰ ਹੀ ਧਰਮ ਜਾਂ ਪ੍ਰਲੋਕ ਦੇ ਸੁੱਖ ਦਾ ਸਾਧਨ ਮੰਨਦਾ ਹੋਇਆ, ਇਹ ਨਹੀਂ ਜਾਣਦਾ ਕਿ ਇਸ ਤਰ੍ਹਾਂ ਉਹ ਪਰਮਾਤਮਾ ਤੋਂ ਦੂਰ ਹੋ ਰਿਹਾ ਹੈ। ਤੀਰਥ-ਇਸ਼ਨਾਨ ਆਦਿਕ ਕਰਮ ਉਸ ਦੀ ਹਉਮੈ ਦੀ ਮੈਲ ਨੂੰ ਹੀ ਵਧਾਉਂਦੇ ਹਨ—

ਕੋਟਿ ਤੀਰਥ ਮਜਨ ਇਸਨਾਨਾ, ਇਸੁ ਕਲਿ ਮਹਿ ਮੈਲੁ ਭਰੀਜੈ॥

(ਸੂਹੀ, ਮ: ੫, ਪੰਨਾ ੭੪੭)

ਦੇਹੀ ਧੋਇ ਨ ਉਤਰੈ ਮੈਲੁ॥
ਹਉਮੈ ਬਿਆਪੈ ਦੁਬਿਧਾ ਫੈਲੁ॥ (ਰਾਮਕਲੀ, ਮ: ੫, ਪੰਨਾ ੮੯੩)

ਲੋਕਾਂ ਦੀਆਂ ਨਜ਼ਰਾਂ ਵਿੱਚ ਐਸਾ ਮਨੁੱਖ ਭਗਤ ਹੋ ਸਕਦਾ ਹੈ, ਪਰ ਲੋਕਾਂ ਦੇ ਪਤੀਜਿਆਂ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਪਰਮਾਤਮਾ ਹਰੇਕ ਦੇ ਦਿਲ ਦੀ ਜਾਣਦਾ ਹੈ। ਮਨ ਤੋਂ ਵਿਕਾਰਾਂ ਦੀ ਮੈਲ ਤੀਰਥ-ਇਸ਼ਨਾਨਾਂ ਨਾਲ ਨਹੀਂ ਲੱਥ ਸਕਦੀ—

ਅੰਤਰਿ ਮੈਲੁ ਜੇ ਤੀਰਥ ਨਾਵੈ, ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ, ਨਾਹੀ ਰਾਮੁ ਅਯਾਨਾ॥

(ਆਸਾ, ਸ੍ਰੀ ਕਬੀਰ ਜੀਉ, ਪੰਨਾ ੪੮੪)

ਮਨਮੁਖ ਤੀਰਥਾਂ ਦੇ ਇਸ਼ਨਾਨਾ ਤੋਂ ਮਨ ਦੀ ਪਵਿੱਤਰਤਾ ਹੋਣ ਦੇ ਭੁਲੇਖੇ ਵਿੱਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਤਨ ਦੇ ਧੋਣ ਨਾਲ ਮਨ ਦੀ ਮੈਲ ਦੂਰ ਨਹੀਂ ਹੁੰਦੀ। ਗੁਰ-ਵਾਕ ਹਨ—

ਮਨਿ ਮੈਲੈ ਸਭੁ ਕਿਛੁ ਮੈਲਾ, ਤਨਿ ਧੋਤੈ ਮਨੁ ਹਛਾ ਨ ਹੋਇ॥

(ਵਡਹੰਸੁ, ਮ: ੩, ਪੰਨਾ ੫੫੮)

ਸੋਚ ਕਰੈ ਦਿਨਸੁ ਅਰੁ ਰਾਤਿ॥
ਮਨ ਕੀ ਮੈਲੁ ਨ ਤਨ ਤੇ ਜਾਤਿ॥

(ਗਉੜੀ, ਸੁਖਮਨੀ, ਮ: ੫, ਪੰਨਾ ੨੬੫)

ਅੰਤਰਿ ਮੈਲੁ ਤੀਰਥ ਭਰਮੀਜੈ॥
ਮਨੁ ਨਹੀ ਸੂਚਾ, ਕਿਆ ਸੋਚ ਕਰੀਜੈ॥

(ਰਾਮਕਲੀ, ਮ: ੧, ਪੰਨਾ ੯੦੫)

ਮਾਇਆ ਦਾ ਮੋਹ ਵਿਕਾਰਾਂ ਦਾ ਕਾਰਨ ਬਣਦਾ ਹੈ। ਜੇਕਰ ਮਨ ਵਿਕਾਰਾਂ ਦੀ ਛੋਹ ਨਾਲ ਜੂਠਾ ਹੋ ਚੁੱਕਾ ਹੈ ਤਾਂ ਉਸ ਦੇ ਸਰੀਰ ਵਿੱਚ ਵੀ ਜੂਠ ਹੀ ਜੂਠ ਹੈ। ਜਿਹੜਾ ਮਨੁੱਖ ਝੂਠ ਬੋਲਦਾ ਹੈ, ਉਹ ਬਾਹਰਲੇ ਸੁੱਚ ਆਦਿਕ ਕਰਮ ਨਾਲ ਅੰਦਰੋਂ ਪਵਿੱਤਰ ਨਹੀਂ ਹੋ ਸਕਦਾ। ਜੇਕਰ ਅੰਦਰ ਲੋਭ ਦੀ ਮੈਲ ਹੈ, ਕ੍ਰੋਧ ਅਤੇ ਹੰਕਾਰ ਦੇ ਕੀੜੇ ਹਨ, ਲੋਭ ਦੇ ਅਧੀਨ ਹੋ ਕੇ ਠੱਗੀ ਦੇ ਕੰਮ ਕਰਦਾ ਹੈ ਤਾਂ ਮਨ ਕਿਵੇਂ ਪਵਿੱਤਰ ਹੋ ਸਕਦਾ ਹੈ—

ਮਨਿ ਜੂਠੈ ਤਨਿ ਜੂਠਿ ਹੈ, ਜਿਹਵਾ ਜੂਠੀ ਹੋਇ॥
ਮੁਖਿ ਝੂਠੈ ਝੂਠੁ ਬੋਲਣਾ, ਕਿਉ ਕਰਿ ਸੂਚਾ ਹੋਇ॥

(ਸਿਰੀਰਾਗੁ, ਮ: ੧, ਪੰਨਾ ੫੫)

ਅੰਤਰਿ ਮੈਲੁ ਲੋਭ ਬਹੁ ਝੂਠੇ, ਬਾਹਰਿ ਨਾਵਹੁ ਕਾਹੀ ਜੀਉ॥

(ਸੋਰਠਿ, ਮ: ੧, ਪੰਨਾ ੫੯੮)

ਮਾਇਆ ਦੇ ਮੋਹ ਨਾਲ ਮਨ ਹਰ ਵੇਲੇ ਮੈਲਾ ਰਹਿੰਦਾ ਹੈ। ਮੈਲੇ ਮਨ ਦੇ ਕਾਰਨ ਉਹ ਮਨੁੱਖ ਲਾਲਚ ਦੀ ਹੋਰ ਮੈਲ ਆਪਣੇ ਮਨ ਨੂੰ ਲਾਉਂਦਾ ਰਹਿੰਦਾ ਹੈ ਅਤੇ ਦੁੱਖ ਪਾਉਂਦਾ ਹੈ—

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ॥
ਮੈਲੈ ਕਰਨ ਕਰੇ ਦੁਖੁ ਪਾਏ॥
ਕੂੜੋ ਕੂੜ ਕਰੇ ਵਾਪਾਰਾ, ਕੂੜੁ ਬੋਲਿ ਦੁਖੁ ਪਾਇਦਾ॥

(ਮਾਰੂ ਸੋਲਹੇ, ਮ: ੩, ਪੰਨਾ ੧੦੬੨)

ਜਿਨ੍ਹਾਂ ਦੇ ਹਿਰਦੇ ਵਿੱਚ ਸਫਾਈ ਨਹੀਂ, ਧੋਖਾ ਹੈ, ਪਰ ਸਰੀਰ ਨੂੰ ਬਾਹਰੋਂ ਧੋ ਕੇ ਰੱਖਦੇ ਹਨ ਉਹ ਆਪਣੇ ਹਰੇਕ ਕਾਰ-ਵਿਹਾਰ ਵਿੱਚ ਝੂਠ ਤੇ ਧੋਖਾ ਹੀ ਵਰਦਤੇ ਹਨ—

ਜਿਨ ਕੈ ਹਿਰਦੈ ਮੈਲੁ ਕਪਟੁ ਹੈ, ਬਾਹਰੁ ਧੋਵਾਇਆ॥
ਕੂੜੁ ਕਪਟੁ ਕਮਾਵਦੇ, ਕੂੜੁ ਪਰਗਟੀ ਆਇਆ॥

(ਸਾਰਗ ਦੀ ਵਾਰ, ਮ: ੪, ਪੰਨਾ ੧੨੪੩)

ਲੋਭ ਮਨ ਦਾ ਸੂਤਕ ਹੈ, ਮਨ ਦੀ ਅਪਵਿੱਤਰਤਾ ਦਾ ਮੂਲ ਕਾਰਨ ਹੈ। ਝੂਠ ਬੋਲਣਾ ਜੀਭ ਦਾ ਸੂਤਕ ਹੈ। ਮਾੜੀ ਨਜ਼ਰ ਨਾਲ ਪਰਾਈ ਇਸਤਰੀ ਨੂੰ ਵੇਖਣਾ, ਮਨ ਵਿੱਚ ਕਾਮ-ਵਾਸ਼ਨਾ ਦਾ ਪੈਦਾ ਹੋਣਾ। ਪਰ ਧਨ ਨੂੰ ਬੁਰੀ ਨਜ਼ਰ ਨਾਲ ਵੇਖਣਾ ਅਤੇ ਉਸ ਨੂੰ ਲੁੱਟਣ ਆਦਿ ਦਾ ਖਿਆਲ ਕਰਨਾ ਅੱਖਾਂ ਦਾ ਸੂਤਕ ਹੈ। ਪਰਾਇਆ ਹੱਕ ਮਾਰ ਕੇ ਅਤੇ ਦੂਸਰਿਆਂ ਨੂੰ ਦੁੱਖ ਦੇ ਕੇ ਪ੍ਰਾਪਤ ਕੀਤਾ ਅੰਨ ਸਰੀਰ ਵਿੱਚ ਵਿਕਾਰਾਂ ਨੂੰ ਪੈਦਾ ਕਰਦਾ ਹੈ, ਇਸ ਨਾਲ ਸਰੀਰ ਅਤੇ ਮਨ ਦੋਵੇਂ ਅਪਵਿੱਤਰ ਹੋ ਜਾਂਦੇ ਹਨ—

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ॥

(ਵਾਰ ਮਾਝ ਕੀ, ਮ: ੧, ਪੰਨਾ ੧੪੧)

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

(ਵਾਰ ਮਾਝ ਕੀ, ਮ: ੧, ਪੰਨਾ ੧੪੦)

ਅਸਲ ਵਿੱਚ ਭੈੜੀ ਮਤਿ ਮਨੁੱਖ ਦੇ ਅੰਦਰ ਮਿਰਾਸਣ ਹੈ, ਬੇਰਹਿਮੀ—ਕਸਾਇਣ, ਪਰ-ਨਿੰਦਾ ਅੰਦਰ ਦੀ ਚੂਹੜੀ ਹੈ ਅਤੇ ਕ੍ਰੋਧ ਅੰਦਰ ਦੀ ਚੰਡਾਲਣ ਹੈ। ਜੇਕਰ ਇਹ ਚਾਰੇ ਤਨ ਦੇ ਅੰਤਰ ਹਨ ਤਾਂ ਬਾਹਰੋਂ ਕੀਤਾ ਇਸ਼ਨਾਨ ਮਨ ਨੂੰ ਪਵਿੱਤਰ ਕਿਵੇਂ ਕਰ ਸਕਦਾ ਹੈ—

ਕਾਂਇਆ ਮਾਂਜਸਿ ਕਉਨ ਗੁਨਾਂ॥
ਜਉ ਘਟ ਭੀਤਰਿ ਹੈ ਮਲਨਾਂ॥

(ਸੋਰਠਿ, ਬਾਣੀ ਭਗਤ ਕਬੀਰ ਜੀ ਕੀ, ਪੰਨਾ ੬੫੬)

ਪਰ ਨਿੰਦਾ ਕਰੇ, ਅੰਤਰਿ ਮਲੁ ਲਾਏ॥
ਬਾਹਰਿ ਮਲੁ ਧੋਵੈ, ਮਨ ਕੀ ਜੂਠਿ ਨ ਜਾਏ॥

(ਸਿਰੀਰਾਗ ਕੀ ਵਾਰ, ਮ: ੩, ਪੰਨਾ ੮੮)

ਮਨ ਵਿੱਚ ਟਿਕਿਆ ਹੋਇਆ ਕ੍ਰੋਧ ਅਤੇ ਬਲੀ ਅਹੰਕਾਰ ਸਰੀਰ ਦੀ ਪਵਿੱਤਰਤਾ ਧਾਰਨ ਕੀਤੇ ਹੋਏ ਧਾਰਮਿਕ ਚਿੰਨਾਂ ਨੂੰ ਮਹੱਤਵਹੀਨ ਕਰ ਦਿੰਦੇ ਹਨ—

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ॥
ਪੂਜਾ ਕਰਹਿ ਬਹੁਤੁ, ਬਿਸਤਾਰਾ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ॥
ਅੰਤਰ ਕੀ ਮਲੁ ਕਬ ਹੀ ਨ ਜਾਏ॥

(ਪ੍ਰਭਾਤੀ, ਮ: ੫, ਪੰਨਾ ੧੩੪੮)

ਸੋ ਸੂਚਾ ਜਿ ਕਰੋਧੁ ਨਿਵਾਰੇ॥
ਸਬਦੇ ਬੂਝੈ ਆਪੁ ਸਵਾਰੇ॥ (ਮਾਰੂ, ਮ: ੩, ਪੰਨਾ ੧੦੫੯)

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵਿਕਾਰਾਂ ਦੇ ਕਾਰਨ ਮਨ ਚੰਚਲ ਬਣਿਆ ਰਹਿੰਦਾ ਹੈ। ਪਰਮਾਤਮਾ ਦੀ ਭਗਤੀ ਕਰਨ ਨਾਲ ਅਡੋਲਤਾ ਪੈਦਾ ਹੁੰਦੀ ਹੈ, ਮਨ ਦੀ ਚੰਚਲਤਾ ਮੁੱਕ ਜਾਂਦੀ ਹੈ ਅਤੇ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ—

ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ, ਪਾਪ ਕਮਾਏ॥
ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ,
ਬਿਨੁ ਭਗਤੀ ਮੈਲੁ ਨ ਜਾਏ॥

(ਗਉੜੀ, ਮ: ੩, ਪੰਨਾ ੨੪੫)

ਪਰਮਾਤਮਾ ਦੀ ਭਗਤੀ ਲਈ ਮਨ ਵਿੱਚ ਪਰਮਾਤਮਾ ਉੱਤੇ ਵਿਸ਼ਵਾਸ ਹੋਣਾ ਜ਼ਰੂਰੀ ਹੈ। ਜਿਹੜਾ ਮਨੁੱਖ ਪਰਮਾਤਮਾ ਉੱਤੇ ਪੂਰਾ ਵਿਸ਼ਵਾਸ ਕਰਦਾ ਹੈ ਉਸ ਦੇ ਅੰਦਰ ਪ੍ਰਭੂ ਦੇ ਡਰ ਅਤੇ ਅਦਬ ਦੀ ਭਾਵਨਾ ਰਹਿੰਦੀ ਹੈ। ਇਸ ਤੋਂ ਬਿਨਾਂ ਮਨ ਸਾਫ ਨਹੀਂ ਹੋ ਸਕਦਾ। ਡਰ ਅਦਬ ਤੋਂ ਬਿਨਾਂ ਧਾਰਮਿਕ ਕਰਮ ਅਤੇ ਪਾਠ ਕਰਦੇ ਹੋਏ ਵੀ ਝੂਠ ਨੂੰ ਨਹੀਂ ਛੱਡਿਆ ਜਾ ਸਕਦਾ—

ਭੈ ਬਿਨੁ ਲਾਗਿ ਨ ਲਗਈ, ਨਾ ਮਨੁ ਨਿਰਮਲੁ ਹੋਇ॥

ਬਿਨੁ ਭੈ ਕਰਮ ਕਮਾਵਣੇ, ਝੂਠੇ ਠਾਉ ਨ ਕੋਇ॥

(ਆਸਾ. ਮ: ੩, ਪੰਨਾ ੪੨੭)

ਗੁਰਬਾਣੀ ਸੁਣਨ ਨਾਲ ਮਨ ਆਤਮਿਕ ਅਡੋਲਤਾ ਵਿੱਚ ਟਿਕਿਆ ਰਹਿੰਦਾ ਹੈ ਅਤੇ ਨਾਮ ਮਨ ਵਿੱਚ ਵਸ ਜਾਂਦਾ ਹੈ—

ਗੁਰਬਾਣੀ ਸੁਣਿ ਮੈਲੁ ਗਵਾਏ॥

ਸਹਜੇ ਹਰਿ ਨਾਮੁ ਮੰਨਿ ਵਸਾਏ॥ (ਧਨਾਸਰੀ, ਮ: ੩, ਪੰਨਾ ੬੬੫)

ਪਰਮਾਤਮਾ ਦੇ ਗਿਆਨ ਰੂਪ ਨਾਮ-ਅੰਮ੍ਰਿਤ ਜਲ ਵਿੱਚ ਇਸ਼ਨਾਨ ਕੀਤਿਆਂ ਮਨ ਤੇ ਤਨ ਦੋਨੋਂ ਪਵਿੱਤਰ ਹੋ ਜਾਂਦੇ ਹਨ—

ਗਿਆਨਿ ਮਹਾ ਰਸਿ ਨਾਈਐ ਭਾਈ, ਮਨੁ ਤਨੁ ਨਿਰਮਲੁ ਹੋਇ॥

(ਸੋਰਠਿ, ਮ: ੧, ਪੰਨਾ ੬੩੭)

ਜਿਹੜਾ ਨਾਮ ਜਪਦਾ ਹੈ ਉਹ ਆਪਣੇ ਮਨ ਵਿੱਚ ਪਰਮਾਤਮਾ ਦੇ ਗੁਣਾ ਦਾ ਵੀਚਾਰ ਕਰਦਾ ਹੈ। ਇਸ ਤਰ੍ਹਾਂ ਉਸ ਦੇ ਅੰਦਰੋਂ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ—

ਰਾਮ ਪੜਹੁ ਮਨਿ ਕਰਹੁ ਬੀਚਾਰੁ॥ ਗੁਰ ਪਰਸਾਦੀ ਮੈਲੁ ਉਤਾਰੁ॥

(ਗਉੜੀ, ਮ: ੩, ਪੰਨਾ ੨੩੦)

ਜਿਸ ਦੇ ਮਨ ਵਿੱਚ ਪਰਮਾਤਮਾ ਦਾ ਨਾਮ ਆ ਵਸਦਾ ਹੈ ਉਸ ਨੇ ਮਾਨੋ ਕਰੋੜਾਂ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ ਅਤੇ ਲੱਖਾਂ ਰੁਪਏ ਦਾਨ ਕਰ ਦਿੱਤੇ ਹਨ—

ਕੋਟਿ ਮਜਨ ਕੀਨੋ ਇਸਨਾਨ॥ ਲਾਖ ਅਰਬ ਖਰਬ ਦੀਨੋ ਦਾਨ॥

ਜਾ ਮਨਿ ਵਸਿਓ ਹਰਿ ਕੋ ਨਾਮੁ॥ (ਗਉੜੀ, ਮ: ੫, ਪੰਨਾ ੨੦੨)

ਪ੍ਰਭੂ ਦੇ ਨਾਮ ਸਿਮਰਨ ਨੂੰ ਸਾਰੇ ਕਰਮਾਂ ਨਾਲੋਂ ਵੱਧ ਵਡਿਆਈ ਦਿੱਤੀ ਗਈ ਹੈ। ਗੁਰ-ਵਾਕ ਹੈ—

ਕਰਮ ਧਰਮ ਪ੍ਰਭਿ ਮੇਰੈ ਕੀਏ॥

ਨਾਮੁ ਵਡਾਈ ਸਿਰਿ ਕਰਮਾਂ ਕੀਏ॥ (ਪ੍ਰਭਾਤੀ, ਮ: ੧, ਪੰਨਾ ੧੩੪੫)

ਪਵਿੱਤਰ ਨਾਮ-ਜਲ ਨਾਲ ਸਾਂਝ ਗੁਰੂ ਦੇ ਰਾਹੀਂ ਹੁੰਦੀ ਹੈ। ਗੁਰੂ ਦੀ ਮਤਿ ਤੇ

ਚੱਲ ਕੇ ਹੀ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਤੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਬਣਾਉਟੀ ਗੁਰੂਆਂ ਦੇ ਚੱਕਰਾਂ ਤੋਂ ਬਚਣਾ ਚਾਹੀਦਾ ਹੈ। ਜਿਵੇਂ ਖੁਲ੍ਹੇ ਸਾਫ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਤਨ ਦੀ ਮੈਲ ਲਹਿ ਜਾਂਦੀ ਹੈ, ਪਰ ਛੱਪੜ ਵਿੱਚ ਨ੍ਹਾਤਿਆਂ ਮੈਲ ਹੋਰ ਵੱਧਦੀ ਹੈ। ਇਸੇ ਤਰ੍ਹਾਂ ਪਰਮਾਤਮਾ ਦਾ ਨਾਮ ਸਿਮਰਨ ਕਰਨ ਵਾਲਾ ਗੁਰੂ ਮਾਨੋ ਸਾਫ ਪਾਣੀ ਦਾ ਸੋਮਾ ਹੈ ਜੇਕਰ ਉਹ ਆਪ ਆਪਣੇ ਪਰਿਵਾਰ ਸਮੇਤ ਵਿਕਾਰਾਂ ਤੋਂ ਬਚਿਆ ਹੋਇਆ ਹੈ। ਗੁਰੂ ਜੀ ਦਾ ਫ਼ੁਰਮਾਨ ਹੈ—

ਜਿਸ ਦੈ ਅੰਦਰਿ ਸਚੁ ਹੈ, ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗ ਆਪਿ ਚਲਦਾ, ਹੋਰਨਾ ਨੋ ਹਰਿ ਮਾਰਗਿ ਪਾਏ॥
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ,
ਛਪੜਿ ਨਾਤੈ ਸਗਵੀ ਮਲੁ ਲਾਏ॥
ਤੀਰਥੁ ਪੂਰਾ ਸਤਿਗੁਰੂ, ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ,
ਦੇ ਹਰਿ ਹਰਿ ਨਾਮ ਸਭ ਸ੍ਰਿਸਟਿ ਛਡਾਏ॥

(ਵਾਰ ਮਾਝ ਕੀ, ਮ: ੪, ਪੰਨਾ ੧੪੦)

ਜਿਹੜਾ ਆਪ ਮਾਇਆ ਦੇ ਮੋਹ ਵਿੱਚ ਲਿਪਤ ਹੈ ਉਹ ਸੱਚਾ ਗੁਰੂ ਨਹੀਂ। ਇਸ ਲਈ ਸਾਡੇ ਲਈ ਗੁਰਬਾਣੀ ਹੀ ਗੁਰੂ ਹੈ। ਜਿਹੜਾ ਗੁਰੂ ਦੇ ਸ਼ਬਦ ਨਾਲ ਜੁੜ ਕੇ ਪਰਮਾਤਮਾ ਦੀ ਸਿਫਤਿ ਸਾਲਾਹ ਦੇ ਗੀਤ ਗਾਉਂਦਾ ਹੈ ਉਹ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ—

ਗੁਰ ਕਾ ਸਬਦੁ ਮਨਿ ਵਸੈ, ਮਨੁ ਤਨੁ ਨਿਰਮਲੁ ਹੋਇ॥

(ਸਿਰੀਰਾਗੁ, ਮ: ੩, ਪੰਨਾ ੩੨)

ਅਤੇ

ਸਬਦਿ ਰਤੇ ਸੇ ਨਿਰਮਲੇ, ਤਜਿ ਕਾਮ ਕ੍ਰੋਧੁ ਅਹੰਕਾਰੁ॥

(ਸਿਰੀਰਾਗੁ, ਮ: ੧, ਪੰਨਾ ੫੯)

ਪ੍ਰਭੂ ਦੀ ਸਿਫਤਿ-ਸਾਲਾਹ ਕਰਨ ਨਾਲ ਮਨੁੱਖ ਦੀ ਮਤਿ ਦੂਜਿਆਂ ਦੀ ਸੇਵਾ ਕਰਨ ਵਾਲ਼ੀ ਅਤੇ ਸਭ ਤੇ ਦਇਆ ਕਰਨ ਵਾਲੀ ਬਣ ਜਾਂਦੀ ਹੈ, ਉਹ ਮਾਨੋ ਆਤਮਿਕ ਅਡੋਲਤਾ ਵਿੱਚ ਇਸ਼ਨਾਨ ਕਰਦਾ ਹੈ। ਗੁਰੂ ਦਾ ਸ਼ਬਦ ਆਤਮਿਕ ਚਾਨਣ ਦਿੰਦਾ ਹੈ, ਇਹ ਸਦਾ ਕਾਇਮ ਰਹਿਣ ਵਾਲਾ ਤੀਰਥ ਹੈ। ਜਿਹੜਾ ਮਨੁੱਖ ਸ਼ਬਦ ਦੀ ਵੀਚਾਰ ਕਰਦਾ ਹੈ, ਗੁਰ-ਸ਼ਬਦ ਅਨੁਸਾਰ ਜੀਵਨ ਘਾੜਤ ਘੜਦਾ ਹੈ, ਉਹ ਨਾਮ ਦੇ ਸਰੋਵਰ ਵਿੱਚ ਅੰਮ੍ਰਿਤ ਦੇ ਤੀਰਥ ਉੱਤੇ ਇਸ਼ਨਾਨ ਕਰਦਾ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ—

ਅੰਤਰਿ ਤੀਰਥੁ ਗਿਆਨੁ ਹੈ, ਸਤਿਗੁਰਿ ਦੀਆ ਬੁਝਾਇ॥

ਮੈਲੁ ਗਈ, ਮਨੁ ਨਿਰਮਲੁ ਹੋਆ, ਅੰਮ੍ਰਿਤ ਸਰਿ ਤੀਰਥਿ ਨਾਇ॥

(ਮ: ੩, ਪੰਨਾ ੫੯੭)

ਇਸ ਮਨ ਦੀ ਮੈਲ ਇਸ ਤਰ੍ਹਾਂ ਉਤਰਦੀ ਹੈ ਕਿ ਮਨ ਦੀ ਹਉਮੈ ਗੁਰ-ਸ਼ਬਦ ਨਾਲ ਜਲਾਈ ਜਾਏ—

ਨਾਨਕ ਇਸੁ ਮਨ ਕੀ ਮਲੁ ਇਉ ਉਤਰੈ, ਹਉਮੈ ਸਬਦਿ ਜਲਾਇ॥

(ਰਾਗੁ ਸੋਰਠਿ, ਵਾਰ, ਮ: ੩, ਪੰਨਾ ੬੫੦)

ਗੁਰੂ ਅਮਰਦਾਸ ਜੀ ਸਮਝਾਉਂਦੇ ਹਨ ਕਿ ਵਿਕਾਰਾਂ ਦੇ ਕਾਰਨ ਮਨੁੱਖ ਦਾ ਮਨ ਅਤੇ ਤਨ ਗੰਦਾ ਹੋਇਆ ਰਹਿੰਦਾ ਹੈ ਪਰ ਉਸ ਦੇ ਅੰਦਰ ਬੇਅੰਤ ਪਰਮਾਤਮਾ ਦੀ ਜੋਤਿ ਮੌਜੂਦ ਹੈ। ਇਸ ਲਈ ਜਦੋਂ ਉਹ ਗੁਰੂ ਦੀ ਮਤਿ ਦੇ ਰਾਹੀਂ ਵਿਚਾਰ ਕਰਕੇ ਆਤਮਿਕ ਜੀਵਨ ਦੇ ਭੇਦ ਨੂੰ ਸਮਝਦਾ ਹੈ, ਤਦੋਂ ਹਉਮੈ ਨੂੰ ਦੂਰ ਕਰਕੇ, ਪ੍ਰਭੂ ਦਾ ਨਾਮ ਜਪ ਕੇ, ਉਸ ਦਾ ਮਨ ਸਦਾ ਲਈ ਪਵਿੱਤਰ ਹੋ ਜਾਂਦਾ ਹੈ—

ਮਨੁ ਤਨੁ ਮੈਲਾ, ਵਿਚਿ ਜੋਤਿ ਅਪਾਰਾ॥
ਗੁਰਮਤਿ ਬੂਝੈ ਕਰਿ ਵੀਚਾਰਾ॥
ਹਉਮੈ ਮਾਰਿ ਸਦਾ ਮਨੁ ਨਿਰਮਲੁ, ਰਸਨਾ ਸੇਵਿ ਸੁਖਦਾਤਾ ਹੇ॥

(ਮਾਰੂ ਸੋਲਹੇ, ਮ: ੩, ਪੰਨਾ ੧੦੫੩)

ਸੰਖੇਪ ਵਿੱਚ ਪ੍ਰਭੂ ਦਾ ਨਾਮ ਸਿਮਰਨ ਕਰਨ ਵਾਲਾ ਮਨੁੱਖ ਗੁਰ-ਸ਼ਬਦ ਅਨੁਸਾਰ ਜੀਵਨ-ਮਾਰਗ ਤੇ ਚਲਦਾ ਹੋਇਆ ਮਨ ਨੂੰ ਵਿਕਾਰਾਂ ਦੀ ਮੈਲ ਤੋਂ ਸਾਫ ਕਰ ਲੈਂਦਾ ਹੈ। ਐਸੇ ਮਨੁੱਖ ਦੇ ਮਨ ਵਿੱਚ ਇਹ ਨਿਸ਼ਚਾ ਬਣ ਜਾਂਦਾ ਹੈ ਕਿ ਪਰਮਾਤਮਾ ਹਰ ਥਾਂ ਵਿਆਪਕ ਹੈ। ਤੀਰਥ ਇਸ਼ਨਾਨਾਂ ਤੋਂ ਇਹ ਆਤਮਿਕ ਅਵਸਥਾ ਪ੍ਰਾਪਤ ਨਹੀਂ ਹੁੰਦੀ। ਐਸੇ ਮਨੁੱਖ ਲਈ ਮਨ ਹੀ ਕਾਸ਼ੀ ਹੈ, ਮਨ ਹੀ ਤੀਰਥ ਹੈ। ਅਠਾਹਠ ਤੀਰਥ ਉਸ ਦੇ ਨਾਲ ਹੀ ਵਸਦੇ ਹਨ—

ਅਠਸਠਿ ਤੀਰਥ ਗੁਰ ਸਬਦਿ ਦਿਖਾਏ, ਤਿਤੁ ਨਾਤੈ ਮਲੁ ਜਾਏ॥

(ਸੂਹੀ, ਮ: ੩, ਪੰਨਾ ੭੫੩)

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ,
ਸਤਿਗੁਰਿ ਦੀਆ ਬੁਝਾਇ॥
ਅਠਸਠਿ ਤੀਰਥ ਤਿਸੁ ਸੰਗਿ ਰਹਹਿ,
ਜਿਨ ਹਰਿ ਹਿਰਦੈ ਰਹਿਆ ਸਮਾਇ॥ (ਗੂਜਰੀ, ਮ: ੩, ਪੰਨਾ ੪੯੧)

ਇਸ ਲਈ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਮਨੁੱਖ ਦਾ ਮਨ ਵਿਕਾਰਾਂ ਨਾਲ ਮੈਲਾ ਹੋ ਚੁੱਕਾ ਹੋਵੇ ਉਸ ਦੇ ਅੰਦਰ ਬਾਹਰਲੇ ਇਸ਼ਨਾਨ ਆਦਿਕ ਨਾਲ ਪਵਿੱਤਰਤਾ ਨਹੀਂ ਆ ਸਕਦੀ। ਕੋਈ ਵਿਰਲਾ ਹੀ ਗੁਰੂ ਦੇ ਸ਼ਬਦ ਨਾਲ ਮਨ ਨੂੰ ਸਾਫ ਕਰਦਾ ਹੈ, ਨਾਮ ਦੀ ਕਮਾਈ ਕਰਦਾ ਹੈ ਅਤੇ ਆਪਣੇ ਅੰਦਰ ਪਰਮਾਤਮਾ ਨੂੰ ਵੇਖ ਸਕਦਾ ਹੈ। ਪਰਮਾਤਮਾ ਪਵਿੱਤਰ ਹਿਰਦੇ ਵਿੱਚ ਹੀ ਵਸਦਾ

ਹੈ। ਗੁਰ-ਵਾਕ ਹਨ—

ਅੰਤਰਿ ਜੂਠਾ ਕਿਉ ਸੁਚਿ ਹੋਇ॥

ਸਬਦੀ ਧੋਵੈ ਵਿਰਲਾ ਕੋਇ॥ (ਪ੍ਰਭਾਤੀ, ਮ: ੧, ਪੰਨਾ ੧੩੪੪)

ਸੂਚੈ ਭਾਡੈ ਸਾਚੁ ਸਮਾਵੈ, ਵਿਰਲੇ ਸੂਚਾਚਾਰੀ॥

(ਸੋਰਠਿ, ਮ ੧, ਪੰਨਾ ੫੯੭)

ਨਾਨਕ ਸਾਚੁ ਕਹੈ ਬੇਨੰਤੀ, ਮਨੁ ਮਾਂਜੈ ਸਚੁ ਸੋਈ॥

(ਧਨਾਸਰੀ, ਮ ੧, ਪੰਨਾ ੬੮੮)

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥

ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥

(ਆਸਾ ਕੀ ਵਾਰ, ਪੰਨਾ ੪੭੨)

ਅਜਿਹੇ ਮਨੁੱਖ ਸੁੱਚੇ ਨਹੀਂ ਆਖੇ ਜਾ ਸਕਦੇ ਜੋ ਨਿਰਾ ਸਰੀਰ ਨੂੰ ਹੀ ਧੋ ਕੇ ਆਪਣੇ ਵਲੋਂ ਪਵਿੱਤਰ ਬਣ ਕੇ ਬੈਠ ਜਾਂਦੇ ਹਨ। ਹੇ ਨਾਨਕ! ਕੇਵਲ ਉਹੀ ਮਨੁੱਖ ਸੁੱਚੇ ਹਨ ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਵੱਸਦਾ ਹੈ।

ਬਿਰਥੀ ਸਾਕਤ ਕੀ ਆਰਜਾ

ਮਨੁੱਖੀ ਜੀਵਨ ਦਾ ਇਹ ਸੋਹਣਾ ਸਮਾਂ ਪਰਮਾਤਮਾ ਦੇ ਨਾਮ ਸਿਮਰਨ ਦਾ ਵੇਲਾ ਹੈ—

ਭਲੋ ਸਮੋ ਸਿਮਰਨ ਕੀ ਬਰੀਆ॥
ਸਿਮਰਤ ਨਾਮੁ ਭੈ ਪਾਰਿ ਉਤਰੀਆ॥

(ਗਉੜੀ, ਮ: ੫, ਪੰਨਾ ੧੯੦)

ਇਹ ਸਮਾਂ ਪ੍ਰਾਪਤ ਕਰਕੇ ਵੀ ਜਿਹੜਾ ਮਨੁੱਖ ਸਰੀਰਕ ਸੁੱਖ-ਪ੍ਰਾਪਤੀ ਲਈ ਮਾਇਆ ਇਕੱਠੀ ਕਰਨੀ ਹੀ ਆਪਣੇ ਜੀਵਨ ਦਾ ਮਨੋਰਥ ਬਣਾ ਲੈਂਦਾ ਹੈ, ਪਰਮਾਤਮਾ ਦੇ ਨਾਮ ਨਾਲ ਸਾਂਝ ਨਹੀਂ ਪਾਉਂਦਾ, ਨਾਮ-ਵਿਹੂਣਾ ਜੀਵਨ ਬਤੀਤ ਕਰਦਾ ਹੈ, ਉਸ ਦਾ ਸਰੀਰ ਮਾਇਆ ਦੇ ਤਿੰਨ ਗੁਣਾਂ ਵਿੱਚ ਹੀ ਬੱਝਿਆ ਰਹਿੰਦਾ ਹੈ। ਉਹ ਸਦਾ ਭਟਕਦਾ ਰਹਿੰਦਾ ਹੈ, ਉਸ ਦਾ ਮਨ ਅਸ਼ਾਂਤ ਰਹਿੰਦਾ ਹੈ। ਜੀਵਨ-ਰਾਹ ਵਿੱਚ ਘੁੱਪ ਹਨੇਰੇ ਤੋਂ ਬਿਨਾਂ ਉਸ ਨੂੰ ਕੁਝ ਦਿਖਾਈ ਨਹੀਂ ਦਿੰਦਾ। ਤ੍ਰਿਸ਼ਨਾ ਦਾ ਬੱਧਾ ਹੋਇਆ ਜਦੋਂ ਤੱਕ ਜੀਉਂਦਾ ਹੈ, ਆਸਾਂ ਦੇ ਪ੍ਰਭਾਵ ਹੇਠ ਪਦਾਰਥਾਂ ਦੇ ਭੋਗਾਂ ਵਿੱਚ ਹੀ ਲੱਗਿਆ ਰਹਿੰਦਾ ਹੈ ਤੇ ਅੰਤ ਵੇਲੇ ਤ੍ਰਿਸ਼ਨਾ ਦੇ ਬੰਧਨ ਵਿੱਚ ਬੱਧਾ ਹੋਇਆ ਹੀ ਜਗਤ ਤੋਂ ਚਲਾ ਜਾਂਦਾ ਹੈ, ਕਿਉਂਕਿ ਉਸ ਦੀ ਮਾਇਆ ਦੀ ਭੁੱਖ ਕਦੇ ਮੁੱਕਦੀ ਨਹੀਂ। ਜਿਸ ਤਰ੍ਹਾਂ ਅੱਗ ਵਿੱਚ ਘਿਉ ਪਾਉਂਦੇ ਜਾਣ ਨਾਲ ਅੱਗ ਵੱਧਦੀ ਜਾਂਦੀ ਹੈ ਉਸੇ ਤਰ੍ਹਾਂ ਜਿਵੇਂ ਜਿਵੇਂ ਮਨੁੱਖ ਦੀ ਆਸ ਪੂਰੀ ਹੁੰਦੀ ਹੈ ਮੋਹ ਦੇ ਕਾਰਨ ਲੋਭ ਵੱਧਦਾ ਜਾਂਦਾ ਹੈ। ਲੋਭ ਵੱਸ ਅਨੇਕਾਂ ਪਾਪ ਕਰਦਾ ਹੈ। ਜੇਕਰ ਆਸ ਪੂਰੀ ਨਹੀਂ ਹੁੰਦੀ ਤਾਂ ਕ੍ਰੋਧ ਕਰਦਾ ਹੈ। ਉਸ ਦਾ ਸਰੀਰ ਵਿਕਾਰਾਂ ਵਿੱਚ ਹੀ ਸੜ ਕੇ ਮਿੱਟੀ ਹੋ ਜਾਂਦਾ ਹੈ—

ਪ੍ਰਭ ਤਜਿ ਰਚੇ ਜਿ ਆਨ ਸਿਉ, ਸੋ ਰਲੀਐ ਖੇਹ॥

(ਬਿਲਾਵਲੁ, ਮ: ੫, ਪੰਨਾ ੮੧੨)

ਐਸੇ ਮਨੁੱਖ ਦੀ ਜ਼ਿੰਦਗੀ ਵਿਅਰਥ ਬੀਤ ਜਾਂਦੀ ਹੈ, ਉਹ ਤਾਂ ਜੀਉਂਦਿਆਂ ਹੀ ਮਾਇਆ ਦਾ ਮੋਹ ਰੂਪ ਜ਼ਹਿਰ ਖਾ ਕੇ ਆਤਮਿਕ ਮੌਤ ਸਹੇੜ ਲੈਂਦਾ ਹੈ। ਗੰਦ ਦੇ ਕੀੜੇ ਵਾਂਗ ਉਸ ਮਨੁੱਖ ਦਾ ਨਿਵਾਸ ਹਰ ਵੇਲੇ ਵਿਕਾਰਾਂ ਦੇ ਗੰਦ ਵਿੱਚ ਹੀ ਰਹਿੰਦਾ ਹੈ। ਗੁਰ-ਵਾਕ ਹੈ—

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥
ਬਿਖੁ ਖਾਵੈ, ਬਿਖੁ ਬੋਲੀ ਬੋਲੈ, ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥

(ਭੈਰਉ, ਮ: ੧, ਪੰਨਾ ੧੧੨੭)

ਮਨਮੁਖੁ ਭੂਲਾ ਦੂਜੈ ਭਾਇ ਖੁਆਏ॥
ਨਾਮੁ ਨ ਲੇਵੈ, ਮਰੈ ਬਿਖੁ ਖਾਏ॥
ਅਨਦਿਨੁ ਸਦਾ ਵਿਸਟਾ ਮਹਿ ਵਾਸਾ,

ਬਿਨੁ ਸੇਵਾ ਜਨਮੁ ਗਵਾਵਣਿਆ॥ (ਮਾਝ, ਮ: ੩, ਪੰਨਾ ੧੧੯)

ਲੋਭ ਵਿਕਾਰ ਜਿਨਾ ਮਨੁ ਲਾਗਾ, ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ,
ਤਿਨ ਮਸਤਕਿ ਭਾਗੁ ਮੰਦੇਰਾ॥

(ਟੋਡੀ, ਮ: ੪, ਪੰਨਾ ੭੧੧)

ਜਿਸ ਪਰਮਾਤਮਾ ਦਾ ਦਿੱਤਾ ਹੋਇਆ ਖਾਂਦਾ, ਪਹਿਨਦਾ ਹੈ, ਜਿਸ ਨੇ ਹੱਥ, ਪੈਰ, ਕੰਨ, ਅੱਖਾਂ ਆਦਿਕ ਦਿੱਤੇ ਹਨ, ਉਸ ਪ੍ਰਭੂ ਦੀ ਯਾਦ ਵੱਲੋਂ ਆਲਸ ਕਰਨਾ ਕਿਸੇ ਤਰ੍ਹਾਂ ਵੀ ਸ਼ੋਭਦਾ ਨਹੀਂ। ਮਨੁੱਖ ਇਹ ਭੁੱਲ ਜਾਂਦਾ ਹੈ ਕਿ ਪਰਮਾਤਮਾ ਦੇ ਨਾਮ ਤੋਂ ਵਾਂਝੇ ਰਿਹਾਂ ਉਸ ਦਾ ਜੀਵਨ ਕਿਸੇ ਵੀ ਕੰਮ ਦਾ ਨਹੀਂ—

ਮਰਿ ਨ ਜਾਹੀ ਜਿਨਾ ਬਿਸਰਤ ਰਾਮ॥
ਨਾਮ ਬਿਹੂਨ ਜੀਵਨ ਕਉਨ ਕਾਮ॥ (ਗਉੜੀ, ਮ: ੫, ਪੰਨਾ ੧੮੮)

ਫਿਟੁ ਇਵੇਹਾ ਜੀਵਿਆ, ਜਿਤੁ ਖਾਇ ਵਧਾਇਆ ਪੇਟੁ॥
ਨਾਨਕ ਸਚੇ ਨਾਮ ਵਿਣੁ, ਸਭੋ ਦੁਸਮਨੁ ਹੇਤੁ॥

(ਮ: ੧, ਪੰਨਾ ੭੯੦)

ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ॥
ਜੀਵਨ ਰੂਪ ਬਿਸਾਰਿ ਜੀਵਹਿ, ਤਿਹ ਕਤ ਜੀਵਨ ਹੋਤ॥

(ਕੇਦਾਰਾ, ਮ: ੫, ਪੰਨਾ ੧੧੨੧)

ਪਰਮਾਤਮਾ ਦੇ ਨਾਮ ਤੋਂ ਬਿਨਾਂ ਸਰੀਰ ਦਾ ਮੋਹ ਵੈਰੀ ਬਣ ਜਾਂਦਾ ਹੈ। ਜੇਕਰ ਇਸ ਸਰੀਰ ਦੇ ਰਾਹੀਂ ਇਸ ਜਨਮ ਵਿੱਚ ਪ੍ਰਭੂ ਦਾ ਮਿਲਾਪ ਹਾਸਲ ਨਹੀਂ ਕੀਤਾ ਤਾਂ ਇਹ ਸਰੀਰ ਫਿਟਕਾਰਯੋਗ ਹਨ। ਇਹ ਮਨੁੱਖਾ ਸਰੀਰ ਪ੍ਰਭੂ ਦੇ ਦੇਸ਼ ਵਿੱਚ ਪਹੁੰਚਾਉਣ ਲਈ ਮਾਨੋ ਪੌੜੀ ਹੈ। ਪੌੜੀ ਦੇ ਸਹੀ ਉਪਯੋਗ ਤੋਂ ਬਿਨਾਂ ਉਸ ਦੀ ਮਜ਼ਬੂਤੀ ਦਾ ਯਤਨ ਕਰਨਾ ਵਿਅਰਥ ਸਮਾਂ ਗਵਾਉਣਾ ਹੀ ਹੈ—

ਧ੍ਰਿਗੁ ਧ੍ਰਿਗੁ ਖਾਇਆ, ਧ੍ਰਿਗੁ ਧ੍ਰਿਗੁ ਸੋਇਆ,
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ,
ਜਿਤੁ ਹੁਣਿ ਖਸਮੁ ਨ ਪਾਇਆ॥ (ਬਿਲਾਵਲੁ, ਮ: ੩, ਪੰਨਾ ੭੯੬)

ਖਾਂਦਿਆਂ ਖਾਂਦਿਆਂ ਮੁਹੁ ਘਠਾ, ਪੈਨੰਦਿਆ ਸਭੁ ਅੰਗੁ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ, ਜਿਨ ਸਚਿ ਨ ਲਗੋ ਰੰਗੁ॥

(ਮ: ੫, ਪੰਨਾ ੪੨੩)

ਖਾਣਾ ਪੀਣਾ ਬਸਣਾ ਬਾਦਿ॥

ਜਬ ਲਗੁ ਰਿਦੈ ਨ ਆਵਹਿ ਯਾਦਿ॥ (ਆਸਾ, ਮ: ੧, ਪੰਨਾ ੩੫੧)

ਪਰਮਾਤਮਾ ਦੇ ਨਾਮ ਤੋਂ ਬਿਨਾਂ ਆਤਮਿਕ ਮੌਤ ਮਰਿਆ ਹੋਇਆ ਮਨੁੱਖ ਪਸ਼ੂਆਂ ਵਾਂਗ ਅਨੇਕਾਂ ਸੁਆਦਲੇ ਪਦਾਰਥ ਖਾਣ ਵਿੱਚ ਮਸਤ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਜਿਹੜੇ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਅਨੇਕਾਂ ਚੰਗੇ-ਚੰਗੇ ਪਦਾਰਥ ਖਾਣ ਵਿੱਚ ਲੱਗੇ ਰਹਿੰਦੇ ਹਨ ਉਹ ਮਾਨੋ ਭਾਰ ਢੋਣ ਵਾਲੇ ਖੋਤੇ ਹਨ—

ਖਾਤ ਪੀਤ ਅਨੇਕ ਬਿੰਜਨ, ਜੈਸੇ ਭਾਰ ਬਾਹਕ ਖੋਤ॥

ਆਠ ਪਹਰ ਮਹਾ ਸ੍ਰਮੁ ਪਾਇਆ, ਜੈਸੇ ਬਿਰਖ ਜੰਤੀ ਜੋਤ॥

(ਕੇਦਾਰਾ, ਮ: ੫, ਪੰਨਾ ੧੧੨੧)

ਪਸ਼ੂਆਂ ਦੇ ਸਰੀਰ ਤਾਂ ਫਿਰ ਵੀ ਕਿਸੇ ਨਾ ਕਿਸੇ ਕੰਮ ਆ ਜਾਂਦੇ ਹਨ ਪਰ ਜਿਹੜਾ ਮਨੁੱਖ ਨਾਮ ਹਿਰਦੇ ਵਿੱਚ ਨਹੀਂ ਵਸਾਉਂਦਾ ਉਹ ਨਾ ਆਪਣਾ ਕੁਝ ਸੰਵਾਰਦਾ ਹੈ, ਨਾ ਕਿਸੇ ਹੋਰ ਦਾ! ਉਸ ਦਾ ਸੰਸਾਰ ਵਿੱਚ ਆਉਣਾ ਵਿਅਰਥ ਹੋ ਜਾਂਦਾ ਹੈ। ਦੁਨੀਆਂ ਦੇ ਪਦਾਰਥਾਂ ਦਾ ਭੋਗ ਉਸ ਨੂੰ ਦੁੱਖ ਹੀ ਦਿੰਦਾ ਹੈ, ਸਰੀਰ ਵਿੱਚ ਅਨੇਕਾਂ ਰੋਗ ਪੈਦਾ ਹੋ ਜਾਂਦੇ ਹਨ—

ਬਿਨੁ ਨਾਵੈ ਜਿ ਹੋਰੁ ਖਾਣਾ, ਤਿਤੁ ਰੋਗੁ ਲਗੈ ਤਨਿ ਧਾਇ॥

ਨਾਨਕ ਰਸ ਕਸ ਸਬਦੁ ਸਲਾਹਣਾ, ਆਪੇ ਲਏ ਮਿਲਾਇ॥

(ਸਲੋਕ, ਮ: ੩, ਪੰਨਾ ੧੨੫੦)

ਹਰ ਵੇਲੇ ਮੌਤ ਦਾ ਡਰ ਸਿਰ ਉੱਤੇ ਬਣਿਆ ਰਹਿੰਦਾ ਹੈ, ਚਿੰਤਾ ਲੱਗੀ ਰਹਿੰਦੀ ਹੈ। ਵੇਖਣ ਨੂੰ ਭਾਵੇਂ ਸਾਕਤ ਮਨੁੱਖ ਸੁਖੀ ਜਾਪਦਾ ਹੋਵੇ ਪਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਕਿਸੇ ਦਾ ਦੁੱਖ ਦੂਰ ਨਹੀਂ ਹੁੰਦਾ—

ਅੰਤਰਿ ਚਿੰਤਾ ਨੈਣੀ ਸੁਖੀ, ਮੂਲਿ ਨ ਉਤਰੈ ਭੁਖ।

ਨਾਨਕ ਸਚੇ ਨਾਮ ਬਿਨੁ, ਕਿਸੈ ਨ ਲਥੋ ਦੁਖੁ॥

(ਗਉੜੀ ਕੀ ਵਾਰ, ਸਲੋਕ, ਮ: ੫, ਪੰਨਾ ੩੧੯)

ਜਉ ਪੈ ਰਸਨਾ ਰਾਮੁ ਨ ਕਹਿਬੋ॥

ਉਪਜਤ ਬਿਨਸਤ ਰੋਵਤ ਰਹਿਬੋ॥

(ਗਉੜੀ, ਕਬੀਰ ਜੀ, ਪੰਨਾ ੩੨੫)

ਮਾਇਆ ਦੇ ਕੰਮ ਕਦੇ ਮੁੱਕਦੇ ਨਹੀਂ। ਮੂਰਖ ਮਨੁੱਖ ਸੁਪਨੇ ਨਾਲ ਪਿਆਰ ਕਰ ਰਿਹਾ ਹੈ। ਦੁਨੀਆਂ ਦੇ ਧੰਦਿਆਂ ਵਿੱਚ ਸਾਰੀ ਉਮਰ ਬੀਤ ਜਾਂਦੀ ਹੈ। ਨਾ ਮਨ ਪ੍ਰਸੰਨ ਹੁੰਦਾ ਹੈ ਨਾ ਸੰਤੋਖ ਹੁੰਦਾ ਹੈ। ਕੁਲ ਦਾ, ਧਨ ਦਾ, ਰੂਪ ਦਾ ਮਾਣ ਸਭ ਕੁਝ ਛਲ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਕੁਝ ਵੀ ਨਾਲ ਨਹੀਂ ਜਾਂਦਾ—

ਰਾਜ ਕਪਟੰ, ਰੂਪ ਕਪਟੰ, ਧਨ ਕਪਟੰ, ਕੁਲ ਗਰਬਤਹ॥
ਸੰਚੰਤਿ ਬਿਖਿਆ ਛਲੰ ਛਿਦ੍ਰ,
ਨਾਨਕ ਬਿਨੁ ਹਰਿ ਸੰਗਿ ਨ ਚਾਲਤੇ॥੧॥
ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥
ਅਢੁ ਨ ਲਹੰਦੜੋ ਮੁਲੁ, ਨਾਨਕ ਸਾਥਿ ਨ ਜੁਲਈ ਮਾਇਆ॥

(ਜੈਤਸਰੀ ਕੀ ਵਾਰ, ਸਲੋਕ ਮ: ੫, ਪੰਨਾ ੭੦੮)

ਚਲਦਿਆ ਨਾਲਿ ਨ ਚਲੈ, ਸੋ ਕਿਉ ਸੰਜੀਐ॥
ਤਿਸ ਕਾ ਕਹੁ ਕਿਆ ਜਤਨੁ, ਜਿਸ ਤੇ ਵੰਜੀਐ॥
ਹਰਿ ਬਿਸਰਿਐ ਕਿਉ ਤ੍ਰਿਪਤਾਵੈ, ਨਾ ਮਨੁ ਰੰਜੀਐ॥
ਪ੍ਰਭੂ ਛੋਡਿ ਅਨ ਲਾਗੈ, ਨਰਕਿ ਸਮੰਜੀਐ॥

(ਜੈਤਸਰੀ ਕੀ ਵਾਰ, ਮ: ੫, ਪੰਨਾ ੭੦੮)

ਜਿਵੇਂ ਵੇਖਣ ਵਿੱਚ ਤੁੰਮਾ ਖਰਬੂਜੇ ਨਾਲੋਂ ਸੋਹਣਾ ਲੱਗ ਸਕਦਾ ਹੈ, ਪਰ ਇਹ ਵੇਖਣ ਵਾਲੇ ਦੀ ਭੁੱਲ ਹੈ। ਉਸ (ਤੁੰਮੇ) ਨੂੰ ਖਾਣ ਨਾਲ ਉਸ ਦਾ ਕੌੜਾ-ਪਨ ਸਾਹਮਣੇ ਆ ਜਾਂਦਾ ਹੈ, ਤਿਵੇਂ ਹੀ ਦੁਨਿਆਵੀ ਸੁੱਖ, ਭੋਗਾਂ ਦੇ ਚਸਕੇ, ਮਾਇਆ ਦੀਆਂ ਮੌਜਾਂ ਵੇਖਣ ਨੂੰ ਸੋਹਣੀਆਂ ਲੱਗ ਸਕਦੀਆਂ ਹਨ ਪਰ ਇਹਨਾਂ ਦਾ ਫਲ ਜ਼ਹਰੀਲਾ ਹੀ ਹੈ। ਇਹਨਾਂ ਸੁਖਾਂ ਨੂੰ ਭੋਗਣ ਵਾਲੇ ਵਿਕਾਰਾਂ ਦੇ ਹੱਥੀਂ ਲੁੱਟੇ ਜਾਂਦੇ ਹਨ। ਕਾਮਾਦਿਕ ਪੰਜ ਚੋਰ ਨਾਮਹੀਣ ਮਨੁੱਖ ਦਾ ਹਿਰਦਾ-ਘਰ ਲੁੱਟਦੇ ਰਹਿੰਦੇ ਹਨ। ਉਹਨਾਂ ਦੇ ਅੰਦਰ ਮਾਨੋ ਹਉਮੈ ਦੀ ਸੰਨ੍ਹ ਲੱਗੀ ਰਹਿੰਦੀ ਹੈ—

ਜਿਨੀ ਨਾਮੁ ਵਿਸਾਰਿਆ, ਕੂੜੇ ਕਹਣ ਕਹੰਨਿ ॥
ਪੰਚ ਚੋਰ ਤਿਨਾ ਘਰੁ ਮੁਹਨਿ, ਹਉਮੈ ਅੰਦਰਿ ਸੰਨਿ ॥
ਸਾਕਤ ਮੁਠੇ ਦੁਰਮਤੀ, ਹਰਿ ਰਸੁ ਨ ਜਾਣੰਨਿ ॥
ਜਿਨੀ ਅੰਮ੍ਰਿਤੁ ਭਰਮਿ ਲੁਟਾਇਆ, ਬਿਖੁ ਸਿਉ ਰਚਹਿ ਰਚੰਨਿ ॥

(ਸਲੋਕ, ਮ: ੩, ਪੰਨਾ ੯੫੪)

ਹਉਮੈ ਗ੍ਰਸਤ ਮਨੁੱਖ ਪਰਮਾਤਮਾ ਨਾਲੋਂ ਟੁੱਟਾ ਰਹਿੰਦਾ ਹੈ। ਹਉਮੈ ਦੇ ਅਧੀਨ ਮੇਰ-ਤੇਰ ਦੇ ਵਿਤਕਰੇ ਵਿੱਚ ਪਿਆ ਰਹਿੰਦਾ ਹੈ। ਪਰਮਾਤਮਾ ਦੀ ਰਜ਼ਾ ਨੂੰ ਨਹੀਂ ਮੰਨਦਾ ਅਤੇ ਆਪਣੇ ਆਪ ਨੂੰ ਕਰਤਾ ਸਮਝਣ ਲੱਗ ਪੈਂਦਾ ਹੈ। 'ਮੈਂ' 'ਮੇਰੇ' ਦੀ ਭਾਵਨਾ ਹੀ ਮਨੁੱਖ ਨੂੰ ਪਰਮਾਤਮਾ ਨਾਲੋਂ ਵੱਖਰਾ ਕਰ ਦਿੰਦੀ ਹੈ। ਸਾਕਤ ਮਨੁੱਖ ਮਾਨੋ ਦੁੱਖਾਂ ਦੀ ਪੈਲੀ ਹੈ ਜਿਸ ਵਿੱਚ ਉਹ ਦੁੱਖ ਬੀਜਦਾ ਹੈ ਅਤੇ ਦੁੱਖ ਰੂਪ ਫਲ ਹੀ ਵੱਢ ਕੇ ਖਾਂਦਾ ਰਹਿੰਦਾ ਹੈ। ਪਰਮਾਤਮਾ ਨੂੰ ਭੁਲਾ ਕੇ ਨਾਸ਼ਵੰਤ ਪਦਾਰਥਾਂ ਦੇ ਦੇ ਮੋਹ ਵਿੱਚ ਫਸਿਆ ਹੋਇਆ ਫਲ ਵੀ ਉਹੀ ਪ੍ਰਾਪਤ ਕਰਦਾ ਹੈ ਜਿਸ ਨਾਲੋਂ ਸਾਥ ਟੁੱਟ ਜਾਂਦਾ ਹੈ—ਝੂਠਾ ਮੰਗਣੁ ਜੇ ਕੋਈ ਮਾਗੈ॥ ਤਿਸ ਕਉ ਮਰਤੇ ਘੜੀ ਨਾ ਲਾਗੈ॥ (ਮਾਂਝ, ਮ: ੫, ਪੰਨਾ ੧੦੯) ਪ੍ਰਭੂ ਨੂੰ ਵਿਸਾਰ ਕੇ ਮਨੁੱਖ ਬਹੁਤ ਲੰਮੀ ਉਮਰ ਵੀ

ਜੀਉਂਦਾ ਰਹੇ ਤਾਂ ਵੀ ਉਸ ਦੀ ਉਮਰ ਵਿਅਰਥ ਜਾਂਦੀ ਹੈ। ਨਾਸਤਕਾਂ ਲਈ ਤਾਂ ਦਿਨ ਰਾਤ ਅੰਧਕਾਰਮਈ ਹੁੰਦੇ ਹਨ, ਕਿਉਂਕਿ ਸਾਕਤ ਮਨੁੱਖ ਮਾਇਆ ਦੇ ਮੋਹ ਦੀਆਂ ਫਾਹੀਆਂ ਵਿੱਚ ਫਸੇ ਰਹਿੰਦੇ ਹਨ। ਮਾਨੋਂ, ਉਹ ਵਿਕਾਰਾਂ ਦੇ ਕਰਜ਼ੇ ਹੇਠ ਦੱਬੇ ਹੋਏ ਇੱਕ ਸਾਹ ਵੀ ਸੁੱਖ ਦਾ ਨਹੀਂ ਲੈ ਸਕਦੇ। ਉਹਨਾਂ ਦਾ ਹਰੇਕ ਸਾਸ (ਜੀਵਨ) ਵਿਅਰਥ ਜਾਂਦਾ ਹੈ, ਜਿਵੇਂ ਕਿ ਮੇਘ ਬਿਨਾਂ ਖੇਤੀ ਨਿਸ਼ਫਲ ਹੋ ਜਾਂਦੀ ਹੈ

ਬਿਨੁ ਸਿਮਰਨ ਕੋਟਿ ਬਰਖ ਜੀਵੈ, ਸਗਲੀ ਆਉਧ ਬ੍ਰਿਥਾਨਦ॥
ਏਕ ਨਿਮਖ ਗੋਬਿੰਦ ਭਜਨੁ ਕਰਿ, ਤਉ ਸਦਾ ਸਦਾ ਜੀਵਾਨਦ॥

(ਸਾਰਗ, ਮ: ੫, ਪੰਨਾ ੧੨੦੪)

ਬਿਰਥੀ ਸਾਕਤ ਕੀ ਆਰਜਾ॥
ਸਾਚ ਬਿਨਾ ਕਹ ਹੋਵਤ ਸੂਚਾ॥
ਬਿਰਥਾ ਨਾਮ ਬਿਨਾ ਤਨੁ ਅੰਧ॥
ਮੁਖਿ ਆਵਤ ਤਾ ਕੈ ਦੁਰਗੰਧ॥
ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ॥
ਮੇਘ ਬਿਨਾ ਜਿਉ ਖੇਤੀ ਜਾਇ॥

(ਗਾਉੜੀ, ਸੁਖਮਨੀ, ਮ: ੫, ਪੰਨਾ ੨੬੯)

ਸਾਕਤ ਕਉ ਦਿਨੁ ਰੈਨਿ ਅੰਧਾਰੀ,
ਮੋਹਿ ਫਾਥੇ ਮਾਇਆ ਜਾਲ॥
ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ,
ਰਿਨਿ ਬਾਧੇ ਬਹੁ ਬਿਧਿ ਬਾਲ॥ (ਪ੍ਰਭਾਤੀ, ਮ: ੪, ਪੰਨਾ ੧੩੩੫)

ਸਾਕਤ ਨਿੰਦਾ ਕਰਨ, ਝੂਠ ਬੋਲਣ, ਲੋਭ, ਕ੍ਰੋਧ ਆਦਿਕ ਵਿੱਚ ਆਪਣੀ ਸਾਰੀ ਉਮਰ ਗੁਜ਼ਾਰਦਾ ਹੈ। ਗੁਰੂ ਅਰਜਨ ਦੇਵ ਜੀ ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ ਦੀ ਜ਼ਿੰਦਗੀ ਦੀ ਵਿਅਰਥਤਾ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਕਹਿੰਦੇ ਹਨ ਕਿ ਸਾਕਤ ਦੀ ਉਮਰ ਇਸ ਤਰ੍ਹਾਂ ਵਿਅਰਥ ਗੁਜ਼ਰ ਜਾਂਦੀ ਹੈ ਜਿਵੇਂ ਕੋਈ ਚੂਹਾ ਕਾਗਜ਼ਾਂ ਦੇ ਢੇਰਾਂ ਦੇ ਢੇਰ ਟੁੱਕ-ਟੁੱਕ ਕੇ ਗਵਾ ਦਿੰਦਾ ਹੈ ਪਰ ਉਹ ਕਾਗਜ਼ ਉਸ ਮੂਰਖ ਦੇ ਕਿਸੇ ਕੰਮ ਨਹੀਂ ਆਉਂਦੇ—

ਪਰ ਹਰਨਾ ਲੋਭੁ ਝੂਠ ਨਿੰਦ, ਇਵ ਹੀ ਕਰਤ ਗੁਦਾਰੀ॥
ਮ੍ਰਿਗ ਤ੍ਰਿਸਨਾ ਆਸ ਮਿਥਿਆ,
ਮੀਠੀ ਇਹ ਟੇਕ ਮਨਹਿ ਸਾਧਾਰੀ॥੧॥
ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ॥
ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ,
ਕਾਮਿ ਨਹੀ ਗਾਵਾਰੀ॥ ਰਹਾਉ॥ (ਧਨਾਸਰੀ, ਮ: ੫, ਪੰਨਾ ੬੮੧)

ਇੱਕ ਹੋਰ ਥਾਂ ਤੇ ਸੱਪ ਨਾਲ ਤੁਲਨਾ ਕਰਦੇ ਹੋਏ ਫੁਰਮਾਉਂਦੇ ਹਨ ਕਿ 'ਪਰਮਾਤਮਾ ਦੇ ਨਾਮ ਤੋਂ ਬਿਨਾਂ ਜਿਤਨੀ ਵੀ ਜ਼ਿੰਦਗੀ ਗੁਜ਼ਰਦੀ ਹੈ ਉਹ ਇਵੇਂ ਹੁੰਦੀ ਹੈ ਜਿਵੇਂ ਸੱਪ ਆਪਣੀ ਉਮਰ ਗੁਜ਼ਾਰਦਾ ਹੈ।' ਸੱਪ ਦੀ ਉਮਰ ਭਾਵੇਂ ਲੰਮੀ ਹੁੰਦੀ ਹੈ ਪਰ ਉਹ ਆਪਣੇ ਅੰਦਰ ਸਦਾ ਜ਼ਹਿਰ ਪੈਦਾ ਕਰਦਾ ਰਹਿੰਦਾ ਹੈ। ਇਸੇ ਤਰ੍ਹਾਂ ਨਾਮਹੀਣ ਮਨੁੱਖ ਆਪਣੇ ਅੰਦਰ ਕਾਮ, ਕ੍ਰੋਧ, ਲੋਭ ਆਦਿਕ ਦਾ ਜ਼ਹਿਰ ਵੀ ਇਕੱਠਾ ਕਰਦਾ ਰਹਿੰਦਾ ਹੈ—

ਬਿਨੁ ਸਿਮਰਨ ਜੋ ਜੀਵਨੁ ਬਲਨਾ, ਸਰਪ ਜੈਸੇ ਅਰਜਾਰੀ॥
ਨਵ ਖੰਡਨ ਕੋ ਰਾਜੁ ਕਮਾਵੈ, ਅੰਤਿ ਚਲੈਗੋ ਹਾਰੀ॥

(ਟੋਡੀ, ਮ: ੫, ਪੰਨਾ ੭੧੨)

ਸੰਸਾਰ ਵਿਕਾਰਾਂ ਨਾਲ ਭਰਿਆ ਇੱਕ ਐਸਾ ਸਮੁੰਦਰ ਹੈ, ਜਿਸ ਵਿੱਚੋਂ ਪਰਮਾਤਮਾ ਦਾ ਡਰ ਹਿਰਦੇ ਵਿੱਚ ਵਸਾਉਣ ਤੋਂ ਬਿਨਾਂ ਕੋਈ ਪਾਰ ਨਹੀਂ ਲੰਘ ਸਕਦਾ। ਇਹ ਮਨੁੱਖਾ ਸਰੀਰ ਫਿਰ ਕਦੇ ਨਹੀਂ ਲੱਭ ਸਕੇਗਾ। ਇਸ ਲਈ ਵਿਕਾਰਾਂ ਤੋਂ ਖਲਾਸੀ ਪ੍ਰਾਪਤ ਕਰਨ ਲਈ ਉੱਦਮ ਕਰਨਾ ਚਾਹੀਦਾ ਹੈ। ਜਿਸ ਨੇ ਪ੍ਰਭੂ ਦੇ ਪਿਆਰ ਵਿੱਚ ਰਹਿੰਦੇ ਹੋਏ ਆਪਣਾ ਜੀਵਨ ਸਵਾਰ ਲਿਆ ਅਤੇ ਇਹ ਸ਼ਰਧਾ ਬਣਾ ਲਈ ਕਿ ਪਰਮਾਤਮਾ ਉਸ ਦੇ ਅੰਦਰ ਵਸਦਾ ਹੈ, ਉਸ ਦਾ ਜੀਵਨ ਗੰਭੀਰ ਬਣ ਜਾਂਦਾ ਹੈ। ਪ੍ਰਭੂ ਦੇ ਡਰ ਤੋਂ ਬਿਨਾਂ ਜੀਵਨ-ਉਸਾਰੀ ਹੋਛੀ ਹੋ ਜਾਂਦੀ ਹੈ—

ਭੈ ਬਿਨੁ ਘਾੜਤ ਕਚੁ ਨਿਕਚ॥ ਅੰਧਾ ਸਚਾ ਅੰਧੀ ਸਟ॥

(ਗਉੜੀ ਗੁਆਰੇਰੀ, ਮ ੧, ਪੰਨਾ ੧੫੧)

ਪਰਮਾਤਮਾ ਦਾ ਡਰ-ਅਦਬ ਹੀ ਆਤਮਾ ਦਾ ਆਸਰਾ ਹੈ, ਜਿੱਥੇ ਡਰ-ਅਦਬ ਨਹੀਂ ਹੁੰਦਾ ਉੱਥੇ ਮੋਹ ਅਤੇ ਅਹੰਕਾਰ ਹੁੰਦਾ ਹੈ। ਪਰਮਾਤਮਾ ਦਾ ਸਿਮਰਨ ਤਪਦੇ ਦਿਲ ਨੂੰ ਸ਼ਾਂਤ ਕਰ ਦਿੰਦਾ ਹੈ ਸਾਰੇ ਡਰ, ਭਰਮ ਅਤੇ ਸਹਿਮ ਦੂਰ ਹੋ ਜਾਂਦੇ ਹਨ—

ਭੈ ਭ੍ਰਮ ਬਿਨਸਿ ਗਏ ਖਿਨ ਮਾਹਿ॥
ਪਾਰਬ੍ਰਹਮੁ ਵਸਿਆ ਮਨਿ ਆਇ॥ (ਭੈਰਉ, ਮ: ੫, ਪੰਨਾ ੧੧੫੧)

ਆਤਮਿਕ ਮੌਤ ਪਰਮਾਤਮਾ ਦੀ ਸੇਵਾ ਭਗਤੀ ਕਰਨ ਵਾਲੇ ਮਨੁੱਖ ਦੇ ਨੇੜੇ ਨਹੀਂ ਆਉਂਦੀ। ਜਿਹੜਾ ਅਡੋਲਤਾ ਵਿੱਚ ਟਿਕ ਕੇ ਦੁਨੀਆਂ ਵਾਲੀਆਂ ਖਾਹਸ਼ਾਂ ਤੋਂ ਬੇਪਰਵਾਹ ਹੋ ਜਾਂਦਾ ਹੈ, ਉਹ ਅਮਰ ਹੋ ਜਾਂਦਾ ਹੈ, ਉਸ ਨੂੰ ਮੌਤ ਦਾ ਡਰ ਨਹੀਂ ਹੁੰਦਾ—

ਅਬ ਕੈਸੇ ਮਰਉ, ਮਰਨਿ ਮਨੁ ਮਾਨਿਆ॥
ਮਰਿ ਮਰਿ ਜਾਤੇ, ਜਿਨ ਰਾਮੁ ਨ ਜਾਨਿਆ॥ ੧॥ ਰਹਾਉ ॥

ਮਰਨੋ ਮਰਨੁ ਕਹੈ ਸਭੁ ਕੋਈ॥

ਸਹਜੇ ਮਰੈ ਅਮਰੁ ਹੋਇ ਸੋਈ॥੨॥

(ਗਉੜੀ, ਕਬੀਰ ਜੀ, ਪੰਨਾ ੩੨੭)

ਪਰ ਪਰਮਾਤਮਾ ਤੋਂ ਟੁੱਟੇ ਹੋਏ ਮਨੁੱਖ ਹਰ ਵੇਲੇ ਮੌਤ ਤੋਂ ਡਰਦੇ ਰਹਿੰਦੇ ਹਨ, ਉਹ ਮਾਨੋ ਸੂਲੀ ਤੇ ਚੜ੍ਹੇ ਹੋਏ ਚੋਰ ਹਨ—

ਵਿਸਾਰੇਦੇ ਮਰਿ ਗਏ, ਮਰਿ ਭਿ ਨ ਸਕਹਿ ਮੂਲਿ॥

ਵੇਮੁਖ ਹੋਏ ਰਾਮ ਤੇ, ਜਿਉ ਤਸਕਰ ਉਪਰਿ ਸੂਲਿ॥

(ਗਉੜੀ ਕੀ ਵਾਰ, ਮ: ੫ ਪੰਨਾ ੩੧੯)

ਸੰਗਿ ਹੋਵਤ ਕਉ ਜਾਨਤ ਦੂਰਿ॥

ਸੋ ਜਨੁ ਮਰਤਾ ਨਿਤ ਨਿਤ ਝੂਰਿ॥ (ਆਸਾ, ਮ: ੫, ਪੰਨਾ ੩੯੫)

ਜਦੋਂ ਪਰਮਾਤਮਾ ਦੂਰ ਜਾਪਦਾ ਹੈ ਤਾਂ ਚਿੰਤਾ ਲੱਗੀ ਰਹਿੰਦੀ ਹੈ, ਝੂਰਦੇ ਰਹੀਦਾ ਹੈ ਪਰ ਜਦੋਂ ਪਰਮਾਤਮਾ ਨਾਲ ਪ੍ਰੇਮ ਕਰਨ ਨਾਲ ਪ੍ਰਭੂ ਹਰ ਥਾਂ ਵਿਆਪਕ ਦਿਸਣ ਲੱਗ ਪਏ ਤਾਂ ਚਿੰਤਾ, ਫਿਕਰ ਮਿਟ ਜਾਂਦਾ ਹੈ ਕਿਉਂਕਿ ਮੇਰ-ਤੇਰ ਮਿਟ ਜਾਂਦੀ ਹੈ, ਕੋਈ ਦੁਸ਼ਮਣ ਨਹੀਂ ਦਿਸਦਾ, ਕੋਈ ਵੈਰੀ ਨਹੀਂ ਜਾਪਦਾ

ਤਉ ਕੜੀਐ ਜੇ ਹੋਵੈ ਬਾਹਰਿ॥ ਤਉ ਕੜੀਐ ਜੇ ਵਿਸਰੈ ਨਰਹਰਿ॥

ਤਉ ਕੜੀਐ ਜੇ ਦੂਜਾ ਭਾਏ॥

ਕਿਆ ਕੜੀਐ ਜਾਂ ਰਹਿਆ ਸਮਾਏ॥

(ਭੈਰਉ, ਮ: ੫, ਪੰਨਾ ੧੧੪੦)

ਰੋਗ, ਚਿੰਤਾ, ਫਿਕਰ, ਬੁਢਾਪਾ, ਮੌਤ ਦਾ ਸਹਿਮ ਪ੍ਰਭੂ ਦੀ ਭਗਤੀ ਕਰਨ ਵਾਲੇ ਦੇ ਨੇੜੇ ਨਹੀਂ ਆਉਂਦੇ—

ਰੋਗ ਸੋਗ ਦੁਖ ਜਰਾ ਮਰਾ, ਹਰਿ ਜਨਹਿ ਨਹੀ ਨਿਕਟਾਨੀ॥

ਨਿਰਭਉ ਹੋਇ ਰਹੇ ਲਿਵ ਏਕੈ, ਨਾਨਕ ਹਰਿ ਮਨੁ ਮਾਨੀ॥

(ਟੋਡੀ, ਮ: ੫, ਪੰਨਾ ੭੧੧)

ਪਰ ਪਰਮਾਤਮਾ ਦੀ ਭਗਤੀ ਕਿਵੇਂ ਕੀਤੀ ਜਾ ਸਕਦੀ ਹੈ? ਸੇਵਕ ਅਤੇ ਸਿੱਖ ਅਖਵਾਉਣ ਵਾਲੇ ਬਹੁਤ ਸਾਰੇ ਮਨੁੱਖ ਗੁਰੂ-ਦਰ ਤੇ ਪਰਮਾਤਮਾ ਦੀ ਪੂਜਾ-ਭਗਤੀ ਕਰਨ ਆਉਂਦੇ ਹਨ ਅਤੇ ਸ੍ਰੇਸ਼ਟ ਗੁਰਬਾਣੀ ਗਾਉਂਦੇ ਹਨ ਪਰ ਪ੍ਰਭੂ ਕੇਵਲ ਉਹਨਾਂ ਮਨੁੱਖਾਂ ਦੀ ਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ, ਜਿਨ੍ਹਾਂ ਗੁਰੂ ਦੇ ਹੁਕਮ ਨੂੰ ਸਹੀ ਜਾਣ ਕੇ ਉਸ ਉੱਤੇ ਅਮਲ ਕੀਤਾ ਹੈ—

ਸੇਵਕ ਸਿਖ ਪੂਜਣ ਸਭਿ ਆਵਹਿ,

ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,

ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥

(ਧਨਾਸਰੀ, ਮ: ੪, ਪੰਨਾ ੬੬੯)

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਤੁਧਨੋ ਨਿਵਣੁ, ਮੰਨਣੁ ਤੇਰਾ ਨਾਉ॥

ਸਾਚੁ ਭੇਟ ਬੈਸਣ ਕਉ ਥਾਉ॥

ਸਤੁ ਸੰਤੋਖੁ ਹੋਵੈ ਅਰਦਾਸਿ॥

ਤਾ ਸੁਣਿ ਸਦਿ ਬਹਾਲੇ ਪਾਸਿ॥ (ਰਾਮਕਲੀ, ਮ: ੧, ਪੰਨਾ ੮੭੮)

ਪਰਮਾਤਮਾ ਦੀ ਭਗਤੀ ਇਹ ਹੈ ਕਿ ਉਸ ਅੱਗੇ ਨਿਵਿਆਂ ਜਾਏ। ਨਿਵਣ ਦਾ ਭਾਵ ਹੈ— ਪ੍ਰਭੂ ਦੀ ਰਜ਼ਾ ਨੂੰ ਮੰਨ ਲੈਣਾ, ਉਸ ਦੇ ਹੁਕਮ ਅੱਗੇ ਸਿਰ ਝੁਕਾ ਦੇਣਾ। ਪਰਮਾਤਮਾ ਸੱਚਾਈ ਦੀ ਭੇਟਾ ਸਵੀਕਾਰ ਕਰਦਾ ਹੈ। ਜੀਵਨ-ਰਾਹ ਤੇ ਮਨ, ਬਚਨ ਅਤੇ ਕਰਮ ਕਰਕੇ ਸੱਚਾਈ ਤੇ ਚਲਣਾ ਹੀ ਪ੍ਰਭੂ ਦੀ ਪੂਜਾ ਹੈ। ਸਤ ਅਤੇ ਸੰਤੋਖ ਦਾ ਜੀਵਨ ਬਤੀਤ ਕਰਨਾ ਹੀ ਉਸ ਅੱਗੇ ਅਰਦਾਸ ਕਰਨੀ ਹੈ। ਜੇਕਰ ਕੋਈ ਐਸੀ ਭਗਤੀ ਕਰ ਸਕੇ ਤਾਂ ਹੀ ਪਰਮਾਤਮਾ ਦੀ ਦਰਗਾਹ ਵਿੱਚ ਬੈਠਣ ਲਈ ਜਗ੍ਹਾ ਮਿਲਦੀ ਹੈ।

ਪਰਮਾਤਮਾ ਦਾ ਭਗਤ, ਹਰੇਕ ਹੋ ਰਹੀ ਕਾਰ ਨੂੰ ਪਰਮਾਤਮਾ ਦੀ ਰਜ਼ਾ ਸਮਝਦਾ ਹੈ। ਉਹ ਇਹ ਨਿਸ਼ਚਾ ਰੱਖਦਾ ਹੈ ਕਿ ਦੁੱਖ ਆਵੇ ਚਾਹੇ ਸੁੱਖ, ਦੋਹਾਂ ਨੂੰ ਇੱਕੋ ਜਿਹਾ ਸਹਾਰਨਾ ਚਾਹੀਦਾ ਹੈ। ਪਰ ਮਨੁੱਖ ਤਦੋਂ ਹੀ ਸਿਰਫ ਪਰਮਾਤਮਾ ਨੂੰ ਸਭ ਕੁਝ ਕਰਨ ਕਰਾਉਣ ਵਾਲਾ ਸਮਝਦਾ ਹੈ, ਜਦੋਂ ਉਸ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ। ਉਹ ਗੁਰੂ-ਸ਼ਬਦ ਅਨੁਸਾਰ ਜੀਵਨ ਦੀ ਘਾੜਤ ਘੜ ਕੇ ਆਤਮਿਕ ਅਡੋਲਤਾ ਵਿੱਚ ਟਿਕਿਆ ਰਹਿੰਦਾ ਹੈ—

ਹੁਕਮੁ ਬੂਝੈ ਸੋ ਸੇਵਕੁ ਕਹੀਐ॥

ਬੁਰਾ ਭਲਾ ਦੁਇ ਸਮਸਰਿ ਸਹੀਐ॥

ਹਉਮੈ ਜਾਇ ਤ ਏਕੋ ਬੂਝੈ, ਸੋ ਗੁਰਮੁਖਿ ਸਹਜਿ ਸਮਾਇਦਾ॥

(ਮਾਰੂ ਸੋਲਹੇ, ਮ: ੫, ਪੰਨਾ ੧੦੭੬)

ਜਿਸ ਦੇ ਹਿਰਦੇ ਵਿੱਚ ਪਰਮਾਤਮਾ ਵਸਦਾ ਹੈ, ਉਹ ਮਨੁੱਖ ਚੰਗੇ ਜੀਵਨ ਵਾਲਾ ਬਣ ਜਾਂਦਾ ਹੈ। ਪ੍ਰਭੂ ਦੀ ਸੇਵਾ ਭਗਤੀ ਕਰਨ ਦਾ ਅਰਥ ਹੈ ਮਨੁੱਖਤਾ ਦੀ ਸੇਵਾ ਕਰਨੀ। ਮਨੁੱਖ-ਮਾਤਰ ਨਾਲ ਵੈਰ ਵਿਰੋਧ ਰੱਖਣ ਵਾਲਾ, ਵਿਤਕਰੇ ਵਿੱਚ ਪਿਆ ਹੋਇਆ ਮਨੁੱਖ ਪ੍ਰਭੂ ਦਾ ਸੇਵਕ ਨਹੀਂ ਹੋ ਸਕਦਾ। ਪਰਮਾਤਮਾ ਦਾ ਸੇਵਕ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵਿਕਾਰਾਂ ਨੂੰ ਤਿਆਗ ਦਿੰਦਾ ਹੈ—

ਪਰਹਰਿ ਕਾਮੁ ਕ੍ਰੋਧੁ ਝੂਠੁ ਨਿੰਦਾ,

ਤਜਿ ਮਾਇਆ ਅਹੰਕਾਰ ਚੁਕਾਵੈ॥

ਤਜਿ ਕਾਮੁ ਕਾਮਿਨੀ ਮੋਹੁ ਤਜੈ,

ਤਾ ਅੰਜਨ ਮਾਹਿ ਨਿਰੰਜਨੁ ਪਾਵੈ॥

(ਵਾਰ ਮਾਝ ਕੀ, ਮ: ੪, ਪੰਨਾ ੧੪੧)

ਜਿਵੇਂ ਸੂਰਜ ਅਤੇ ਚੰਦਰਮਾ ਚੰਗੀ ਮੰਦੀ ਹਰੇਕ ਥਾਂ ਤੇ ਆਪਣੀ ਰੋਸ਼ਨੀ ਦਿੰਦੇ ਹੋਏ ਵੀ ਮੈਲ ਤੋਂ ਸਾਫ ਰਹਿੰਦੇ ਹਨ ਅਤੇ ਅੱਗ ਮੈਲ ਨੂੰ ਸਾੜ ਕੇ ਮੈਲ਼ ਤੋਂ ਨਿਰਲੇਪ ਰਹਿੰਦੀ ਹੈ, ਇਸੇ ਤਰ੍ਹਾਂ ਜਿਹੜਾ ਮਨੁੱਖ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ, ਦੁਨੀਆਂ ਦੇ ਕਾਰ-ਵਿਹਾਰ ਕਰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਉਹ ਆਤਮਿਕ ਮੌਤ ਦੇ ਮਾਰਗ ਤੇ ਨਹੀਂ ਪੈਂਦਾ—

ਹਰਿ ਕੇ ਲੋਗ ਨਹੀ ਜਮੁ ਮਾਰੈ॥ ਨਾ ਦੁਖੁ ਦੇਖਹਿ ਪੰਥਿ ਕਰਾਰੈ॥

ਰਾਮ ਨਾਮੁ ਘਟ ਅੰਤਰਿ ਪੂਜਾ, ਅਵਰੁ ਨ ਦੂਜਾ ਕਾਹਾ ਹੇ॥

(ਮਾਰੂ, ਮ: ੧, ਪੰਨਾ ੧੦੩੩)

ਜਾ ਕੈ ਰਾਮੁ ਬਸੈ ਮਨ ਮਾਹੀ॥ ਸੋ ਜਨੁ ਦੁਤਰੁ ਪੇਖਤ ਨਾਹੀ॥

ਸਗਲੇ ਕਾਜ ਸਵਾਰੇ ਅਪਨੇ॥ ਹਰਿ ਹਰਿ ਨਾਮੁ ਰਸਨ ਨਿਤ ਜਪਨੇ॥

(ਰਾਮਕਲੀ, ਮ: ੫, ਪੰਨਾ ੯੯੯)

ਪ੍ਰਭੂ ਦਾ ਨਾਮ ਆਤਮਿਕ ਜੀਵਨ ਦੇਣ ਵਾਲਾ ਜਲ ਹੈ, ਅੰਮ੍ਰਿਤ ਦਾ ਸੁਆਦ ਦੇਣ ਵਾਲਾ ਹੈ। ਜਿਹੜਾ ਇੱਕ ਸਾਹ ਵੀ ਪ੍ਰਭੂ ਭੁੱਲਿਆ ਰਹੇ ਉਹ ਸਮਾਂ ਵਿਅਰਥ ਚਲਾ ਜਾਂਦਾ ਹੈ। ਸਤਿਗੁਰੂ ਦੀ ਅੰਮ੍ਰਿਤਮਈ ਬਾਣੀ ਦੇ ਰਾਹੀਂ ਪ੍ਰਭੂ ਨੂੰ ਹਰੇਕ ਸਾਹ ਨਾਲ ਹਿਰਦੇ ਵਿੱਚ ਵਸਾਈ ਰੱਖਣਾ ਚਾਹੀਦਾ ਹੈ—

ਇਕੁ ਦਮੁ ਸਾਚਾ ਵੀਸਰੈ, ਸਾ ਵੇਲਾ ਬਿਰਥਾ ਜਾਇ॥

ਸਾਹਿ ਸਾਹਿ ਸਦਾ ਸਮਾਲੀਐ, ਆਪੇ ਬਖਸੇ ਕਰੇ ਰਜਾਇ॥

(ਗੂਜਰੀ, ਮ: ੩, ਪੰਨਾ ੫੦੬)

ਜਿਨ੍ਹਾਂ ਦੇ ਮਨ ਵਿੱਚ ਪਰਮਾਤਮਾ ਆ ਵਸਿਆ ਹੈ ਉਹਨਾਂ ਦਾ ਹੀ ਸੰਸਾਰ ਵਿੱਚ ਆਉਣਾ ਸਫਲ ਹੈ। ਗੁਰ-ਵਾਕ ਹੈ—

ਨਾਨਕ ਆਏ ਸੇ ਪਰਵਾਣੁ ਹੈ, ਜਿਨ ਹਰਿ ਵੁਠਾ ਚਿਤਿ॥

ਗਾਲ੍ਹੀ ਅਲ ਪਲਾਲੀਆ, ਕੰਮਿ ਨ ਆਵਹਿ ਮਿਤ॥

(ਸਲੋਕ, ਮ: ੫, ਪੰਨਾ ੩੨੦)

ਬਾਹਰਿ ਟੋਲੈ ਸੋ ਭਰਮਿ ਭੁਲਾਹੀ

ਸਾਰੀ ਸ੍ਰਿਸ਼ਟੀ ਵਿੱਚ ਇੱਕ ਪਰਮਾਤਮਾ ਦਾ ਹੀ ਹੁਕਮ ਚੱਲ ਰਿਹਾ ਹੈ। ਇੱਕ ਪਰਮਾਤਮਾ ਤੋਂ ਹੀ ਸਾਰੀ ਉਤਪਤੀ ਹੋਈ ਹੈ—

ਏਕੋ ਹੁਕਮੁ ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ

(ਗਉੜੀ, ਮ: ੧, ਪੰਨਾ ੨੨੩)

ਪਰਮਾਤਮਾ ਸਰਬ ਵਿਆਪਕ ਹੈ—

ਜਹ ਜਹ ਦੇਖਾ ਤਹ ਤਹ ਸੋਈ॥ (ਪ੍ਰਭਾਤੀ, ਮ: ੧, ਪੰਨਾ ੧੩੪੩)

ਸਾਰੇ ਸਰੀਰ ਪ੍ਰਭੂ ਦੇ ਹੀ ਬਣਾਏ ਹੋਏ ਹਨ, ਉਹ ਸਾਰਿਆਂ ਵਿੱਚ ਵਸਦਾ ਹੈ। ਕੋਈ ਵੀ ਸਰੀਰ ਹਰਿ ਦੀ ਜੋਤਿ ਤੋਂ ਬਿਨਾਂ ਨਹੀਂ ਹੈ—

ਸਭਿ ਘਟ ਤੇਰੇ ਤੂ ਸਭਨਾ ਮਾਹਿ॥

ਤੁਝ ਤੇ ਬਾਹਰਿ ਕੋਈ ਨਾਹਿ॥ (ਭੈਰਉ, ਮ: ੪, ਪੰਨਾ ੧੧੩੪)

ਪਰ ਉਹ ਰੂਪ ਰੰਗ, ਚੱਕਰ, ਚਿਹਨ, ਜਾਤਿ-ਵਰਨ ਤੋਂ ਬਾਹਰ ਹੈ, ਬੇਅੰਤ ਹੈ। ਉਹ ਸਰੀਰ ਦੀ ਕੈਦ ਵਿੱਚ ਨਹੀਂ ਆਉਂਦਾ, ਅਜੋਨੀ ਹੈ। ਪਰ ਫਿਰ ਵੀ ਹਰੇਕ ਸਰੀਰ ਵਿੱਚ ਖੇਡ ਰਿਹਾ ਹੈ। ਸਭ ਜੀਵਾਂ ਅੰਦਰ ਵਸਦਾ ਹੋਇਆ ਵੀ ਨਿਰਲੇਪ ਅਤੇ ਵਾਸਨਾ ਰਹਿਤ ਹੈ—

ਸਭ ਕੈ ਮਧੇ ਅਲਿਪਤ ਨਿਰਬਾਣੇ॥ (ਮਾਝ, ਮ: ੫, ਪੰਨਾ ੧੦੨)

ਪਰਮਾਤਮਾ ਮਾਨੋ ਇੱਕ ਰੁੱਖ ਹੈ। ਇਹ ਸੰਸਾਰ, ਰੁੱਖ ਤੋਂ ਫੁੱਟੀਆਂ ਹੋਈਆਂ ਟਹਿਣੀਆਂ ਹਨ। ਪਰਮਾਤਮਾ ਨੇ ਆਪਣੇ ਅਦ੍ਰਿਸ਼ਟ ਰੂਪ ਤੋਂ ਦਿਸਦਾ ਜਗਤ ਬਣਾਇਆ ਹੈ। ਪ੍ਰਭੂ ਮਾਨੋ ਇੱਕ ਸਮੁੰਦਰ ਹੈ। ਇਹ ਸਾਰਾ ਜਗਤ ਪਸਾਰਾ ਮਾਨੋ ਝੱਗ ਦਾ ਬੁਲਬੁਲਾ ਹੀ ਹੈ—

ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥
ਤੂੰ ਜਲਨਿਧਿ, ਤੂੰ ਫੇਨੁ ਬੁਦਬੁਦਾ,
ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥

(ਮਾਝ, ਮ: ੫, ਪੰਨਾ ੧੦੨)

ਸਰੀਰ ਅਤੇ ਜੀਵਾਤਮਾ ਦਾ ਸੰਜੋਗ ਪਰਮਾਤਮਾ ਨੇ ਆਪਣੇ ਹੁਕਮ ਅਨੁਸਾਰ ਬਣਾ ਦਿੱਤਾ ਹੈ—

ਕਾਇਆ ਹੰਸ ਧੁਰਿ ਮੇਲੁ, ਕਰਤੈ ਲਿਖਿ ਪਾਇਆ॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੫੪)

ਜਿਵੇਂ ਤਿਲਾਂ ਵਿੱਚ ਤੇਲ, ਦੁੱਧ ਵਿੱਚ ਘਿਉ ਅਤੇ ਬਨਸਪਤੀ ਦੇ ਅੰਦਰ ਅੱਗ ਗੁਪਤ ਰੂਪ ਵਿੱਚ ਰਹਿੰਦੀ ਹੈ। ਇਸੇ ਤਰ੍ਹਾਂ ਪ੍ਰਭੂ ਮਨੁੱਖ ਦੇ ਅੰਦਰ ਗੁਪਤ ਰਹਿੰਦਾ ਹੈ—

ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ॥

ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ॥

(ਸੋਰਠਿ, ਮ: ੫, ਪੰਨਾ ੬੧੭)

ਮਾਰੂ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ ਕਿ ਪ੍ਰਭੂ ਦਾ ਨਾਮ ਜਪੋ, ਉਸ ਨੂੰ ਅੰਦਰ ਵਸਦਾ ਪ੍ਰਤੀਤ ਕਰੋ, ਉਹ ਦੂਰ ਨਹੀਂ ਹੈ—

ਬੋਲਹੁ ਸਾਚੁ, ਪਛਾਣਹੁ ਅੰਦਰਿ॥

ਦੂਰਿ ਨਾਹੀ, ਦੇਖਹੁ ਕਰਿ ਨੰਦਰਿ॥ (ਮਾਰੂ, ਮ: ੧, ਪੰਨਾ ੧੦੨੬)

ਸਵੇਤਾਸਵੇਤਰੋਪਨਿਸ਼ਦ ਅਨੁਸਾਰ ਜਿਸ ਤਰ੍ਹਾਂ ਅਰਣਿਆਂ ਵਿੱਚ ਅੱਗ ਰਹਿੰਦੀ ਹੈ, ਉਸੇ ਤਰ੍ਹਾਂ ਜੀਵਾਤਮਾ ਵਿੱਚ ਵੀ ਪਰਮਾਤਮਾ ਵਸਦਾ ਹੈ। ਉਹ ਸੱਚਾਈ, ਸ਼ਰਧਾ ਅਤੇ ਨਿਸ਼ਚੇ ਦੀ ਰਗੜ ਨਾਲ ਵੇਖਿਆ ਜਾ ਸਕਦਾ ਹੈ।

ਜਿਵੇਂ ਲਹਿਰਾਂ ਤੋਂ ਬੁਲਬੁਲੇ ਹਵਾ ਦੀ ਉਪਾਧੀ ਕਾਰਨ ਵੱਖ ਪ੍ਰਤੀਤ ਹੁੰਦੇ ਹਨ, ਤਿਵੇਂ ਹੀ ਮਾਇਆ ਦੀ ਉਪਾਧੀ ਕਾਰਨ ਜੀਵਾਤਮਾ ਪਰਮਾਤਮਾ ਤੋਂ ਵੱਖ ਪ੍ਰਤੀਤ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ—ਆਤਮਾ ਅਤੇ ਪਰਮਾਤਮਾ ਦੀ ਇੱਕੋ ਹੀ ਸੰਗਤਿ ਹੈ। ਦੋਵੇਂ ਇੱਕੋ ਹਿਰਦੇ ਘਰ ਵਿੱਚ ਵਸਦੇ ਹਨ ਪਰ ਆਪਸ ਵਿੱਚ ਮਿਲ ਕੇ ਕਦੇ ਗੱਲ ਨਹੀਂ ਕਰਦੇ—

ਏਕਾ ਸੰਗਤਿ, ਇਕਤੁ ਗ੍ਰਿਹਿ ਬਸਤੇ, ਮਿਲਿ ਬਾਤ ਨ ਕਰਤੇ ਭਾਈ॥

(ਰਾਗ ਗਉੜੀ ਪੂਰਬੀ, ਮ: ੧, ਪੰਨਾ ੨੦੫)

ਪਰਮਾਤਮਾ ਅਤੇ ਜੀਵਾਂ ਵਿੱਚ ਅਸਲ ਅੰਤਰ ਉਤਨਾ ਹੀ ਹੈ ਜਿਤਨਾ ਸੋਨੇ ਤੇ ਸੋਨੇ ਦੇ ਕੜਿਆਂ ਜਾਂ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਵਿੱਚ ਹੈ—

ਤੋਹੀ ਮੋਹੀ, ਮੋਹੀ ਤੋਹੀ, ਅੰਤਰੁ ਕੈਸਾ॥

ਕਨਕ ਕਟਿਕ, ਜਲ ਤਰੰਗ ਜੈਸਾ॥

(ਸਿਰੀਰਾਗੁ, ਬਾਣੀ ਰਵਿਦਾਸ ਜੀ, ਪੰਨਾ ੯੩)

ਇਸ ਕਾਇਆ ਅੰਦਰ ਪ੍ਰਭੂ ਆਪ ਹੀ ਵਸਦਾ ਹੈ—

ਕਾਇਆ ਕੋਟੁ ਅਤਿ ਅਪਾਰਾ॥

ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ॥

(ਮਾਰੂ, ਸੋਲਹੇ, ਮ: ੩, ਪੰਨਾ ੧੦੬੪)

ਪਰ ਉਹ ਅਦ੍ਰਿਸ਼ਟ ਹੈ, ਸਾਧਾਰਨ ਤੌਰ ਤੇ ਵੇਖਿਆ ਨਹੀਂ ਜਾ ਸਕਦਾ। ਮਨਮੁਖ ਪਰਮਾਤਮਾ ਨਾਲ ਸਾਂਝ ਨਾ ਪਾਉਣ ਕਰਕੇ ਇਹ ਭੇਦ ਨਹੀਂ ਸਮਝਦਾ ਅਤੇ ਪ੍ਰਭੂ ਨੂੰ ਬਾਹਰ ਜੰਗਲ ਆਦਿਕ ਵਿੱਚ ਲੱਭਣ ਤੁਰ ਪੈਂਦਾ ਹੈ। ਗੁਰ-ਵਾਕ ਹਨ—

ਕਾਇਆ ਅੰਦਰਿ ਆਪੇ ਵਸੈ, ਅਲਖੁ ਨ ਲਖਿਆ ਜਾਈ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥

(ਸੂਹੀ, ਮ: ੩, ਪੰਨਾ ੭੫੪)

ਹਰਿ ਮੰਦਰੁ ਏਹੁ ਸਰੀਰੁ ਹੈ, ਗਿਆਨਿ ਰਤਨਿ ਪਰਗਟੁ ਹੋਇ॥
ਮਨਮੁਖ ਮੂਲੁ ਨ ਜਾਣਨੀ, ਮਾਣਸਿ ਹਰਿ ਮੰਦਰੁ ਨ ਹੋਇ॥

(ਪ੍ਰਭਾਤੀ, ਮ: ੩, ਪੰਨਾ ੧੩੪੬)

ਜਿਹੜੇ ਪਹਾੜਾਂ ਵਿੱਚ ਭਾਲ ਕਰਦੇ ਹੋਏ, ਤੀਰਥਾਂ ਦੇ ਇਸ਼ਨਾਨ ਰਾਹੀਂ, ਨਿਵਲੀ ਕਰਮ ਆਦਿਕ ਕਰਕੇ, ਜੋਗੀਆਂ ਵਾਲੇ ਚੌਰਾਸੀ ਆਸਣ ਕਰਦੇ ਹੋਏ ਜਾਂ ਕਠੋਰ ਤਪ ਰਾਹੀਂ ਪਰਮਾਤਮਾ ਦੇ ਦਰਸ਼ਨ ਦੀ ਤਾਂਘ ਕਰਦੇ ਹਨ, ਉਹਨਾਂ ਦਾ ਮਨ ਸਦਾ ਅਸ਼ਾਂਤ ਰਹਿੰਦਾ ਹੈ, ਮਨ ਦੀ ਭਟਕਣ ਤੋਂ ਬਿਨਾਂ ਉਹਨਾਂ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ। ਜਿਵੇਂ ਫੁੱਲ ਵਿੱਚ ਹਮੇਸ਼ਾਂ ਸੁਗੰਧੀ ਰਹਿੰਦੀ ਹੈ ਅਤੇ ਸ਼ੀਸ਼ੇ ਵਿੱਚ ਸ਼ੀਸ਼ਾ ਵੇਖਣ ਵਾਲੇ ਦਾ ਅਕਸ ਵਸਦਾ ਹੈ, ਤਿਵੇਂ ਹੀ ਪ੍ਰਭੂ ਸਭਨਾਂ ਦੇ ਅੰਦਰ ਹੀ ਹੈ। ਉਸ ਨੂੰ ਆਪਣੇ ਹਿਰਦੇ ਵਿੱਚ ਹੀ ਲੱਭਣਾ ਚਾਹੀਦਾ ਹੈ—

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ॥ ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ ਭਾਈ॥

(ਧਨਾਸਰੀ, ਮ: ੯, ਪੰਨਾ ੬੮੪)

ਢਢਾ ਢੂਢਤ ਕਹ ਫਿਰਹੁ, ਢੂਢਨੁ ਇਆ ਮਨ ਮਾਹਿ॥
ਸੰਗਿ ਤੁਹਾਰੈ ਪ੍ਰਭੁ ਬਸੈ, ਬਨੁ ਬਨੁ ਕਹਾ ਫਿਰਾਹਿ॥

(ਗਉੜੀ, ਬਾਵਨ ਅਖਰੀ, ਮ: ੫, ਪੰਨਾ ੨੫੬)

ਬਨੁ ਬਨੁ ਫਿਰਤੀ ਢੂਢਤੀ, ਬਸਤੁ ਰਹੀ ਘਰਿ ਬਾਰਿ॥

(ਰਾਮਕਲੀ, ਮ: ੧, ਦਖਣੀ, ਓਅੰਕਾਰੁ, ਪੰਨਾ ੯੩੪)

ਕਾਇਆ ਨਗਰਿ ਨਗਰਿ ਹਰਿ ਬਸਿਓ,
ਮਤਿ ਗੁਰਮਤਿ ਹਰਿ ਹਰਿ ਸਹੇ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ,
ਘਰਿ ਮੰਦਰਿ ਹਰਿ ਪ੍ਰਭੁ ਲਹੇ॥
ਜੋ ਨਰ ਭਰਮਿ ਭਰਮਿ ਉਦਿਆਨੇ, ਤੇ ਸਾਕਤ ਮੂੜ ਮੁਹੇ॥
ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ, ਭ੍ਰਮਿ ਭ੍ਰਮਿਓ ਝਾਰ ਗਹੇ॥

(ਪ੍ਰਭਾਤੀ, ਮ: ੪, ਪੰਨਾ ੧੩੩੬)

ਕਸਤੂਰੀ ਹਿਰਨ ਦੀ ਨਾਭੀ ਵਿੱਚ ਰਹਿੰਦੀ ਹੈ ਪਰ ਅਗਿਆਨਤਾ ਦੇ ਕਾਰਨ ਉਹ ਉਸ ਦੀ ਸੁਗੰਧ ਨੂੰ ਵਣਾਂ ਵਿੱਚ ਭਾਲਦਾ ਫਿਰਦਾ ਹੈ ਅਤੇ ਖੁਆਰ ਹੁੰਦਾ ਹੈ। ਕਸਤੂਰੀ ਉਸ ਨੂੰ ਨਹੀਂ ਲੱਭਦੀ। ਇਸੇ ਤਰ੍ਹਾਂ ਜਿਹੜੇ ਮਨੁੱਖ ਭਰਮ ਵਿੱਚ ਪਏ ਹੋਏ ਪ੍ਰਭੂ ਨੂੰ ਸਰੀਰ ਦੇ ਅੰਦਰ ਨਾ ਜਾਣਦੇ ਹੋਏ ਬਾਹਰ ਢੂੰਢਦੇ ਰਹਿੰਦੇ ਹਨ, ਉਹ ਦੁੱਖ ਭੋਗਦੇ ਹਨ। ਐਸੇ ਮਨੁੱਖ ਮਾਨੋ ਮਨੁੱਖਾ-ਸਰੀਰ ਵਿੱਚ ਆਏ ਹੋਏ ਭੂਤ ਹਨ—

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ, ਮਨਮੁਖਾ ਸਾਦੁ ਨ ਪਾਇਆ॥
ਜਿਉ ਕਸਤੂਰੀ ਮਿਰਗੁ ਨ ਜਾਣੈ, ਭ੍ਰਮਦਾ ਭਰਮਿ ਭੁਲਾਇਆ॥

(ਮ: ੩, ਪੰਨਾ ੬੪੪)

ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ, ਸੇ ਮੂੜ ਬੇਤਾਲੇ॥
ਸੇ ਉਝੜਿ ਭਰਮਿ ਭਵਾਈਅਹਿ, ਜਿਉ ਝਾੜ ਮਿਰਗੁ ਭਾਲੇ॥

(ਗਉੜੀ ਕੀ ਵਾਰ, ਮ: ੪, ਪੰਨਾ ੩੦੯)

ਸਭ ਕਿਛੁ ਘਰ ਮਹਿ, ਬਾਹਰਿ ਨਾਹੀ॥
ਬਾਹਰਿ ਟੋਲੈ, ਸੋ ਭਰਮਿ ਭੁਲਾਹੀ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ,
ਸੋ ਅੰਤਰਿ ਬਾਹਰਿ ਸੁਹੇਲਾ ਜੀਉ॥ (ਮਾਝ, ਮ: ੫, ਪੰਨਾ ੧੦੨)

ਗੁਰੂ ਨਾਨਕ ਪਾਤਸ਼ਾਹ ਇਸ ਅਸਲੀਅਤ ਨੂੰ ਦ੍ਰਿੜ੍ਹ ਕਰਵਾਉਂਦੇ ਹੋਏ ਸਮਝਾਉਂਦੇ ਹਨ ਕਿ ਹੇ ਮਨ, ਆਪਣੇ ਅੰਦਰ ਹੀ ਪ੍ਰਭੂ ਚਰਨਾਂ ਵਿੱਚ ਟਿਕਿਆ ਰਹੁ। ਨਾਮ-ਅੰਮ੍ਰਿਤ ਦੀ ਭਾਲ ਵਿੱਚ ਬਾਹਰ ਨਾ ਭਟਕਦਾ ਫਿਰੀਂ। ਜੇਕਰ ਤੂੰ ਬਾਹਰ ਲੱਭਣ ਤੁਰ ਪਿਆ ਤਾਂ ਬਹੁਤ ਦੁਖੀ ਹੋਵੇਂਗਾ। ਆਤਮਿਕ ਜੀਵਨ ਦੇਣ ਵਾਲਾ ਅੰਮ੍ਰਿਤ ਤੇਰੇ ਹਿਰਦੇ ਵਿੱਚ ਹੀ ਹੈ—

ਮਨ ਰੇ, ਥਿਰੁ ਰਹੁ ਮਤੁ ਕਤ ਜਾਹੀ ਜੀਉ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ,
ਘਰਿ ਅੰਮ੍ਰਿਤੁ ਘਟ ਮਾਹੀ ਜੀਉ॥

(ਸੋਰਠਿ, ਮ: ੧, ਪੰਨਾ ੫੯੮)

ਮਨਮੁਖ ਇਸ ਅਸਲੀਅਤ ਨੂੰ ਨਹੀਂ ਸਮਝਦਾ। ਤਿਆਗ ਸੂਚਕ ਭੇਖ ਧਾਰਨ ਕਰਕੇ ਤੀਰਥ ਆਦਿਕ ਹੋਰ ਹੋਰ ਥਾਵਾਂ ਤੇ ਭੌਂਦਾ ਫਿਰਦਾ ਹੈ, ਪਰ ਆਪਣੇ ਆਤਮਿਕ ਜੀਵਨ ਨੂੰ ਨਹੀਂ ਪੜਤਾਲਦਾ। ਆਪਣੇ ਆਤਮਿਕ ਜੀਵਨ ਨੂੰ ਪਰਖਣ ਤੋਂ ਬਿਨਾਂ ਮਨ ਦਾ ਭਰਮ ਦੂਰ ਨਹੀਂ ਹੁੰਦਾ—

ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ॥

(ਧਨਾਸਰੀ, ਮ: ੯, ਪੰਨਾ ੬੮੪)

ਤੀਰਥਾਂ ਤੇ ਜਾ ਕੇ ਸਰੀਰ ਤਿਆਗਣਾ, ਗਿਆਨ ਚਰਚਾ ਕਰਨੀ,

ਸਮਾਧੀਆਂ ਲਾਉਣੀਆਂ, ਦੂਸਰਿਆਂ ਨੂੰ ਧਰਮ-ਉਪਦੇਸ਼ ਕਰਨੇ, ਇਹ ਸਭ ਮਾਇਆ ਦੇ ਹੀ ਅਡੰਬਰ ਹਨ। ਇਸ ਰਸਤੇ ਤੇ ਚਲਦਾ ਹੋਇਆ ਮਨੁੱਖ ਆਤਮਿਕ ਜੀਵਨ ਤੋਂ ਸੱਖਣਾ ਹੋ ਜਾਂਦਾ ਹੈ। ਹਿਰਦੇ ਵਿੱਚ ਖੋਟ ਰੱਖ ਕੇ ਧਰਮ-ਪੁਸਤਕਾਂ ਦੀ ਵੀਚਾਰ ਜਾਂ ਦੂਸਰੇ ਧਰਮਾਂ ਦਾ ਖੰਡਨ ਕਰਦਾ ਹੋਇਆ ਦੁਨੀਆਂ ਦੀਆਂ ਨਜ਼ਰਾਂ ਵਿੱਚ ਤਾਂ ਪੰਡਿਤ ਜਾਂ ਵਿਦਵਾਨ ਅਖਵਾ ਸਕਦਾ ਹੈ ਪਰ ਆਪਣੇ ਅੰਦਰ ਪਰਮਾਤਮਾ ਨੂੰ ਨਹੀਂ ਪਛਾਣ ਸਕਦਾ—

ਅੰਤਰਿ ਕਪਟੁ ਭਗਉਤੀ ਕਹਾਏ॥

ਪਾਖੰਡਿ ਪਾਰਬ੍ਰਹਮ ਕਦੇ ਨ ਪਾਏ॥

(ਸਿਰੀਰਾਗ ਕੀ ਵਾਰ, ਮ: ੩, ਪੰਨਾ ੮੮)

ਵਾਦਿ ਵਿਰੋਧਿ ਨ ਪਾਇਆ ਜਾਇ॥

ਮਨੁ ਤਨੁ ਫੀਕਾ ਦੂਜੈ ਭਾਇ॥ (ਗਉੜੀ, ਮ: ੩, ਪੰਨਾ ੨੩੦)

ਮਨੁੱਖ ਦੀ ਇਸ ਅਗਿਆਨਤਾ ਦਾ ਕਾਰਨ ਹੈ, ਉਸ ਦਾ ਅਹੰਕਾਰ। ਹਉਮੈ ਦੇ ਕਾਰਨ ਹੀ ਉਹ ਆਪਣੇ ਆਪ ਨੂੰ ਕਰਤਾ ਸਮਝਦਾ ਹੋਇਆ ਪਰਮਾਤਮਾ ਤੋਂ ਵੱਖਰੀ ਹੋਂਦ ਦੇ ਭਰਮ ਵਿੱਚ ਪਿਆ ਹੋਇਆ ਹੈ। ਉਹ ਇਹ ਨਹੀਂ ਸਮਝਦਾ ਕਿ ਉਸ ਦਾ ਸਰੀਰ, ਬੁੱਧੀ, ਧਨ, ਮਹਿਲ ਤੇ ਭੋਗਾਂ ਦੇ ਪਦਾਰਥ ਜੋ ਕੁਝ ਵੀ ਉਸ ਕੋਲ ਹੈ, ਜਿਸ ਦਾ ਉਹ ਮਾਣ ਕਰਦਾ ਹੈ, ਸਭ ਪ੍ਰਭੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹਨ। ਉਸ ਦਾ ਆਪਣਾ ਤਾਂ ਕੁਝ ਵੀ ਨਹੀਂ ਹੈ। ਜੀਵਾਤਮਾ ਅਤੇ ਪਰਮਾਤਮਾ ਦੇ ਵਿਚਕਾਰ ਹਉਮੈ ਦੀ ਕੰਧ ਖੜ੍ਹੀ ਹੈ, ਅਗਿਆਨਤਾ ਦਾ ਹਨ੍ਹੇਰਾ ਹੈ। ਜਦੋਂ ਕੰਧ ਢਹਿ ਪੈਂਦੀ ਹੈ, ਤਦੋਂ ਪ੍ਰਭੂ ਆਪਣੇ ਅੰਦਰ ਲੱਭ ਪੈਂਦਾ ਹੈ। ਗੁਰ-ਵਾਕ ਹਨ—

ਹਉ ਹਉ ਭੀਤਿ ਭਇਓ ਹੈ ਬੀਚੋ, ਸੁਨਤ ਦੇਸਿ ਨਿਕਟਾਇਓ॥

ਭਾਂਭੀਰੀ ਕੇ ਪਾਤ ਪਰਦੋ, ਬਿਨੁ ਪੇਖੇ ਦੂਰਾਇਓ॥

(ਸੋਰਠਿ, ਮ: ੫, ਪੰਨਾ ੬੨੪)

ਅੰਤਰਿ ਅਲਖੁ ਨ ਜਾਈ ਲਖਿਆ, ਵਿਚਿ ਪੜਦਾ ਹਉਮੈ ਪਾਈ॥

(ਗਉੜੀ ਪੂਰਬੀ, ਮ: ੫, ਪੰਨਾ ੨੦੫)

ਜਬ ਹਮ ਹੋਤੇ ਤਬ ਤੁਮ ਨਾਹੀ, ਅਬ ਤੁਮ ਹਹੁ ਹਮ ਨਾਹੀ॥

(ਗਉੜੀ, ਕਬੀਰ ਜੀ, ਪੰਨਾ ੩੩੯)

ਮਨੁੱਖ ਦੀ ਇਸ ਹਉਮੈ ਦਾ ਮੂਲ ਹੈ ਮਾਇਆ ਦਾ ਮੋਹ। ਪਰਮਾਤਮਾ ਤੋਂ ਵਿੱਥ ਪਾਉਣ ਵਾਲੀ ਮਾਇਆ ਹੀ ਹੈ, ਜਿਸ ਨੇ ਜੀਵ ਦੇ ਮਨ ਵਿੱਚ ਟਿਕਾਣਾ ਬਣਾਇਆ ਹੋਇਆ ਹੈ—

ਏਹ ਮਾਇਆ, ਜਿਤੁ ਹਰਿ ਵਿਸਰੈ, ਮੋਹੁ ਉਪਜੈ,

ਭਾਉ ਦੂਜਾ ਲਾਇਆ॥

(ਰਾਮਕਲੀ, ਮ: ੩, ਅਨੰਦੁ, ਪੰਨਾ ੯੨੧)

ਜਿਸ ਕਾਰਨ ਵੀ ਮਨੁੱਖ ਨੂੰ ਪਰਮਾਤਮਾ ਭੁੱਲ ਜਾਂਦਾ ਹੈ ਜਾਂ ਜੋ ਕੁਝ ਵੀ ਪਰਮਾਤਮਾ ਤੋਂ ਵੱਧ ਪਿਆਰਾ ਲੱਗਦਾ ਹੈ, ਉਹ ਸਭ ਮਾਇਆ ਹੈ। ਮਾਇਆ ਦੇ ਮੋਹ ਦੇ ਕਾਰਨ ਹੀ ਮਨੁੱਖ ਦੀ ਭੈੜੀ ਮਤਿ ਪ੍ਰਭੂ ਤੋਂ ਵੱਖਰੀ ਹਸਤੀ ਬਣਾ ਬੈਠਦੀ ਹੈ ਅਤੇ ਇਸ ਦੁਰਮਤਿ ਦੇ ਅਸਰ ਹੇਠ ਹਰਿ ਨੂੰ ਬਾਹਰ ਟੋਲਦਾ ਫਿਰਦਾ ਹੈ—

ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥

ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥

(ਧਨਾਸਰੀ, ਮ: ੧, ਪੰਨਾ ੬੬੨)

ਮਾਇਆ ਦੇ ਮੋਹ ਤੋਂ ਕਾਮ, ਕ੍ਰੋਧ, ਲੋਭ, ਅਹੰਕਾਰ ਆਦਿ ਵਿਕਾਰ ਪੈਦਾ ਹੁੰਦੇ ਹਨ। ਮਾਇਆ ਦਾ ਮੋਹ ਤ੍ਰਿਸ਼ਨਾ ਦਾ ਕਾਰਨ ਬਣਦਾ ਹੈ। ਤ੍ਰਿਸ਼ਨਾ ਤੋਂ ਲੋਭ ਅਤੇ ਕ੍ਰੋਧ ਪੈਦਾ ਹੁੰਦੇ ਹਨ। ਕ੍ਰੋਧ ਅਹੰਕਾਰ ਦੀ ਛਾਯਾ ਹੈ। ਅਹੰਕਾਰ ਨੂੰ ਪ੍ਰਤਿਸ਼ਠਾ ਨਾ ਮਿਲਣ ਤੇ ਮਨੁੱਖ ਕ੍ਰੋਧ ਕਰਦਾ ਹੈ। ਕ੍ਰੋਧ ਇੱਕ ਐਸਾ ਵਿਕਾਰ ਹੈ ਜਿਸ ਨੇ ਮਨੁੱਖ ਦੀ ਭਲੇ ਪਾਸੇ ਦੀ ਸਾਰੀ ਹੋਸ਼ ਭੁਲਾ ਦਿੱਤੀ ਹੈ। ਮਨੁੱਖ ਵਿਵੇਕਹੀਣ ਹੋ ਕੇ ਅਗਿਆਨਤਾ ਦੇ ਹਨੇਰੇ ਵਿੱਚ ਫਸ ਜਾਂਦਾ ਹੈ ਅਤੇ ਗਲਤ ਜੀਵਨ ਰਾਹ ਤੇ ਤੁਰ ਪੈਂਦਾ ਹੈ—

ਕਠਨਿ ਕਰੋਧ ਘਟ ਹੀ ਕੇ ਭੀਤਰਿ, ਜਿਹ ਸੁਧਿ ਸਭ ਬਿਸਰਾਈ॥

ਰਤਨੁ ਗਿਆਨੁ ਸਭ ਕੋ ਹਿਰਿ ਲੀਨਾ, ਤਾ ਸਿਉ ਕਛੁ ਨ ਬਸਾਈ॥

(ਗਉੜੀ, ਮ: ੯, ਪੰਨਾ ੨੧੯)

ਜਿੰਨਾ ਚਿਰ ਮਨੁੱਖ ਦਾ ਮਨ ਕਾਮਾਦਿਕ ਵਿਕਾਰਾਂ ਵੱਸ ਹੈ, ਭੈੜੀ ਮਤਿ ਦੇ ਅਧੀਨ ਹੈ, ਮੇਰ-ਤੇਰ ਦੇ ਚੱਕਰ ਵਿੱਚ ਫਸਿਆ ਹੋਇਆ ਹੈ, ਉੱਨਾ ਚਿਰ ਮਨ ਤ੍ਰਿਸ਼ਨਾ ਵੱਲੋਂ ਮਰਦਾ ਨਹੀਂ ਅਤੇ ਪਰਮਾਤਮਾ ਨਾਲ ਇੱਕ ਰੂਪ ਹੋਣ ਦਾ ਜੀਵਨ ਮਨੋਰਥ ਪੂਰਾ ਨਹੀਂ ਹੁੰਦਾ—

ਨਾ ਮਨੁ ਮਰੈ ਨ ਕਾਰਜੁ ਹੋਇ॥ ਮਨੁ ਵਸਿ ਦੂਤਾ ਦੁਰਮਤਿ ਦੋਇ॥

ਮਨੁ ਮਾਨੈ ਗੁਰ ਤੇ ਇਕੁ ਹੋਇ॥

(ਗਉੜੀ ਗੁਆਰੇਰੀ, ਮ: ੧, ਪੰਨਾ ੨੨੨)

ਜੀਵ ਦਾ ਮਨ ਵਿਕਾਰਾਂ ਦੀ ਛੋਹ ਨਾਲ ਅਪਵਿੱਤਰ ਹੋ ਚੁੱਕਾ ਹੈ। ਉਸ ਦੇ ਸਰੀਰ ਵਿੱਚ ਜੂਠ ਹੀ ਜੂਠ ਹੈ। ਸਾਰੇ ਗਿਆਨ-ਇੰਦਰੇ ਵਿਕਾਰਾਂ ਵੱਲ ਹੀ ਦੌੜਦੇ ਹਨ। ਉਸ ਦੀ ਜੀਭ ਚਸਕਿਆਂ ਨਾਲ ਜੂਠੀ ਹੋਈ ਰਹਿੰਦੀ ਹੈ, ਮੂੰਹੋਂ ਝੂਠ ਬੋਲਦਾ ਹੈ, ਪਾਪ ਕਮਾਉਂਦਾ ਹੈ। ਐਸਾ ਮਨੁੱਖ ਕਿਸੇ ਬਾਹਰੀ ਸੁੱਚ ਆਦਿਕ ਕਰਮ ਨਾਲ ਪਵਿੱਤਰ ਕਿਵੇਂ ਹੋ ਸਕਦਾ ਹੈ—

ਮਨਿ ਜੂਠੈ ਤਨਿ ਜੂਠਿ ਹੈ, ਜਿਹਵਾ ਜੂਠੀ ਹੋਇ॥

ਮੁਖਿ ਝੂਠੈ ਝੂਠੁ ਬੋਲਣਾ, ਕਿਉ ਕਰਿ ਸੂਚਾ ਹੋਇ॥

(ਸਿਰੀਰਾਗੁ, ਮ: ੧, ਪੰਨਾ ੫੫-੫੬)

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥

ਨਾਤਾ ਸੋ ਪਰਵਾਣੁ ਸਚੁ ਕਮਾਈਐ॥ (ਵਡਹੰਸ, ਮ: ੧, ਪੰਨਾ ਪ੬ਪ)

ਪਰਮਾਤਮਾ ਨੂੰ ਆਪਣੇ ਅੰਦਰ ਪਛਾਣਨ ਲਈ ਮਨ ਦਾ ਸ਼ੁੱਧ ਹੋਣਾ ਬਹੁਤ ਜ਼ਰੂਰੀ ਹੈ। ਅਪਵਿੱਤਰ ਮਨ ਪਰਮਾਤਮਾ ਦੇ ਨਾਮ ਨਾਲ ਨਹੀਂ ਜੁੜ ਸਕਦਾ।

ਸੂਚੈ ਭਾਡੈ ਸਾਚੁ ਸਮਾਵੈ, ਵਿਰਲੇ ਸੂਚਾਚਾਰੀ॥

(ਸੋਰਠਿ, ਮ: ੧, ਪੰਨਾ ਪ੯੭)

ਗੁਰੂ ਨਾਨਕ ਦੇਵ ਜੀ ਮਨੁੱਖ ਦੇ ਮਨ ਨੂੰ ਨਾਮ ਤੋਂ ਨਿਵਰਤ ਕਰਨ ਵਾਲੀਆਂ ਰੁਕਾਵਟਾਂ ਦਾ ਜ਼ਿਕਰ ਕਰਦੇ ਹੋਏ ਫੁਰਮਾਉਂਦੇ ਹਨ—

ਦੂਖੁ ਦਰਵਾਜਾ, ਰੋਹੁ ਰਖਵਾਲਾ, ਆਸਾ ਅੰਦੇਸਾ ਦੁਇ ਪਟ ਜੜੇ।

ਮਾਇਆ ਜਲੁ ਖਾਈ, ਪਾਣੀ ਘਰੁ ਬਾਧਿਆ,

ਸਤ ਕੈ ਆਸਣਿ ਪੁਰਖੁ ਰਹੈ। (ਰਾਮਕਲੀ, ਮ: ੧, ਪੰਨਾ ੯੭੭)

ਭਾਵ—ਸਰਬ ਵਿਆਪਕ ਪਰਮਾਤਮਾ ਸਹਿਜ ਅਵਸਥਾ ਦੇ ਆਸਣ ਉੱਤੇ ਮਨੁੱਖ ਦੇ ਹਿਰਦੇ ਵਿੱਚ ਇੱਕ ਐਸੇ ਘਰ ਵਿੱਚ ਬੈਠਾ ਹੋਇਆ ਹੈ ਜਿਸ ਘਰ ਦਾ ਦੁੱਖ ਰੂਪੀ ਦਰਵਾਜ਼ਾ ਹੈ, ਕ੍ਰੋਧ ਰੂਪੀ ਰਖਵਾਲਾ ਹੈ। ਦੁੱਖ ਰੂਪੀ ਦਰਵਾਜ਼ੇ ਨੂੰ ਆਸਾ ਤੇ ਸਹਿਮ ਰੂਪੀ ਦੇ ਭਿੱਤ ਲੱਗੇ ਹੋਏ ਹਨ। ਮਾਇਆ ਦੀ ਖਿੱਚ ਉਸ ਦੇ ਦੁਆਲੇ ਮਾਨੋ ਖਾਈ ਹੈ ਜਿਸ ਵਿੱਚ ਵਿਕਾਰਾਂ ਦਾ ਪਾਣੀ ਭਰਿਆ ਹੋਇਆ ਹੈ ਅਤੇ ਉਸ ਪਾਣੀ ਵਿੱਚ ਮਨੁੱਖ ਦਾ ਹਿਰਦਾ-ਘਰ ਬਣਿਆ ਹੋਇਆ ਹੈ। ਜਦੋਂ ਤੱਕ ਮਨੁੱਖ ਦੇ ਮਨ ਵਿੱਚ ਮਾਇਆ ਦੀਆਂ ਆਸਾਂ ਹਨ, ਤਦੋਂ ਤੱਕ ਚਿੰਤਾ ਫ਼ਿਕਰ ਹਨ। ਅਸ਼ਾਂਤ ਮਨ ਨਾਲ ਇੱਕ ਪਰਮਾਤਮਾ ਨੂੰ ਸਿਮਰਿਆ ਨਹੀਂ ਜਾ ਸਕਦਾ। ਇਸ ਲਈ ਵਿਕਾਰਾਂ ਦਾ ਮੂਲ ਕਾਰਨ ਮਾਇਆ ਦੇ ਮੋਹ ਦਾ ਭਰਮ ਦੂਰ ਕਰਨਾ ਜ਼ਰੂਰੀ ਹੈ। ਭਰਮ ਤਾਂ ਹੀ ਦੂਰ ਹੁੰਦਾ ਹੈ ਜਦੋਂ ਕਾਇਆ ਅਤੇ ਮਨ ਦੋਨਾਂ ਦਾ ਮਾਣ ਤਿਆਗ ਦਿੱਤਾ ਜਾਏ। ਮਨੁੱਖ ਕੋਸ਼ਿਸ਼ ਕਰਕੇ ਸਰੀਰ ਦਾ ਅਹੰਕਾਰ ਤਾਂ ਛੱਡ ਵੀ ਦਿੰਦਾ ਹੈ, ਪਰ ਆਪਣੇ ਗੁਣਾਂ, ਵਿੱਦਿਆ, ਧਨ ਅਤੇ ਭਗਤੀ ਦੇ ਅਹੰਕਾਰ ਨੂੰ ਛੱਡਣਾ ਔਖਾ ਹੋ ਜਾਂਦਾ ਹੈ। ਕਬੀਰ ਜੀ ਦਾ ਕਥਨ ਹੈ—

ਕਬੀਰ ਮਾਇਆ ਤਜੀ ਤ ਕਿਆ ਭਇਆ,

ਜਉ ਮਾਨੁ ਤਜਿਆ ਨਹੀਂ ਜਾਇ॥

ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ ਕਉ ਖਾਇ॥੧੫੬)

(ਸਲੋਕ, ਭਗਤ ਕਬੀਰ ਜੀਉ ਕੇ, ਪੰਨਾ ੧੩੭੨)

ਦੁਨੀਆਂ ਦੀਆਂ ਵਡਿਆਈਆਂ ਮੋਹ ਵਧਾਉਂਦੀਆਂ ਹਨ। ਇਹਨਾਂ ਦਾ ਮੋਹ ਛਡਣਾ ਜ਼ਰੂਰੀ ਹੈ—

ਨਾਨਕ ਦੁਨੀਆਂ ਕੀਆਂ ਵਡਿਆਈਆਂ, ਅਗੀ ਸੇਤੀ ਜਾਲਿ॥

ਏਨੀ ਜਲੀਈਂ ਨਾਮੁ ਵਿਸਾਰਿਆ, ਇਕ ਨ ਚਲੀਆ ਨਾਲਿ॥

(ਮ: ੨, ਪੰਨਾ ੧੨੯੦)

ਹਉਮੈ ਦੇ ਕਾਰਨ ਮਨੁੱਖ ਆਪਣੇ ਮੂਲ ਪ੍ਰਭੂ ਨਾਲ ਸਾਂਝ ਨਹੀਂ ਪਾ ਸਕਦਾ ਤੇ ਇਹ ਨਹੀਂ ਸਮਝ ਸਕਦਾ ਕਿ ਉਹ ਪ੍ਰਭੂ ਦਾ ਅੰਸ਼ ਹੈ—

ਮੂਲੁ ਨ ਬੂਝੈ, ਆਪੁ ਨ ਸੂਝੈ, ਭਰਮਿ ਬਿਆਪੀ ਅਹੰ ਮਨੀ॥

(ਬਸੰਤੁ ਹਿੰਡੋਲ, ਮ: ੫, ਪੰਨਾ ੧੧੯੬)

ਜਿਸ ਨੂੰ ਆਪਣੀ ਮੌਤ ਭਾਵ ਸਰੀਰ ਦੇ ਨਾਸ਼ਵਾਨ ਹੋਣ ਦੀ ਅਸਲੀਅਤ ਯਾਦ ਰਹਿੰਦੀ ਹੈ ਉਸ ਦਾ ਅਹੰਕਾਰ ਦੂਰ ਹੋ ਜਾਂਦਾ ਹੈ, 'ਮੈਂ' ਦੀ ਭਾਵਨਾ ਮਰ ਜਾਂਦੀ ਹੈ ਅਤੇ ਨਿਮਰਤਾ, ਦਇਆ, ਸਤ, ਸੰਤੋਖ ਆਦਿਕ ਗੁਣ ਪੈਦਾ ਹੋ ਜਾਂਦੇ ਹਨ। ਗੁਣਹੀਨ ਮਨੁੱਖ ਪ੍ਰਭੂ ਦੇ ਨੇੜੇ ਨਹੀਂ ਹੋ ਸਕਦਾ—

ਸਭਿ ਅਵਗਣ ਮੈ ਗੁਣੁ ਨਹੀ ਕੋਈ॥

ਕਿਉ ਕਰਿ ਕੰਤ ਮਿਲਾਵਾ ਹੋਈ॥

(ਰਾਗ ਸੂਹੀ, ਅਸਟ, ਮ: ੧, ਪੰਨਾ ੭੫੦)

ਪਰ ਨਾਮ ਵਿੱਚ ਟਿਕੇ ਰਹਿਣ ਬਿਨਾਂ ਅਹੰਕਾਰ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ—'ਵਿਣੁ ਨਾਵੈ ਨਿਰਭਉ ਕਹਾ, ਕਿਆ ਜਾਣਾ ਅਭਿਮਾਨੁ'॥ (ਪੰਨਾ ੯੩੪) ਜਦੋਂ ਮਨੁੱਖ ਹਉਮੈ ਨੂੰ ਸਮਝ ਲੈਂਦਾ ਹੈ, ਉਸ ਨੂੰ ਸੋਝੀ ਹੋ ਜਾਂਦੀ ਹੈ ਕਿ ਉਹ ਪਰਮਾਤਮਾ ਨਾਲੋਂ ਟੁੱਟਿਆ ਹੋਇਆ ਹੈ ਤਦੋਂ ਹੀ ਉਸ ਨੂੰ ਪਰਮਾਤਮਾ ਦਾ ਦਰ ਲੱਭ ਪੈਂਦਾ ਹੈ—ਹਉਮੈ ਬੂਝੈ, ਤਾ ਦਰੁ ਸੂਝੈ॥

ਨਾਮ ਵਿੱਚ ਮਨੁੱਖ ਤਦੋਂ ਹੀ ਜੁੜਦਾ ਹੈ ਜਦੋਂ ਗੁਰੂ ਦੇ ਸ਼ਬਦ ਨੂੰ ਹਿਰਦੇ ਵਿੱਚ ਵਸਾਉਂਦਾ ਹੈ। ਜਿਸ ਹਰਿ ਦਾ ਬਣਾਇਆ ਹੋਇਆ ਇਹ ਸਰੀਰ ਹੈ ਉਸ ਨੇ ਹੀ ਮੋਹ ਦਾ ਜੰਦਰਾ ਮਾਰਿਆ ਹੋਇਆ ਹੈ ਤੇ ਕੁੰਜੀ ਗੁਰੂ ਨੂੰ ਸੌਂਪ ਦਿੱਤੀ ਹੈ। ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਮਨੁੱਖ ਅਨੇਕਾਂ ਹੀਲੇ ਕਰਦਾ ਹੈ ਪਰ ਉਹਨਾਂ ਹੀਲਿਆਂ ਨਾਲ ਪਰਮਾਤਮਾ ਨੂੰ ਲੱਭ ਨਹੀਂ ਸਕਦਾ—

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ, ਕੁੰਜੀ ਗੁਰ ਸਉਪਾਈ॥

ਅਨਿਕ ਉਪਾਵ ਕਰੇ ਨਹੀ ਪਾਵੈ, ਬਿਨੁ ਸਤਿਗੁਰ ਸਰਣਾਈ॥

(ਗਉੜੀ ਪੂਰਬੀ ਪੂਰਬੀ, ਮ: ੫, ਪੰਨਾ ੨੦੫)

ਮਨੁੱਖਾ ਸਰੀਰ ਇੱਕ ਐਸੀ ਧਰਤੀ ਹੈ ਜਿਸ ਵਿੱਚ ਨਿਤਾਪ੍ਰਤੀ ਦੇ ਕੀਤੇ ਕਰਮ-ਰੂਪ ਬੀਜ ਬੀਜੇ ਜਾਂਦੇ ਹਨ। ਜਿਵੇਂ ਦੁੱਧ ਨੂੰ ਰਿੜਕ-ਰਿੜਕ ਕੇ ਮੱਖਣ ਕੱਢ ਲਈਦਾ ਹੈ ਤਿਵੇਂ ਹੀ ਗੁਰ-ਸ਼ਬਦ ਦਾ ਆਸਰਾ ਲੈ ਕੇ ਇਹਨਾਂ ਰੋਜ਼ਾਨਾ ਕੀਤੇ ਕਰਮਾਂ ਨੂੰ ਸੋਧ-ਸੋਧ ਕੇ ਉੱਚਾ ਆਤਮਿਕ ਜੀਵਨ ਪ੍ਰਾਪਤ ਕੀਤਾ ਜਾ ਸਕਦਾ ਹੈ। ਮਨੁੱਖ ਦਾ ਮਨ ਆਰਸੀ ਦੇ ਸਮਾਨ ਹੈ। ਇਸ ਦੇ ਰਾਹੀਂ ਹੀ ਉਹ ਆਪਣਾ

ਆਤਮਿਕ ਜੀਵਨ ਵੇਖ ਸਕਦਾ ਹੈ। ਆਤਮਿਕ ਜੀਵਨ ਦੀ ਸੂਝ ਦਾ ਗਿਆਨ ਤੇਜ ਖੰਡਾ ਹੈ। ਇਸ ਖੰਡੇ ਨਾਲ ਮਾਇਆ ਦੇ ਮੋਹ ਦਾ ਜ਼ਹਿਰ ਖਤਮ ਕਰਕੇ ਨਾਮ ਰਸ ਪੀਤਾ ਜਾ ਸਕਦਾ ਹੈ—

ਚੰਦਨ ਵਾਸੁ ਭੁਇਅੰਗਮ ਵੇੜੀ, ਕਿਵ ਮਿਲੀਐ ਚੰਦਨੁ ਲੀਜੈ॥
ਕਾਢਿ ਖੜਗੁ ਗੁਰ ਗਿਆਨੁ ਕਰਾਰਾ,
ਬਿਖੁ ਛੇਦਿ ਛੇਦਿ ਰਸੁ ਪੀਜੈ॥

(ਕਲਿਆਨ, ਮ: ੪, ਪੰਨਾ ੧੩੨੪)

ਜਿਹੜਾ ਮਨੁੱਖ ਮਨ ਦੇ ਪਿੱਛੇ ਤੁਰਨ ਦੀ ਥਾਂ ਗੁਰੂ ਦੀ ਮਤਿ ਤੇ ਤੁਰਦਾ ਹੈ ਉਸ ਦੇ ਅੰਦਰ ਬਾਣੀ ਨਾਲ ਪ੍ਰੀਤੀ ਬਣ ਜਾਂਦੀ ਹੈ, ਨਾਮ ਅੰਦਰ ਟਿਕਿਆ ਰਹਿੰਦਾ ਹੈ ਅਤੇ ਪ੍ਰਭੂ ਚਰਨਾਂ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ—

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥
ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥
ਅਹਿਨਿਸਿ ਨਿਰਮਲ ਜੋਤਿ ਸਬਾਈ,
ਘਟਿ ਦੀਪਕੁ ਗੁਰਮੁਖਿ ਜਾਤਾ ਹੇ॥ (ਮਾਰੂ, ਮ: ੧, ਪੰਨਾ ੧੦੩੨)

ਸਤਿਗੁਰ ਕੀ ਜਿਸ ਨੋ ਮਤਿ ਆਵੈ, ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿ ਨਾਮਾ॥

(ਬਿਲਾਵਲੁ, ਮ: ੩, ਪੰਨਾ ੭੯੭)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਆਪਣੇ ਹਿਰਦੇ-ਘਰ ਵਿੱਚ ਪਰਮਾਤਮਾ ਦਾ ਟਿਕਾਣਾ ਲੱਭ ਲੈਂਦਾ ਹੈ ਉਹ ਆਤਮਿਕ ਅਡੋਲਤਾ ਵਿੱਚ ਟਿਕਿਆ ਰਹਿੰਦਾ ਹੈ। ਉਸ ਅਡੋਲ ਅਵਸਥਾ ਵਿੱਚ ਟਿਕਿਆਂ ਚਿੰਤਾ ਫ਼ਿਕਰ ਆਦਿਕ ਦੁੱਖ ਜ਼ੋਰ ਨਹੀਂ ਪਾ ਸਕਦੇ। ਪਰਮਾਤਮਾ ਨੂੰ ਅੰਗ-ਸੰਗ ਜਾਣਨ ਵਾਲੇ ਦਾ ਹਿਰਦਾ ਕੌਲ ਫੁੱਲ ਵਾਂਗ ਖਿੜਿਆ ਰਹਿੰਦਾ ਹੈ। ਉਸ ਦੇ ਅੰਦਰ ਰੱਬੀ ਜੋਤਿ ਦੀ ਕਿਰਨ ਆਤਮਿਕ ਜੀਵਨ ਦਾ ਚਾਨਣ ਕਰ ਦਿੰਦੀ ਹੈ—

ਘਰੈ ਅੰਦਰਿ ਕੋ ਘਰੁ ਪਾਏ॥ ਗੁਰ ਕੈ ਸਬਦੇ ਸਹਜਿ ਸੁਭਾਏ॥
ਓਥੈ ਸੋਗੁ ਵਿਜੋਗੁ ਨ ਵਿਆਪੈ, ਸਹਜੇ ਸਹਜਿ ਸਮਾਇਆ॥ ੧੦॥
ਦੂਜੇ ਭਾਇ ਦੁਸਟਾ ਕਾ ਵਾਸਾ॥
ਭਉਦੇ ਫਿਰਹਿ ਬਹੁ ਮੋਹ ਪਿਆਸਾ॥

(ਮਾਰੂ, ਮ: ੩, ਪੰਨਾ ੧੦੬੮)

ਸਦ ਹੀ ਨੇੜੈ ਦੂਰਿ ਨ ਜਾਣਹੁ॥
ਗੁਰ ਕੈ ਸਬਦਿ ਨਜੀਕਿ ਪਛਾਣਹੁ॥

ਬਿਗਸੈ ਕਮਲੁ ਕਿਰਣਿ ਪਰਗਾਸੈ, ਪਰਗਟੁ ਕਰਿ ਦੇਖਾਇਆ॥

(ਮਾਰੂ, ਮ: ੩, ਪੰਨਾ ੧੦੬੯)

ਜਿਸ ਨੇ ਗੁਰ-ਸ਼ਬਦ ਨਾਲ ਜੁੜ ਕੇ ਹਰਿ ਨਾਮ ਸਿਮਰਨ ਦੀ ਮਿਹਨਤ ਕੀਤੀ ਹੈ, ਜਤ, ਧੀਰਜ, ਉੱਚੀ ਮਤਿ, ਆਤਮਿਕ ਜੀਵਨ ਦੀ ਸੂਝ, ਪ੍ਰਭੂ ਦੈ ਡਰ ਤੇ ਪਿਆਰ ਆਦਿਕ ਦੀ ਟਕਸਾਲ ਵਿੱਚ ਉਸ ਮਨੁੱਖ ਦਾ ਹਰਿ ਸਿਮਰਨ ਦਾ ਉੱਦਮ ਸੋਹਣਾ ਰੂਪ ਧਾਰ ਲੈਂਦਾ ਹੈ। ਜਿਸ ਨੇ ਇਹ ਕਰ ਲਿਆ, ਜਿਸ ਨੇ ਹਰਿ-ਨਾਮ ਸਿਮਰਨ ਦੀ ਮਾਲਾ ਹਿਰਦੇ ਵਿੱਚ ਫੇਰ ਲਈ, ਗੁਰੂ ਨੇ ਪਰਮਾਤਮਾ ਉਸ ਨੂੰ ਉਸ ਦੇ ਅੰਦਰ ਹੀ ਵਿਖਾ ਦਿੱਤਾ, ਭਾਵ ਉਸ ਨੇ ਪ੍ਰਭੂ ਨੂੰ ਆਪਣੇ ਸਰੀਰ ਨਗਰ ਦੇ ਅੰਦਰ ਹੀ ਭਾਲ ਕੇ ਲੱਭ ਲਿਆ—

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ॥
ਜਿਸੁ ਘੜੀਐ ਸਬਦੁ ਸਚੀ ਟਕਸਾਲੀ॥ ੨ ॥
ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ॥
ਵਿਚਿ ਕਾਇਆ ਨਗਰ ਲਧਾ ਹਰਿ ਭਾਲੀ॥ ੩॥

(ਭੈਰਉ, ਮ: ੪, ਪੰਨਾ ੧੧੩੪)

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਇਹ ਮਨੁੱਖਾ ਸਰੀਰ ਪਰਮਾਤਮਾ ਦਾ ਮਹਲ ਹੈ, ਪਰਮਾਤਮਾ ਦਾ ਮੰਦਰ ਹੈ, ਪ੍ਰਭੂ ਦਾ ਘਰ ਹੈ। ਬੇਅੰਤ ਪ੍ਰਭੂ ਨੇ ਇਸ ਵਿੱਚ ਆਪਣੀ ਜੋਤਿ ਟਿਕਾਈ ਹੋਈ ਹੈ। ਜੀਵ ਆਪਣੇ ਅੰਦਰ ਹਿਰਦੇ ਵਿੱਚ ਵਸਦੇ ਪ੍ਰਭੂ ਨੂੰ ਛੱਡ ਕੇ ਬਾਹਰ ਭਟਕਦਾ ਫਿਰਦਾ ਹੈ। ਬਾਹਰ ਭਟਕਦਾ ਜੀਵ ਗੁਰੂ ਦੇ ਰਾਹੀਂ ਹੀ ਹਿਰਦੇ ਮਹਲ ਵਿੱਚ ਮੋੜ ਕੇ ਲਿਆਂਦਾ ਜਾ ਸਕਦਾ ਹੈ—

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ,
ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ, ਹਰਿ ਮੇਲੇ ਮੇਲਣਹਾਰ॥

(ਮਲਾਰ, ਮ: ੧, ਪੰਨਾ ੧੨੫੬)

ਗੁਰ ਸ਼ਬਦ ਰਾਹੀਂ ਪ੍ਰਭੂ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਨ ਵਾਲਾ ਮਨੁੱਖ ਪ੍ਰਭੂ ਦੇ ਗੁਣਾਂ ਨੂੰ ਵਿਚਾਰਨਾ ਸ਼ੁਰੂ ਕਰ ਦਿੰਦਾ ਹੈ। ਉਸ ਦਾ ਵਿਸ਼ਵਾਸ ਇੱਕ ਪ੍ਰਭੂ ਤੇ ਦ੍ਰਿੜ੍ਹ ਹੋ ਜਾਂਦਾ ਹੈ। ਆਪਾ-ਭਾਵ ਤਿਆਗ ਕੇ ਮਨ ਤਨ ਪ੍ਰਭੂ ਦੇ ਹਵਾਲੇ ਕਰ ਦਿੰਦਾ ਹੈ। ਪ੍ਰਭੂ ਨੂੰ ਸਦਾ ਅੰਗ-ਸੰਗ ਸਮਝਦਾ ਹੋਇਆ ਪ੍ਰਭੂ ਦੇ ਡਰ-ਅਦਬ ਦੇ ਕਾਰਨ ਮੰਦੇ ਕਰਮਾਂ ਤੋਂ ਨਿਵਿਰਤ ਹੋ ਜਾਂਦਾ ਹੈ—

ਸਹੁ ਹਦੂਰਿ ਦੇਖੈ, ਤਾਂ ਭਉ ਪਵੈ ਬੈਰਾਗੀਅੜੇ॥
ਹੁਕਮੈ ਬੂਝੈ, ਤ ਨਿਰਭਉ ਹੋਇ ਵਣਾਹੰਬੈ॥

(ਮਾਰੂ, ਬਾਣੀ ਕਬੀਰ ਜੀਉ ਕੀ, ਪੰਨਾ ੧੧੦੪)

ਉਸ ਦੇ ਅੰਦਰ ਪਰਮਾਤਮਾ ਦੀ ਜੋਤਿ ਦਾ ਚਾਨਣ ਹੋ ਜਾਂਦਾ ਹੈ ਅਤੇ ਆਪਣੇ ਅੰਦਰ ਪਰਮਾਤਮਾ ਦੀ ਹੋਂਦ ਦੀ ਸਮਝ ਆ ਜਾਂਦੀ ਹੈ। ਬਾਹਰ ਭਾਲਣ ਦਾ ਯਤਨ ਕਰਨ ਵਾਲਾ ਮਨੁੱਖ ਪਰਮਾਤਮਾ ਦੇ ਦਰ ਤੇ ਕਬੂਲ ਨਹੀਂ ਹੁੰਦਾ—

ਬਾਹਰੁ ਭਾਲੇ ਸੁ ਕਿਆ ਲਹੈ, ਵਥੁ ਘਰੈ ਅੰਦਰਿ ਭਾਈ॥
ਭਰਮੇ ਭੂਲਾ ਸਭੁ ਜਗ ਫਿਰੈ, ਮਨਮੁਖਿ ਪਤਿ ਗਵਾਈ॥

(ਆਸਾ, ਮ: ੩, ਪੰਨਾ ੪੨੫)

ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ,
ਇਕੁ ਗੁਰਮੁਖਿ ਚਲਤੁ ਦਿਖਾਇਆ॥
ਬਾਹਰੁ ਖੋਜਿ ਮੁਏ ਸਭਿ ਸਾਕਤ, ਹਰਿ ਗੁਰਮਤੀ ਘਰਿ ਪਾਇਆ॥

(ਬਸੰਤੁ, ਹਿੰਡੋਲ, ਮ: ੪, ਪੰਨਾ ੧੧੯੧)

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

ਪਰਮਾਤਮਾ ਦਾ ਆਸਰਾ, ਮੁਥਾਜੀ, ਭਟਕਣਾ, ਭਰਮ. ਭ੍ਰਾਂਤਿ ਅਤੇ ਕੂੜ ਦੇ ਰਸਤੇ ਤੋਂ ਵਰਜ ਕੇ ਸੱਚਾਈ, ਨਿਰਭੈਤਾ ਅਤੇ ਆਤਮਿਕ ਆਨੰਦ ਭਰੇ ਜੀਵਨ-ਮਾਰਗ ਵੱਲ ਪ੍ਰੇਰਦਾ ਹੈ। ਪ੍ਰਭੂ ਦਾ ਆਸਰਾ ਲੈਣ ਵਾਲੇ ਮਨੁੱਖ ਦੇ ਜੀਵਨ ਵਿੱਚ ਚਿੰਤਾ ਫਿਕਰ ਅਤੇ ਕ੍ਰੋਧ ਦੀ ਥਾਂ ਤੇ ਖੇੜਾ, ਉਤਸ਼ਾਹ ਅਤੇ ਨਿਰਮਲਤਾ ਹੁੰਦੀ ਹੈ—

ਤਉ ਕੜੀਐ ਜੇ ਹੋਵੈ ਬਾਹਰਿ॥
ਤਉ ਕੜੀਐ ਜੇ ਵਿਸਰੈ ਨਰਹਰਿ॥
ਤਉ ਕੜੀਐ ਜੇ ਦੂਜਾ ਭਾਏ॥
ਕਿਆ ਕੜੀਐ ਜਾਂ ਰਹਿਆ ਸਮਾਏ॥ (ਭੈਰਉ, ਮ: ੫, ਪੰਨਾ ੧੧੯੦)

ਪਰਮਾਤਮਾ ਮਨੁੱਖ ਦੇ ਹਿਰਦੇ-ਘਰ ਵਿੱਚ ਹੀ ਵਸਦਾ ਹੈ—ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ, ਤੇਰਾ ਭਾਉ ਨ ਬੁਝਹਿ ਗਵਾਰੀ॥ (ਪੰਨਾ ੬੦੭) ਪਰ ਮਨੁੱਖ ਉਸ ਨੂੰ ਬਾਹਰ ਭਾਲਦਾ ਫਿਰਦਾ ਹੈ। ਭਰਮ ਵਿੱਚ ਪੈ ਕੇ ਕਈ ਤਰ੍ਹਾਂ ਦੇ ਮਿਥੇ ਹੋਏ ਧਾਰਮਿਕ ਕਰਮਾਂ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਮਨੁੱਖ ਦੇ ਇਹਨਾਂ ਭੁਲੇਖਿਆਂ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਉਂਦੇ ਹਨ—

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ, ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ, ਅਧਿਕ ਅਹੰਬੁਧਿ ਬਾਧੇ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ॥ ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ, ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ, ਦੁਬਿਧਾ ਛੁਟਕੈ ਨਾਹੀ॥੨॥
ਮਨ ਕਾਮਨਾ ਤੀਰਥ ਜਾਇ ਬਸਿਓ, ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ, ਜੇ ਲਖ ਜਤਨ ਕਰਾਏ॥੩॥
ਕਨਿਕ ਕਾਮਿਨੀ ਹੈਵਰ ਗੈਵਰ, ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ, ਨਹ ਮਿਲੀਐ ਹਰਿ ਦੁਆਰਾ॥੪॥

(ਸੋਰਠਿ, ਮ: ੫, ਪੰਨਾ ੬੪੧)

ਸਿਰਫ ਧਾਰਮਿਕ ਪਹਿਰਾਵੇ ਧਾਰਨ ਕਰਨ ਨਾਲ, ਤੀਰਥਾਂ ਤੇ ਇਸ਼ਨਾਨ ਕੀਤਿਆਂ, ਦਾਨ-ਪੁੰਨ ਕੀਤਿਆਂ ਜਾਂ ਧਾਰਮਿਕ ਪੁਸਤਕਾਂ ਪੜ੍ਹਨ ਨਾਲ ਤੇ ਜਪ, ਤਪ ਕਰਨ ਨਾਲ ਪਰਮਾਤਮਾ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹਨਾਂ ਸਾਰਿਆਂ ਕਰਮਾਂ ਨਾਲ ਮਨ ਮਾਇਆ-ਮੋਹ ਤੋਂ ਮੁਕਤ ਹੋ ਕੇ ਨਾਮ ਰਸ ਵਿੱਚ ਨਹੀਂ ਭਿੱਜਦਾ—

ਕਿਆ ਜਪੁ, ਕਿਆ ਤਪੁ, ਕਿਆ ਬ੍ਰਤ ਪੂਜਾ॥
ਜਾ ਕੈ ਰਿਦੈ ਭਾਉ ਹੈ ਦੂਜਾ॥ ੧ ॥
ਰੇ ਜਨ, ਮਨੁ ਮਾਧਉ ਸਿਉ ਲਾਈਐ॥
ਚਤੁਰਾਈ ਨ ਚਤੁਰਭੁਜੁ ਪਾਈਐ॥
(ਕਬੀਰ ਜੀ, ਗਉੜੀ, ਪੰਨਾ ੩੨੪)

ਜੇਕਰ ਅੰਦਰ ਚੰਡਾਲ ਕ੍ਰੋਧ ਵਸਦਾ ਹੈ, ਹਉਮੈ ਹੈ, ਪਰ-ਧਨ, ਪਰ-ਤਨ ਦਾ ਲੋਭ ਹੈ ਤਾਂ ਧਾਰਮਿਕ ਕਰਮ ਸਿਰਫ ਪਾਖੰਡ ਬਣ ਜਾਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਪਰਮਾਤਮਾ ਦੇ ਨਾਮ ਦੇ ਰਾਹੀਂ ਹੀ ਮੁਕਤੀ ਮਿਲ ਸਕਦੀ ਹੈ ਅਤੇ ਪ੍ਰਭੂ-ਪ੍ਰੇਮ ਤੋਂ ਬਿਨਾਂ ਪਰਮਾਤਮਾ ਨੂੰ ਹਿਰਦੇ ਵਿੱਚ ਨਹੀਂ ਵਸਾਇਆ ਜਾ ਸਕਦਾ। ਅੰਦਰ ਹਿਰਦੇ ਵਿੱਚ ਪ੍ਰਭੂ ਨਾਲ ਪਿਆਰ ਦੀ ਭਾਵਨਾ ਨਾ ਹੋਵੇ ਤਾਂ ਨਿਰੇ ਮਨ ਦੇ ਹਠ ਨਾਲ ਕੀਤੇ ਕਰਮਾਂ ਦੇ ਰਾਹੀਂ ਕੋਈ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਦਾ—

ਪਾਖੰਡਿ ਭਗਤਿ ਨ ਹੋਵਈ, ਪਾਰਬ੍ਰਹਮੁ ਨ ਪਾਇਆ ਜਾਇ॥
ਮਨਹਠਿ ਕਰਮ ਕਮਾਵਣੇ, ਥਾਇ ਨ ਕੋਈ ਪਾਇ॥
(ਸਲੋਕ, ਮ: ੩, ਪੰਨਾ ੮੪੯)

ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ—

ਕਹਾ ਭਯੋ ਜੋ ਦੋਉ ਲੋਚਨ ਮੂੰਦ ਕੈ,
ਬੈਠਿ ਰਹਿਓ ਬਕ ਧਿਆਨ ਲਗਾਇਓ॥
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ,
ਲੋਕ ਗਯੋ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋਂ ਬੈਠ ਕੈ,
ਐਸੇ ਹੀ ਐਸੇ ਸੁ ਬੈਸ ਬਿਤਾਇਓ॥
ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥
(ਅਕਾਲ ਉਸਤਤਿ, ਤ੍ਵ ਪ੍ਰਸਾਦਿ॥ ਸਵੱਯੇ॥)

ਹਿਰਦੇ ਵਿੱਚ ਪ੍ਰਭੂ ਵਾਸਤੇ ਪਿਆਰ ਨਾ ਹੋਵੇ ਤਾਂ ਉਸ ਦੀ ਭਗਤੀ ਨਹੀਂ ਕੀਤੀ ਜਾ ਸਕਦੀ—

ਬਿਨੁ ਪਿਆਰੈ ਭਗਤਿ ਨ ਹੋਵਈ, ਨਾ ਸੁਖੁ ਹੋਇ ਸਰੀਰਿ॥
(ਆਸਾ, ਮ: ੩, ਪੰਨਾ ੪੨੯)

ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ, ਸਤਿਗੁਰਿ ਬੂਝ ਬੁਝਾਈ॥
(ਗਉੜੀ, ਮ: ੩, ਪੰਨਾ ੨੪੫)

ਜਿਹੜਾ ਮਨੁੱਖ ਪਰਮਾਤਮਾ ਨੂੰ ਸਹੀ ਤਰੀਕੇ ਨਾਲ ਸੱਚਾ ਪਿਆਰ ਕਰਦਾ ਹੈ ਉਹ ਪ੍ਰਭੂ ਨੂੰ ਵਾਰ-ਵਾਰ ਯਾਦ ਕਰਦਾ ਹੈ ਅਤੇ ਉਸ ਦੇ ਗੁਣਾਂ ਨੂੰ ਧਾਰਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਮਨੁੱਖ ਦਾ ਸੁਭਾਅ ਉਸ ਦੇ ਇਸ਼ਟ ਵਰਗਾ ਬਣਨਾ ਕੁਦਰਤੀ ਹੈ। ਸ਼ੀਲ, ਸੰਤੋਖ, ਦਯਾ, ਖਿਮਾ ਆਦਿਕ ਗੁਣ ਧਾਰਨ ਕਰਕੇ ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਸੌਖਾ ਹੋ ਜਾਂਦਾ ਹੈ—

ਅਲਪ ਅਹਾਰ, ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥
ਕਾਮ ਕ੍ਰੋਧ ਹੰਕਾਰ ਲੋਭ ਹਠ. ਮੋਹ ਨ ਮਨ ਸਿਉ ਲਯਾਵੈ॥
ਤਬ ਹੀ ਆਤਮ ਤਤ ਕੋ ਦਰਸੈ, ਪਰਮ ਪੁਰਖ ਕਹ ਪਾਵੈ॥

(ਰਾਮਕਲੀ, ਪਾ ੧੦)

ਗੁਣ ਹੋਣ ਤਾਂ ਹੀ ਪ੍ਰੇਮ ਰੰਗ ਚੜ੍ਹਦਾ ਹੈ। ਗੁਣਾਂ ਤੋਂ ਹੀਣ ਨੂੰ ਪ੍ਰਭੂ ਕੋਲ ਥਾਂ ਨਹੀਂ ਮਿਲਦੀ—

ਅਉਗੁਣਵੰਤੀ ਗੁਣੁ ਕੋ ਨਹੀ, ਬਹਣਿ ਨ ਮਿਲੈ ਹਦੂਰਿ॥
ਮਨਮੁਖਿ ਸਬਦੁ ਨ ਜਾਣਈ, ਅਵਗਣਿ ਸੋ ਪ੍ਰਭੁ ਦੂਰਿ॥

(ਸਿਰੀਰਾਗੁ, ਮ: ੩, ਪੰਨਾ ੩੭)

ਪ੍ਰਭੂ ਨਾਲ ਪ੍ਰੇਮ ਲਈ ਮਨ ਨੂੰ ਸਰੀਰ ਦੇ ਮੋਹ ਤੋਂ ਹੋੜਨਾ ਪੈਂਦਾ ਹੈ। ਜਦ ਤੱਕ ਮਨ ਨਾਸ਼ਵੰਤ ਸਰੀਰ ਨਾਲ ਇੱਕ ਰੂਪ ਰਹਿੰਦਾ ਹੈ, ਤਦ ਤੱਕ ਇਸ ਦੀ ਪ੍ਰੀਤਿ ਨਾ ਮਾਇਆ ਨਾਲੋਂ ਟੁੱਟਦੀ ਹੈ ਅਤੇ ਨਾ ਹੀ ਪ੍ਰਭੂ ਨਾਲ ਜੋੜਿਆਂ ਜੁੜ ਸਕਦੀ ਹੈ—

ਜੋੜੀ ਜੁੜੈ ਨ ਤੋੜੀ ਤੂਟੈ, ਜਬ ਲਗੁ ਹੋਇ ਬਿਨਾਸੀ॥
ਕਾਕੋ ਠਾਕੁਰੁ, ਕਾ ਕੋ ਸੇਵਕੁ, ਕੋ ਕਾਹੂ ਕੈ ਜਾਸੀ॥

(ਗਉੜੀ ਪੂਰਬੀ, ਕਬੀਰ ਜੀ, ਪੰਨਾ ੩੩੪)

ਮਨ ਨੂੰ ਪਰਮਾਤਮਾ ਨਾਲ ਜੋੜਨ ਲਈ ਮਾਇਆ ਦਾ ਮੋਹ, ਮਾਇਆ ਦੇ ਚਸਕੇ ਤਿਆਗਣੇ ਜ਼ਰੂਰੀ ਹਨ—

ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ॥
ਜਬ ਲਗੁ ਰਸੁ, ਤਬ ਲਗੁ ਨਹੀ ਨੇਹੁ॥

(ਗਉੜੀ, ਕਬੀਰ ਜੀ, ਪੰਨਾ ੩੨੮)

ਮਾਇਆ ਦੇ ਚਸਕਿਆਂ ਦੇ ਹੁੰਦਿਆਂ ਪਰਮਾਤਮਾ ਨਾਲ ਪ੍ਰੇਮ ਨਹੀਂ ਬਣ ਸਕਦਾ। ਪ੍ਰਭੂ ਨਾਲ ਪ੍ਰੇਮ ਤਿਆਗ ਕੇ ਮਾਇਆ ਨਾਲ ਜੋੜਨਾ ਜ਼ਿੰਦਗੀ ਦੀ ਕਿਸ਼ਤੀ ਨੂੰ ਡੋਬ ਲੈਣਾ ਹੀ ਹੈ। ਮਾਇਆ ਦੀ ਤ੍ਰਿਸ਼ਨਾ ਮੁਕਾਏ ਬਿਨਾਂ ਪ੍ਰਭੂ ਦੇ ਪ੍ਰੇਮ ਦਾ ਸੁਆਦ ਨਹੀਂ ਚੱਖਿਆ ਜਾ ਸਕਦਾ—

ਰੇ ਨਰ, ਨਾਵ ਚਉੜਿ ਕਤ ਬੋੜੀ,
ਹਰਿ ਸਿਉ ਤੋੜਿ, ਬਿਖਿਆ ਸੰਗਿ ਜੋੜੀ॥

(ਗਉੜੀ, ਕਬੀਰ ਜੀ, ਪੰਨਾ ੩੨੮)

ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ, ਭਾਉ ਕਰੇ॥
ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ, ਨਿਤ ਆਸ ਕਰੇ॥

(ਆਸਾ, ਮ: ੪, ਛੰਤ, ਪੰਨਾ ੪੫੧)

ਮਨ ਨੂੰ ਪ੍ਰਭੂ ਦੇ ਪ੍ਰੇਮ ਰੰਗ ਵਿੱਚ ਰੰਗਣ ਲਈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪੰਜ ਚੰਡਾਲਾਂ ਨੂੰ ਹਿਰਦੇ ਘਰ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਹੈ। ਇਹ ਅੰਦਰ ਦੇ ਨਾਮ-ਧਨ ਨੂੰ ਚੁਰਾਉਂਦੇ ਰਹਿੰਦੇ ਹਨ। ਇਹਨਾਂ ਦੇ ਦੂਰ ਹੋ ਜਾਣ ਨਾਲ ਪ੍ਰਭੂ ਅੰਗ-ਸੰਗ ਜਾਪਦਾ ਹੈ—

ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ, ਨਿਵਰੇ ਸਗਲ ਬੈਰਾਈ॥
ਸਦ ਹਜੂਰਿ ਹਾਜਰੁ ਹੈ ਨਾਜਰੁ, ਕਤਹਿ ਨ ਭਇਓ ਦੂਰਾਈ॥

(ਮਾਰੂ, ਮ: ੫, ਪੰਨਾ ੧੦੦੦)

ਜਿਸ ਦਾ ਮਨ ਦਸੀਂ ਪਾਸੀਂ ਦੌੜਦਾ ਹੈ, ਜਿਸ ਦੇ ਮਨ ਵਿੱਚ ਵਿਕਾਰ ਹਨ, ਉਹ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਤੇ ਇੱਕ ਕਦਮ ਵੀ ਅੱਗੇ ਨਹੀਂ ਚੱਲ ਸਕਦਾ—

ਮਨੂਆ ਦਹ ਦਿਸ ਧਾਵਦਾ, ਓਹੁ ਕੈਸੇ ਹਰਿ ਗੁਣ ਗਾਵੈ॥
ਇੰਦ੍ਰੀ ਵਿਆਪਿ ਰਹੀ ਅਧਿਕਾਈ, ਕਾਮੁ ਕ੍ਰੋਧੁ ਨਿਤ ਸੰਤਾਵੈ॥

(ਵਡਹੰਸ, ਮ: ੩, ਪੰਨਾ ੫੬੫)

ਹਉਮੈ, ਪਰਮਾਤਮਾ ਨਾਲ ਪ੍ਰੇਮ ਦੇ ਰਸਤੇ ਤੇ ਸਭ ਤੋਂ ਵੱਡਾ ਰੋੜਾ ਹੈ। ਜਿੱਥੇ ਹਉਮੈ ਹੈ, ਉੱਥੇ ਪ੍ਰੀਤ ਹੋ ਹੀ ਨਹੀਂ ਸਕਦੀ। ਆਪਣੇ ਸਵਾਰਥ ਲਈ ਜੀਉਣ ਦੀ ਥਾਂ ਦੂਜਿਆਂ ਲਈ ਜੀਉਣ ਦੀ ਜਾਚ ਸਿੱਖਣੀ ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ ਦਾ ਪਹਿਲਾ ਕਦਮ ਹੈ। ਗੁਰੂ ਦੇ ਸ਼ਬਦ ਰਾਹੀਂ ਹਉਮੈ ਅਤੇ 'ਮੈਂ', 'ਮੇਰ-ਤੇਰ' ਦੀ ਭਾਵਨਾ ਖਤਮ ਕਰਕੇ ਹੀ ਪ੍ਰਭ-ਪ੍ਰੇਮ ਪੈਦਾ ਹੋ ਸਕਦਾ ਅਤੇ ਕਾਮ, ਕ੍ਰੋਧ, ਹੰਕਾਰ ਆਦਿਕ ਨੂੰ ਦੂਰ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ 'ਸਿਧ ਗੋਸਟਿ' ਵਿੱਚ ਫੁਰਮਾਉਂਦੇ ਹਨ—

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ, ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ, ਗੁਰ ਕੈ ਸਬਦਿ ਸੁ ਸਮਝ ਪਰੀ॥

(ਰਾਮਕਲੀ, ਮ: ੧, ਸਿਧ ਗੋਸਟਿ, ਪੰਨਾ ੯੩੯)

ਮਨ ਨੂੰ ਪ੍ਰਭੂ ਨਾਲ ਜੋੜਨ ਲਈ ਸੋਹਣੇ ਕੱਪੜੇ, ਸੁਆਦਲੇ ਭੋਜਨ, ਚੰਦਨ

ਆਦਿਕ ਸੁਗੰਧੀਆਂ, ਧਨ, ਮਾਣ ਆਦਿਕ ਤੋਂ ਪੈਦਾ ਹੋਣ ਵਾਲੀ ਆਤਮਿਕ-ਮੌਤ ਲਿਆਉਣ ਵਾਲੀ ਹਉਮੈ-ਜ਼ਹਿਰ ਨੂੰ ਤਿਆਗਣਾ ਜ਼ਰੂਰੀ ਹੈ। ਇਹ ਰਸ ਭਟਕਣ ਪੈਦਾ ਕਰਦਾ ਹਨ। ਪ੍ਰਭੂ ਨਾਲ ਜੁੜਨ ਲਈ ਆਤਮਿਕ ਅਡੋਲਤਾ ਜ਼ਰੂਰੀ ਹੈ—

ਲਾਇ ਬਿਰਹੁ ਭਗਵੰਤ ਸੰਗੇ, ਹੋਇ ਮਿਲੁ ਬੈਰਾਗਨਿ ਰਾਮ॥
ਚੰਦਨ ਚੀਰ ਸੁਗੰਧ ਰਸਾ, ਹਉਮੈ ਬਿਖੁ ਤਿਆਗਨਿ ਰਾਮ॥
ਈਤ ਊਤ ਨਹ ਡੋਲੀਐ, ਹਰਿ ਸੇਵਾ ਜਾਗਨਿ ਰਾਮ॥
ਨਾਨਕ ਜਿਨਿ ਪ੍ਰਭੁ ਪਾਇਆ ਆਪਣਾ, ਸਾ ਅਟਲ ਸੁਹਾਗਨਿ ਰਾਮ॥

(ਬਿਲਾਵਲੁ, ਮ: ੫, ਪੰਨਾ ੮੪੮)

ਹਉਮੈ ਤਾਂ ਹੀ ਦੂਰ ਹੁੰਦੀ ਹੈ ਜੇਕਰ ਮਨ ਵਿੱਚ ਪਰਮਾਤਮਾ ਦਾ ਡਰ ਹੋਵੇ। ਡਰ ਤੋਂ ਪ੍ਰੇਮ ਪੈਦਾ ਹੁੰਦਾ ਹੈ ਅਤੇ ਮਨੁੱਖ ਪਰਮਾਤਮਾ ਨੂੰ ਕਰਤਾ ਸਮਝਣ ਲੱਗ ਪੈਂਦਾ ਹੈ। ਉਹ ਆਤਮਿਕ ਅਡੋਲਤਾ ਵਿੱਚ ਟਿਕ ਕੇ ਹਉਮੈ ਦੂਰ ਕਰਕੇ ਪ੍ਰਭੂ ਦੇ ਨਾਮ ਰੰਗ ਵਿੱਚ ਰੰਗਿਆ ਜਾਂਦਾ ਹੈ—

ਨਾਨਕ ਜਿਨ੍ ਮਨਿ ਭਉ, ਤਿਨ੍ਾ ਮਨਿ ਭਾਉ॥

(ਆਸਾ ਕੀ ਵਾਰ, ਮ: ੧, ਪੰਨਾ ੪੬੫)

ਭੈ ਬਿਨੁ ਭਗਤਿ ਨ ਹੋਵਈ, ਨਾਮ ਨ ਲਗੈ ਪਿਆਰੁ॥

(ਵਾਰ ਸੂਹੀ ਕੀ, ਮ: ੩, ੭੮੮)

ਭਉ ਬੈਰਾਗਾ ਸਹਜਿ ਸਮਾਤਾ॥ ਹਉਮੈ ਤਿਆਗੀ ਅਨਹਦਿ ਰਾਤਾ॥
ਅੰਜਨੁ ਸਾਰਿ ਨਿਰੰਜਨੁ ਜਾਣੈ, ਸਰਬ ਨਿਰੰਜਨੁ ਰਾਇਆ॥

(ਮਾਰੂ, ਮ: ੧, ਪੰਨਾ ੧੦੩੯)

ਹਿਰਦੇ ਵਿੱਚ ਪਰਮਾਤਮਾ ਦਾ ਡਰ ਰੱਖਣ ਨਾਲ ਮਨੁੱਖ ਕਾਮ ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ ਆਦਿਕ ਵਿਕਾਰਾਂ ਵੱਲੋਂ ਸੁਚੇਤ ਰਹਿੰਦਾ ਹੈ। ਵਿਕਾਰਾਂ ਦੇ ਅਧੀਨ ਹੋ ਕੇ ਜਿਤਨੇ ਵੀ ਪਾਪ ਕੀਤੇ ਜਾਂਦੇ ਹਨ ਉਹ ਗਲੇ ਵਿੱਚ ਫਾਹੀਆਂ ਬਣ ਜਾਂਦੀਆਂ ਹਨ। ਇਹ ਫਾਹੀਆਂ ਤਦੋਂ ਹੀ ਕੱਟੀਆਂ ਜਾ ਸਕਦੀਆਂ ਹਨ ਜੇਕਰ ਕੋਲ ਗੁਣ ਹੋਣ—

ਨਾਨਕ ਅਉਗੁਣ ਜੇਤੜੇ, ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ, ਸੇ ਭਾਈ ਸੇ ਵੀਰ॥ (ਪੰਨਾ ੫੯੫)

ਪ੍ਰਭੂ ਦੇ ਪ੍ਰੇਮ ਦਾ ਪਾਤਰ, ਛਲ ਕਪਟ ਤੋਂ ਰਹਿਤ ਪਵਿੱਤਰ ਹਿਰਦਾ ਹੀ ਹੋ ਸਕਦਾ ਹੈ। ਪਾਖੰਡ ਨਾਲ ਪ੍ਰਭੂ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ—

ਮਨੁ ਮੈਲਾ ਸਚੁ ਨਿਰਮਲਾ, ਕਿਉ ਕਰਿ ਮਿਲਿਆ ਜਾਇ॥
ਪ੍ਰਭੁ ਮੇਲੇ ਤਾ ਮਿਲਿ ਰਹੈ, ਹਉਮੈ ਸਬਦਿ ਜਲਾਇ॥

(ਸੂਹੀ, ਮ: ੩, ਪੰਨਾ ੭੫੫)

ਅੰਤਰਿ ਕਪਟੁ, ਭਗਉਤੀ ਕਹਾਏ॥
ਪਾਖੰਡਿ ਪਾਰਬ੍ਰਹਮੁ, ਕਦੇ ਨ ਪਾਏ॥

(ਸਿਰੀਰਾਗ ਕੀ ਵਾਰ, ਮ: ੩, ਪੰਨਾ ੮੮)

ਪਰਮਾਤਮਾ ਨਾਲ ਪ੍ਰੇਮ ਤਾਂ ਹੀ ਬਣਦਾ ਹੈ ਜਦੋਂ ਸਿਰਫ ਪਰਮਾਤਮਾ ਨੂੰ ਹੀ ਹਿਰਦੇ ਵਿੱਚ ਵਸਾਇਆ ਜਾਵੇ, ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਆਸਰੇ ਦੀ ਭਾਲ ਨਾ ਕੀਤੀ ਜਾਵੇ। ਜਦੋਂ ਤੱਕ ਮਨ ਵਿੱਚ ਜ਼ਰਾ ਵੀ ਕੋਈ ਹੋਰ ਝਾਕ ਹੈ, ਕਿਸੇ ਹੋਰ ਆਸਰੇ ਦੀ ਭਾਲ ਹੈ, ਬਿਰਹਾ ਵਾਲੀ ਅਵਸਥਾ ਪੈਦਾ ਨਹੀਂ ਹੁੰਦੀ ਅਤੇ ਬਿਰਹਾ ਤੋਂ ਬਿਨਾਂ ਪ੍ਰੇਮ ਨਹੀਂ ਹੋ ਸਕਦਾ—

ਦੁਬਿਧਾ ਵਿਚਿ ਬੈਰਾਗੁ ਨ ਹੋਵੀ, ਜਬ ਲਗੁ ਦੂਜੀ ਰਾਈ॥

(ਸੋਰਠਿ, ਮ: ੧, ਪੰਨਾ ੬੩੪)

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—ਜਿਸ ਮਨੁੱਖ ਨੂੰ ਪ੍ਰਭੂ ਦੇ ਦਰਸ਼ਨ ਦੀ ਤਾਂਘ ਹੁੰਦੀ ਹੈ ਉਹ ਪਲਮਾਤਮਾ ਤੋਂ ਬਿਨਾਂ ਹੋਰ ਆਸਰੇ ਦੀ ਭਾਲ ਛੱਡ ਕੇ ਇੱਕ ਪਰਮਾਤਮਾ ਦੇ ਨਾਮ ਵਿੱਚ ਹੀ ਮਸਤ ਰਹਿੰਦਾ ਹੈ। ਉਹ ਪ੍ਰਭੂ ਨੂੰ ਵਾਰ-ਵਾਰ ਯਾਦ ਕਰ ਕੇ ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਪੀਂਦਾ ਹੈ—

ਦਰਸਨ ਕੀ ਪਿਆਸ ਜਿਸੁ ਨਰ ਹੋਇ॥
ਏਕਤੁ ਰਾਚੈ ਪਰਹਰਿ ਦੋਇ॥
ਦੂਰਿ ਦਰਦੁ ਮਥਿ ਅੰਮ੍ਰਿਤ ਖਾਇ॥
ਗੁਰਮੁਖਿ ਬੂਝੈ ਏਕ ਸਮਾਇ॥ (ਬਸੰਤੁ, ਮ: ੧, ਪੰਨਾ ੧੧੮੮)

ਪਰਮਾਤਮਾ ਤੋਂ ਬਿਨਾਂ ਹੋਰ ਦੀ ਪ੍ਰੀਤਿ ਤਿਆਗ ਦੇਣੀ ਚਾਹੀਦੀ ਹੈ—

ਹਰਿ ਕੋ ਨਾਮੁ ਜਪੀਐ ਨੀਤਿ॥
ਸਾਸਿ ਸਾਸਿ ਧਿਆਇ ਸੋ ਪ੍ਰਭੁ, ਤਿਆਗਿ ਅਵਰ ਪਰੀਤਿ॥

(ਆਸਾ, ਮ: ੫, ਪੰਨਾ ੪੦੫)

ਜਦੋਂ ਤੱਕ ਪਰਮਾਤਮਾ ਨਾਲ ਪਿਆਰ ਨਹੀਂ ਹੁੰਦਾ, ਹੋਰ ਪਿਆਰ ਸਭ ਮਾਇਆ ਦਾ ਪਿਆਰ ਹੈ—

ਹੋਰੁ ਬਿਰਹਾ ਸਭ ਧਾਤੁ ਹੈ, ਜਬ ਲਗੁ ਸਾਹਿਬ ਪ੍ਰੀਤਿ ਨ ਹੋਇ॥

(ਸਿਰੀਰਾਗ ਕੀ ਵਾਟ, ਮ: ੩, ਪੰਨਾ ੮੩)

ਇਸ ਮਾਰਗ ਤੇ ਕਦਮ ਰੱਖਣ ਵੇਲੇ ਚਤੁਰਾਈ ਅਤੇ ਅਕਲ ਦਾ ਮਾਣ ਛੱਡਣਾ ਪੈਂਦਾ ਹੈ—

ਇਹੁ ਮਨੁ ਸੁੰਦਰਿ ਆਪਣਾ, ਹਰਿ ਨਾਮਿ ਮਜੀਠੈ ਰੰਗਿ ਰੀ॥
ਤਿਆਗਿ ਸਿਆਣਪ ਚਾਤੁਰੀ, ਤੂੰ ਜਾਣੁ ਗੁਪਾਲਹਿ ਸੰਗਿ ਰੀ॥

(ਆਸਾ, ਮ: ੫, ਪੰਨਾ ੪੦੦)

ਪ੍ਰਭੂ-ਪ੍ਰੇਮ ਦੁਨੀਆਵੀ ਧਨ, ਦੌਲਤ, ਪਦਾਰਥਾਂ ਦੇ ਵੱਟੇ ਨਹੀਂ ਮਿਲਦਾ। ਇਸ ਲਈ ਆਪਣਾ ਮਨ ਪਰਮਾਤਮਾ ਦੇ ਹਵਾਲੇ ਕਰਨਾ ਪੈਂਦਾ ਹੈ—

ਪ੍ਰਭ ਸੰਗਿ ਮਿਲੀਜੈ, ਇਹੁ ਮਨੁ ਦੀਜੈ। (ਆਸਾ, ਮ: ੫ ਪੰਨਾ ੪੦੭)

ਪ੍ਰਭੂ ਮਨ ਲੈ ਕੇ ਪ੍ਰੇਮ ਦਾ ਰੰਗ ਲਾ ਦੇਂਦਾ ਹੈ। ਜਿਵੇਂ ਪਾਹ ਦੇ ਕੇ ਕੱਪੜੇ ਮਜੀਠ-ਰੰਗ ਵਿੱਚ ਰੰਗੇ ਜਾਂਦੇ ਹਨ, ਤਿਵੇਂ ਆਪਾ ਤਿਆਗ ਕੇ ਪ੍ਰੇਮ ਰੰਗ ਮਿਲਦਾ ਹੈ। ਇਸ ਤਰ੍ਹਾਂ ਦਾ ਰੰਗ ਲਹਿੰਦਾ ਨਹੀਂ ਤੇ ਨਾ ਹੀ ਉਸ ਉੱਤੇ ਕੋਈ ਹੋਰ ਰੰਗ ਚੜ੍ਹ ਸਕਦਾ ਹੈ। ਪ੍ਰਭੂ ਦੇ ਪ੍ਰੇਮ ਦਾ ਰੰਗ ਚੜ੍ਹ ਜਾਏ ਤਾਂ ਕੋਈ ਹੋਰ ਚੀਜ਼ ਪਿਆਰੀ ਨਹੀਂ ਲੱਗਦੀ, ਕਿਸੇ ਹੋਰ ਕਰਮ ਧਰਮ ਦੀ ਮੁਥਾਜੀ ਨਹੀਂ ਰਹਿੰਦੀ—

ਸਜਣੁ ਮੈਡਾ ਰੰਗੁਲਾ, ਰੰਗੁ ਲਾਏ ਮਨੁ ਲੇਇ॥
ਜਿਉ ਮਾਜੀਠੈ ਕਪੜੇ, ਰੰਗੇ ਭੀ ਪਾਹੇਹਿ॥
ਨਾਨਕ ਰੰਗੁ ਨ ਉਤਰੈ, ਬਿਆ ਨ ਲਗੈ ਕੇਹ॥ (ਮ: ੩, ਪੰਨਾ ੬੪੪)

ਰੰਗੇ ਕਾ ਕਿਆ ਰੰਗੀਐ, ਜੋ ਰਤੇ ਰੰਗੁ ਲਾਇ ਜੀਉ॥
ਰੰਗਣ ਵਾਲਾ ਸੇਵੀਐ, ਸਚੇ ਸਿਉ ਚਿਤੁ ਲਾਇ ਜੀਉ॥

(ਸੂਹੀ, ਮ: ੧, ਪੰਨਾ ੭੫੧)

ਜਿਹੜਾ ਆਪਾ-ਭਾਵ ਤਿਆਗਦਾ ਹੈ ਉਹ ਮਾਣ ਅਤੇ ਅਹੰਕਾਰ ਛੱਡ ਕੇ ਪ੍ਰਭੂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਜੋ ਕੁਝ ਪ੍ਰਭੂ ਕਰ ਰਿਹਾ ਹੈ ਉਸ ਨੂੰ ਭਲਾ ਕਰ ਕੇ ਮੰਨਦਾ ਹੈ। ਇਹ ਜਿੰਦ ਤੇ ਸਰੀਰ ਸਭ ਪਰਮਾਤਮਾ ਦੇ ਭੇਟ ਕਰ ਦਿੰਦਾ ਹੈ। ਉਸ ਦੇ ਮਨ ਵਿੱਚ 'ਮੇਰ-ਤੇਰ' ਦਾ ਵਿਤਕਰਾ ਨਹੀਂ ਰਹਿੰਦਾ। ਉਹ ਨਿਮਰਤਾ ਵਾਲਾ ਸੁਭਾਅ ਧਾਰਨ ਕਰ ਲੈਂਦਾ ਹੈ। ਮਨ ਦੀ ਮਤਿ ਨੂੰ ਛੱਡ ਕੇ ਗੁਰਮਤਿ ਤੇ ਚਲਦਾ ਹੈ। ਗੁਰ-ਵਾਕ ਹਨ—

ਮਾਨੁ ਨਾ ਕੀਜੈ, ਸਰਣਿ ਪਰੀਜੈ, ਕਰੈ ਸੁ ਭਲਾ ਮਨਾਈਐ॥
ਸੁਣਿ ਮੀਤਾ, ਜੀਉ ਪਿੰਡੁ ਸਭੁ ਤਨੁ ਅਰਪੀਜੈ,
ਇਉ ਦਰਸਨੁ ਹਰਿ ਜੀਉ ਪਾਈਐ॥ (ਸੋਰਠਿ, ਮ: ੫, ਪੰਨਾ ੬੧੨)

ਮੇਰਾ ਤੇਰਾ ਛੋਡੀਐ ਭਾਈ, ਹੋਈਐ ਸਭ ਕੀ ਧੂਰਿ॥
ਘਟਿ ਘਟਿ ਬ੍ਰਹਮੁ ਪਸਾਰਿਆ ਭਾਈ, ਪੇਖੈ ਸੁਣੈ ਹਜੂਰਿ॥

(ਮ: ੫, ਪੰਨਾ ੬੪੦)

ਮਨੁ ਤਨੁ ਆਗੈ ਰਾਖਿ ਕੈ, ਊਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ, ਸਭੁ ਰਾਜੁ ਸ੍ਰਿਸਟਿ ਕਾ ਲੇਇ॥

(ਸਲੋਕ, ਮ: ੩, ਪੰਨਾ ੬੪੭)

ਆਪਨੜਾ ਮਨੁ ਵੇਚੀਐ, ਸਿਰੁ ਦੀਜੈ ਨਾਲੇ॥

ਗੁਰਮੁਖਿ ਵਸਤੁ ਪਛਾਣੀਐ, ਅਪਨਾ ਘਰੁ ਭਾਲੇ॥

(ਆਸਾ, ਮ: ੧, ਪੰਨਾ ੪੨੦)

ਆਪਾ-ਭਾਵ ਤਿਆਗਣ ਦੇ ਨਾਲ ਹੀ ਆਤਮਿਕ ਜੀਵਨ ਦੀ ਪੜਤਾਲ ਵੀ ਜ਼ਰੂਰੀ ਹੈ ਤਾਂ ਹੀ ਰੱਬੀ ਗੁਣਾਂ ਨਾਲ ਸਾਂਝ ਬਣਦੀ ਹੈ ਤੇ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਅੰਦਰੋਂ ਮਾਇਆ ਦਾ ਮੋਹ ਦੂਰ ਕੀਤਾ ਜਾ ਸਕਦਾ ਹੈ—

ਆਪੁ ਪਛਾਣੈ ਸੋ ਸਭਿ ਗੁਣ ਜਾਣੈ॥

ਗੁਰ ਕੈ ਸਬਦਿ ਹਰਿ ਨਾਮੁ ਵਖਾਣੈ॥ (ਮਾਰੂ, ਮ: ੩, ਪੰਨਾ ੧੦੫੬)

ਪਰ ਇਹ ਸਮਝ ਗੁਰੂ ਦੇ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਜਿਹੜਾ ਮਨੁੱਖ ਸਾਧ-ਸੰਗਤ ਦੇ ਰਾਹੀਂ ਗੁਰ-ਸ਼ਬਦ ਨਾਲ ਜੁੜਦਾ ਹੈ, ਨਿੱਤ ਨਾਮ ਜਪਦਾ ਹੋਇਆ ਗੁਰ-ਸ਼ਬਦ ਅਨੁਸਾਰ ਆਪਣਾ ਜੀਵਨ ਢਾਲਦਾ ਹੈ ਉਹ ਸ਼ੁਭ ਗੁਣਾਂ ਨੂੰ ਧਾਰਨ ਕਰ ਕੇ ਪ੍ਰਭੂ ਦੇ ਪ੍ਰੇਮ-ਪ੍ਰਾਪਤੀ ਦੇ ਮਾਰਗ ਤੇ ਚੱਲ ਪੈਂਦਾ ਹੈ—

ਗੁਣਵੰਤੀ ਸਚੁ ਪਾਇਆ, ਤ੍ਰਿਸਨਾ ਤਜਿ ਵਿਕਾਰ॥

ਗੁਰ ਸਬਦੀ ਮਨੁ ਰੰਗਿਆ, ਰਸਨਾ ਪ੍ਰੇਮ ਪਿਆਰਿ॥

ਬਿਨੁ ਸਤਿਗੁਰ ਕਿਨੈ ਨ ਪਾਇਓ, ਕਰਿ ਵੇਖਹੁ ਮਨਿ ਵੀਚਾਰਿ॥

ਮਨਮੁਖਿ ਮੈਲੁ ਨ ਉਤਰੈ, ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥

(ਸਿਰੀਰਾਗੁ, ਮ: ੩, ਪੰਨਾ ੩੬)

ਜਿਹੜਾ ਗੁਰੂ ਦੇ ਸ਼ਬਦ ਵਿੱਚ ਜੁੜਿਆ ਰਹਿੰਦਾ ਹੈ, ਉਸ ਦੀ ਪਰਮਾਤਮਾ ਨਾਲ ਐਸੀ ਪ੍ਰੀਤਿ ਬਣ ਜਾਂਦੀ ਹੈ ਜਿਹੜੀ ਕਦੇ ਕਮਜ਼ੋਰ ਨਹੀਂ ਹੁੰਦੀ। ਉੱਥੇ ਕੋਈ ਵਿਕਾਰ ਆਪਣੀ ਥਾਂ ਨਹੀਂ ਬਣਾ ਸਕਦਾ—

ਸਚੈ ਸਬਦਿ ਸਤਿਗੁਰੁ ਸੇਵੈ॥

ਜਰਾ ਜਮੁ ਤਿਸੁ ਜੋਹਿ ਨ ਸਾਕੈ, ਸਾਚੇ ਸਿਉ ਬਣਿ ਆਈ ਹੇ॥

(ਮਾਰੂ ਸੋਲਹੇ, ਮ: ੩, ਪੰਨਾ ੧੦੪੪)

ਗੁਰੂ ਨੇ ਜਿਸ ਮਨੁੱਖ ਦੇ ਪੈਰਾਂ ਤੋਂ ਮੋਹ ਦੀਆਂ ਬੇੜੀਆਂ ਕੱਟ ਦਿੱਤੀਆਂ, ਉਸ ਦੇ ਮਨ ਵਿੱਚ ਆਤਮਿਕ ਜੀਵਨ ਦੀ ਸੂਝ ਪੈਦਾ ਹੋ ਗਈ। ਉਸ ਦਾ ਭਰਮ ਦੂਰ ਹੋ ਜਾਂਦਾ ਹੈ ਅਤੇ ਤ੍ਰਿਸ਼ਨਾ ਦੇ ਅੱਗ ਦੇ ਭਾਂਬੜ ਬੁੱਝ ਜਾਂਦੇ ਹਨ—

ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸੁ॥

ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ॥ ੧ ॥

ਆਵਣ ਜਾਣੁ ਰਹਿਓ॥

ਤਪਤ ਕੜਾਹਾ ਬੁਝਿ ਗਇਆ, ਗੁਰਿ ਸੀਤਲ ਨਾਮੁ ਦੀਓ॥

(ਮਾਰੂ, ਮ: ੫, ਪੰਨਾ ੧੦੦੨)

ਜਿਹੜਾ ਮਨੁੱਖ ਗੁਰੂ-ਸ਼ਬਦ ਦੇ ਰਾਹੀਂ ਆਤਮਿਕ ਜੀਵਨ ਨੂੰ ਸਮਝ ਲੈਂਦਾ ਹੈ, ਉਹ ਜੀਵਨ ਅਤੇ ਮੌਤ ਨੂੰ ਪਰਮਾਤਮਾ ਦੀ ਰਜ਼ਾ ਵਿੱਚ ਵਰਤਦਾ ਵੇਖਦਾ ਹੈ। ਉਸਦੇ ਹਿਰਦੇ ਵਿੱਚ ਨ ਜੀਵਨ ਦੀ ਲਾਲਸਾ ਹੁੰਦੀ ਹੈ ਨਾ ਮੌਤ ਦਾ ਡਰ। ਉਹ ਪਰਮਾਤਮਾ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ—

ਗੁਰਮੁਖਿ ਹੋਵੈ ਸੁ ਸੁਖੁ ਕਮਾਏ॥ ਮਰਣ ਜੀਵਣ ਕੀ ਸੋਝੀ ਪਾਏ॥

ਮਰਣੁ ਜੀਵਣੁ ਜੋ ਸਮ ਕਰਿ ਜਾਣੈ, ਸੋ ਮੇਰੇ ਪ੍ਰਭ ਭਾਇਦਾ॥

(ਮਾਰੂ ਸੋਲਹੇ, ਮ: ੩, ਪੰਨਾ ੧੦੫੯)

ਜਿਸ ਦੇ ਮਨ ਵਿੱਚ ਪ੍ਰਭੂ ਆਪਣਾ ਪਿਆਰ ਵਸਾਉਂਦਾ ਹੈ ਉਸ ਦੇ ਅੰਦਰ ਆਤਮਿਕ ਚਾਨਣ ਦੇਣ ਵਾਲੀ ਨਿਗਾਹ ਜਾਗ ਪੈਂਦੀ ਹੈ, ਭਟਕਣ ਦੂਰ ਹੋ ਜਾਂਦੀ ਹੈ। ਉਹ ਉੱਚਾ ਆਤਮਿਕ ਜੀਵਨ ਪ੍ਰਾਪਤ ਕਰ ਲੈਂਦਾ ਹੈ। ਆਤਮਿਕ ਸੂਝ ਨਾਲ ਮਨ ਨੂੰ ਵੱਸ ਵਿੱਚ ਕਰ ਲੈਂਦਾ ਹੈ, ਪ੍ਰਭੂ ਦਾ ਪਿਆਰ ਮਾਨੋ ਕਾਇਆ ਘੋੜੀ ਲਈ ਚਾਬੁਕ ਦਾ ਕੰਮ ਕਰਦਾ ਹੈ—

ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ॥

ਗੁਰ ਪਰਸਾਦਿ ਪਰਮ ਪਦੁ ਪਾਏ। (ਮਾਰੂ, ਮ: ੩, ਪੰਨਾ ੧੦੧੬)

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥

ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ॥

ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ॥

ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ॥

(ਵਡਹੰਸੁ, ਮ: ੪, ਪੰਨਾ ੫੭੫)

ਉਹ ਪ੍ਰਭੂ ਪ੍ਰੇਮ ਨੂੰ ਪ੍ਰਾਪਤ ਕਰ ਕੇ ਆਤਮਿਕ ਜੀਵਨ ਦੇਣ ਵਾਲਾ ਹਰਿ-ਨਾਮ ਰਸ ਪੀਂਦਾ ਰਹਿੰਦਾ ਹੈ ਤੇ ਜਤ, ਧੀਰਜ ਆਦਿਕ ਦੀ ਕੁਠਾਲੀ ਵਿੱਚ ਮਨ ਨੂੰ ਸੁਚੱਜਾ ਬਣਾ ਲੈਂਦਾ ਹੈ, ਨਵੇਂ ਸਿਰੇ ਤੋਂ ਘੜ ਲੈਂਦਾ ਹੈ, ਫਿਰ ਉਸ ਨੂੰ ਦੁਨੀਆਂ ਦੇ ਪਦਾਰਥ ਪੋਹ ਨਹੀਂ ਸਕਦੇ। ਉਹ ਸੂਰਮਾ ਬਣ ਜਾਂਦਾ ਹੈ—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ॥

ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ॥

(ਧਨਾਸਰੀ, ਮ: ੫, ਪੰਨਾ ੬੭੯)

ਮਾਇਆ ਦੇ ਮੋਹ ਤੋਂ ਆਜ਼ਾਦ ਹੋ ਕੇ ਸਦਾ ਪ੍ਰਭੂ ਦੇ ਨਾਮ ਸਿਮਰਨ ਦੇ ਸੰਜਮ ਵਿੱਚ ਟਿਕਿਆ ਰਹਿੰਦਾ ਹੈ, ਗੁਰੂ ਦੇ ਸ਼ਬਦ ਵਿੱਚ ਜੁੜ ਕੇ ਸਦਾ ਪਰਮਾਤਮਾ ਦਾ ਨਾਮ ਜਪਦਾ ਹੈ ਇਹੀ ਭਗਤੀ ਹੈ ਜਿਹੜੀ ਪ੍ਰਭੂ ਨੂੰ ਪਸੰਦ ਆਉਂਦੀ ਹੈ—

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥
ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥
ਗੁਰ ਕੈ ਸਬਦਿ ਸਦਾ ਹਰਿ ਧਿਆਏ,
ਏਹਾ ਭਗਤਿ ਹਰਿ ਭਾਵਣਿਆ॥ (ਮਾਝ, ਮ: ੩, ਪੰਨਾ ੧੨੨)

ਪ੍ਰਭੂ ਪ੍ਰੇਮ ਵਿੱਚ ਜੁੜੇ ਹੋਏ ਐਸੇ ਮਨੁੱਖ ਨੂੰ ਦੁਨੀਆਂ ਦੇ ਰਸ ਗਲਤ ਜੀਵਨ ਰਾਹ ਤੇ ਨਹੀਂ ਲੈ ਜਾਂਦੇ, ਉਹ ਸਿਰਫ ਉਹੀ ਕੰਮ ਕਰਦਾ ਹੈ ਜਿਹੜੇ ਉਸ ਨੂੰ ਪ੍ਰਭੂ ਨਾਲ ਜੋੜੀ ਰੱਖਦੇ ਹਨ। ਉਸ ਨੂੰ ਖੋਟੀ ਮਤਿ ਵਾਲਾ ਸਾਰਾ ਜੀਵਨ ਰਵਈਆ ਭੁੱਲ ਜਾਂਦਾ ਹੈ ਕਿਉਂਕਿ ਉਸ ਦੇ ਮਨ ਅਤੇ ਤਨ ਵਿੱਚ ਪਰਮਾਤਮਾ ਦਾ ਨਾਮ-ਮੰਤ੍ਰ ਵਸਦਾ ਰਹਿੰਦਾ ਹੈ ਜੋ ਦੁਰਮਤਿ ਨੂੰ ਨੇੜੇ ਨਹੀਂ ਢੁੱਕਣ ਦਿੰਦਾ। ਪਰਮਾਤਮਾ ਨੂੰ ਸਦਾ ਯਾਦ ਰੱਖਣ ਵਾਲੇ ਦਾ ਮਨ ਸਦਾ ਨਿਰਮਲ ਅਤੇ ਸ਼ਾਂਤ ਰਹਿੰਦਾ ਹੈ, ਉਹ ਸੰਤੋਖੀ ਹੋ ਜਾਂਦਾ ਹੈ—

ਕਾਮੁ ਕ੍ਰੋਧੁ ਨ ਲੋਭੁ ਬਿਆਪੈ, ਜੋ ਜਨ ਪ੍ਰਭ ਸਿਉ ਰਾਤਿਆ॥
ਏਕੁ ਜਾਨਹਿ ਏਕੁ ਮਾਨਹਿ, ਰਾਮ ਕੈ ਰੰਗਿ ਮਾਤਿਆ॥
(ਬਿਹਾਗੜਾ, ਮ: ੫, ਪੰਨਾ ੫੪੩)

ਚਰਨ ਕਮਲ ਸੰਗਿ ਲਾਗੀ ਪ੍ਰੀਤਿ॥
ਬਿਸਰਿ ਗਈ ਸਭ ਦੁਰਮਤਿ ਰੀਤਿ॥
ਮਨ ਤਨ ਅੰਤਰਿ ਹਰਿ ਹਰਿ ਮੰਤ॥
ਨਾਨਕ ਭਗਤਨ ਕੈ ਘਰਿ ਸਦਾ ਅਨੰਦ॥
(ਬਿਲਾਂਵਲੁ, ਮ ੫, ਪੰਨਾ ੮੦੨)

ਐਸੇ ਮਨੁੱਖ ਦੇ ਮਨ ਵਿਚੋਂ ਆਤਮਿਕ ਮੌਤ ਦਾ ਸਹਿਮ ਦੂਰ ਹੋ ਜਾਂਦਾ ਹੈ, ਪਰਮਾਤਮਾ ਦੀ ਰਜ਼ਾ ਨੂੰ ਮਿੱਠੀ ਕਰ ਕੇ ਮੰਨਣ ਲੱਗ ਪੈਂਦਾ ਹੈ—

ਗੁਰ ਪਰਸਾਦੀ ਏਕ ਲਿਵ ਲਾਗੀ, ਦੁਬਧਿਧਾ ਤਦੇ ਬਿਨਾਸੀ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ, ਕਾਟੀ ਜਮ ਕੀ ਫਾਸੀ॥
(ਮਾਰੂ, ਮ: ੩, ਪੰਨਾ ੯੯੩)

ਤ੍ਰਾਸ ਮਿਟੈ ਜਮ ਪੰਥ ਕੀ, ਜਾਸੁ ਬਸੈ ਮਨਿ ਨਾਉ॥
ਗਤਿ ਪਾਵਹਿ ਮਤਿ ਹੋਇ ਪ੍ਰਗਾਸ, ਮਹਲੀ ਪਾਵਹਿ ਠਾਉ॥
(ਗਉੜੀ, ਬਾਵਨ ਆਖਰੀ ਮ: ੫, ੨੫੬-੨੫੭)

ਪ੍ਰਭੂ ਨਾਲ ਪ੍ਰੇਮ ਕਰਨ ਵਾਲਾ ਪ੍ਰਭੂ ਦਾ ਭਗਤ ਸਾਰਾ ਜੀਵਨ ਨਾਮ ਰਤਨ ਦਾ ਵਪਾਰ ਕਰਦਾ ਰਹਿੰਦਾ ਹੈ, ਜਿੰਨਾ ਚਿਰ ਜਗਤ ਵਿੱਚ ਰਹਿੰਦਾ ਹੈ ਆਪਣੇ ਪ੍ਰਭੂ ਦੀ ਸੇਵਾ ਭਗਤੀ ਕਰਦਾ ਰਹਿੰਦਾ ਹੈ। ਅੰਤ ਵੇਲੇ ਵੀ ਪਰਮਾਤਮਾ ਨੂੰ ਆਪਣੇ ਹਿਰਦੇ ਵਿੱਚ ਵਸਾਈ ਰੱਖਦਾ ਹੈ। ਉਸ ਦੀ ਪਰਮਾਤਮਾ ਨਾਲ ਪ੍ਰੀਤਿ ਅੰਤ

ਤੱਕ ਬਣੀ ਰਹਿੰਦੀ ਹੈ। ਪਰਮਾਤਮਾ ਆਪਣੇ ਭਗਤ ਦੀ ਨਾਮ ਸਿਮਰਨ ਦੀ ਮਿਹਨਤ ਕਬੂਲ ਕਰ ਲੈਂਦਾ ਹੈ। ਸੇਵਕ ਨੂੰ ਪ੍ਰਭੂ ਜਿਹੋ ਜਿਹਾ ਹੁਕਮ ਦਿੰਦਾ ਹੈ ਉਹ ਉਸ ਤੋਂ ਮੂੰਹ ਨਹੀਂ ਮੋੜਦਾ। ਪ੍ਰਭੂ ਦੀ ਰਜ਼ਾ ਵਿੱਚ ਆ ਗਈ ਭੁੱਖ-ਨੰਗ ਵਿੱਚ ਵੀ ਪਰਮਾਤਮਾ ਨਾਲ ਪ੍ਰੇਮ ਕਰਨ ਵਾਲਾ ਸੁੱਖ ਮਾਣਦਾ ਹੈ ਪਰ ਇਹ ਮਾਰਗ ਬੜਾ ਕਠਿਨ ਹੈ। ਕੋਈ ਵਿਰਲਾ ਹੀ ਇਸ ਰਸਤੇ ਤੇ ਤੁਰ ਸਕਦਾ ਹੈ। ਗੁਰ-ਵਾਕ ਹਨ—

ਮਾਨ ਮੋਹ ਅਰੁ ਲੋਭ ਵਿਕਾਰਾ, ਬੀਓ ਚੀਤਿ ਨ ਘਾਲਿਓ॥
ਨਾਮ ਰਤਨੁ ਗੁਣਾ ਹਰਿ ਬਣਜੇ, ਲਾਦਿ ਵਖਰੁ ਲੈ ਚਾਲਿਓ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ,
ਚਲਤੇ ਰਾਖਿਓ ਚੀਤਿ॥੧॥ ਰਹਾਓ॥
ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ,
ਉਠਿ ਓਆਹੂ ਕਉ ਦਉਰਿਓ॥੨॥
ਆਗਿਆ ਮਹਿ ਭੂਖ, ਸੋਈ ਕਰਿ ਸੂਖਾ, ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ, ਸੋ ਮਾਥੈ ਲੈ ਮਾਨਿਓ॥੩॥

(ਮਾਰੂ, ਮ: ੫, ਪੰਨਾ ੧੦੦੦)

ਪਰਮਾਤਮਾ ਨੂੰ ਪ੍ਰੇਮ ਕਰਨ ਵਾਲਾ ਪਰਮਾਤਮਾ ਦੀ ਯਾਦ ਬਿਨਾਂ ਨਹੀਂ ਰਹਿ ਸਕਦਾ। ਜਿਵੇਂ ਪਾਣੀ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ, ਤਿਵੇਂ ਹੀ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਉਹ ਆਤਮਿਕ ਮੌਤ ਆ ਗਈ ਸਮਝਦਾ ਹੈ—

ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ,
ਹਰਿ ਬਿਨੁ ਰਹਣੁ ਨ ਜਾਈ॥
ਜਿਉ ਮਛੁਲੀ ਬਿਨੁ ਨੀਰੈ ਬਿਨਸੈ,
ਤਿਉ ਨਾਮੈ ਬਿਨੁ ਮਰਿ ਜਾਈ॥ (ਸੋਰਠਿ, ਮ: ੪, ਪੰਨਾ ੬੦੭)

ਮੇਰੈ ਮਨਿ ਐਸੀ ਭਗਤਿ ਬਨਿ ਆਈ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ,
ਜੈਸੇ ਜਲ ਬਿਨੁ ਮੀਨੁ ਮਰਿ ਜਾਈ॥ (ਆਸਾ, ਮ: ੪, ਪੰਨਾ ੩੬੯)

ਸਿਰੀਰਾਗੁ ਵਿਚ ਉਚਾਰੇ ਸ਼ਬਦ "ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ.....।" ਵਿੱਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ— ਪ੍ਰਭੂ ਨਾਲ ਇਹੋ ਜਿਹਾ ਪਿਆਰ ਕਰ ਜਿਹੋ ਜਿਹਾ ਪਾਣੀ ਦਾ ਕੌਲ ਫੁੱਲ ਨਾਲ, ਮੱਛੀ ਦਾ ਪਾਣੀ ਨਾਲ, ਪਪੀਹੇ ਦਾ ਸ੍ਵਾਂਤੀ ਨਛੱਤਰ ਦੀ ਬੂੰਦ ਨਾਲ, ਚਕਵੀ ਦਾ ਸੂਰਜ ਨਾਲ ਅਤੇ ਪਾਣੀ ਦਾ ਦੁੱਧ ਨਾਲ ਹੈ। *(ਪੰਨਾ ੫੯)*

ਪਾਣੀ ਦੁੱਧ ਨਾਲ ਮਿਲ ਕੇ ਦੁੱਧ ਦਾ ਰੂਪ ਹੋ ਜਾਂਦਾ ਹੈ। ਜਦੋਂ ਉਸ ਪਾਣੀ ਰਲੇ ਦੁੱਧ ਨੂੰ ਅੱਗ ਤੇ ਰੱਖਿਆ ਜਾਂਦਾ ਹੈ ਤਾਂ ਪਹਿਲਾਂ ਪਾਣੀ ਹੀ ਆਪਣੇ ਆਪ ਨੂੰ ਸਾੜਦਾ ਹੈ। ਪਾਣੀ ਦੁੱਧ ਕੋਲ ਜਾ ਕੇ ਆਪਣਾ ਆਪਾ ਤਿਆਗ ਦਿੰਦਾ ਹੈ। ਪਾਣੀ ਰਲੇ ਦੁੱਧ ਨੂੰ ਦੁੱਧ ਹੀ ਕਿਹਾ ਜਾਂਦਾ ਹੈ, ਪਾਣੀ ਨਹੀਂ। ਉਸ ਦਾ ਰੂਪ ਦੁੱਧ ਵਰਗਾ ਹੀ ਹੋ ਜਾਂਦਾ ਹੈ। ਜਦੋਂ ਪਾਣੀ ਦੁੱਧ ਵਿੱਚ ਰਲ ਜਾਂਦਾ ਹੈ ਉਸ ਦੀ ਆਪਣੀ ਕੋਈ ਵੱਖਰੀ ਹਸਤੀ ਨਹੀਂ ਰਹਿ ਜਾਂਦੀ। ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਦੁੱਧ ਵਿੱਚ ਲੀਨ ਕਰ ਲੈਂਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਪਰਮਾਤਮਾ ਨਾਲ ਪ੍ਰੇਮ ਕਰਕੇ ਇਹ ਸਮਝਣਾ ਚਾਹੀਦਾ ਹੈ ਕਿ ਪ੍ਰਭੂ ਤੋਂ ਵੱਖਰੀ ਉਸ ਦੀ ਕੋਈ ਪਹਿਚਾਣ ਨਹੀਂ ਹੈ। ਉਸ ਦਾ ਕੁਝ ਵੀ ਆਪਣਾ ਨਹੀਂ, ਮਨ, ਤਨ ਸਭ ਪ੍ਰਭੂ ਦਾ ਹੀ ਹੈ। ਇਹ ਕੁਦਰਤੀ ਨਿਯਮ ਹੈ ਕਿ ਜਿਹੜਾ ਜਿਸ ਦੇ ਪ੍ਰੇਮ ਵਿੱਚ ਰੰਗਿਆ ਜਾਂਦਾ ਹੈ ਉਹ ਉਸੇ ਵਰਗਾ ਹੋ ਜਾਂਦਾ ਹੈ। ਪ੍ਰਭੂ ਪ੍ਰੇਮ ਵਿੱਚ ਰੰਗਿਆ ਹੋਇਆ ਦੁੱਧ ਅਤੇ ਪਾਣੀ ਵਰਗੀ ਪ੍ਰੀਤਿ ਕਰਨ ਵਾਲਾ ਮਨੁੱਖ ਪ੍ਰਭੂ ਵਿੱਚ ਲੀਨ ਹੋ ਕੇ ਪ੍ਰਭੂ ਜਿਹਾ ਹੋ ਜਾਂਦਾ ਹੈ—

ਜਿਸੁ ਸਿਉ ਰਾਤਾ, ਤੈਸੋ ਹੋਵੈ, ਸਚੇ ਸਚਿ ਸਮਾਇਆ॥

(ਸਿਰੀਰਾਗੁ, ਮ: ੩, ਪੰਨਾ ੬੫)

ਦੁਨੀਆਂ ਦੀਆਂ ਪ੍ਰੀਤਾਂ ਵਿੱਚੋਂ ਸਭ ਤੋਂ ਵੱਡੀ ਪ੍ਰੀਤ ਪਰਮਾਤਮਾ ਦੀ ਪ੍ਰੀਤ ਹੈ। ਪ੍ਰਭੂ ਪ੍ਰੇਮ ਰਾਹੀਂ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਹੋਰ ਕੋਈ ਉੱਦਮ ਉਸ ਦੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦਾ। ਗੁਰ-ਵਾਕ ਹੈ—

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ॥
ਜਪਿ ਮਨ ਗੋਬਿੰਦ ਏਕੈ, ਅਵਰੁ ਨਹੀ ਕੋ ਲੇਖੈ,
ਸੰਤ ਲਾਗੁ, ਮਨਹਿ ਛਾਡੁ ਦੁਬਿਧਾ ਕੀ ਕੁਰੀਆ॥

(ਸੂਹੀ, ਮ: ੫, ਪੰਨਾ ੭੪੬)

ਕੋਈ ਮਨੁੱਖ ਸਾਰੇ ਧਰਮ-ਗ੍ਰੰਥ ਮੂੰਹ ਜ਼ਬਾਨੀ ਪੜ੍ਹਦਾ ਹੋਵੇ, ਤੀਰਥਾਂ ਉੱਤੇ ਜਾਂਦਾ ਹੋਵੇ, ਨਿੱਤ ਕਈ ਤਰ੍ਹਾਂ ਦੇ ਧਾਰਮਿਕ ਸਮਝੇ ਜਾਣ ਵਾਲੇ ਕਰਮ ਕਰਦਾ ਹੋਵੇ ਪਰ ਜੇਕਰ ਉਸ ਦੇ ਅੰਦਰ ਪਰਮਾਤਮਾ ਦਾ ਪਿਆਰ ਨਹੀਂ ਤਾਂ ਉਹ ਨਰਕ ਰੂਪ ਦੁੱਖ ਨੂੰ ਭੋਗਦਾ ਹੈ—

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥
ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥
ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥

(ਸਿਰੀਰਾਗੁ, ਮ: ੫, ਪੰਨਾ ੭੦)

ਇਸ ਲਈ ਜਿਸ ਸਿਮਰਨ ਦੀ ਬਰਕਤਿ ਨਾਲ ਪਰਮਾਤਮਾ ਨਾਲ ਪ੍ਰੀਤ ਬਣੀ ਰਹਿੰਦੀ ਹੈ ਉਹ ਸਿਮਰਨ ਹੀ ਜਪ, ਤਪ, ਵਰਤ ਅਤੇ ਪੂਜਾ ਹੈ—

ਸੋ ਜਪੁ, ਸੋ ਤਪੁ, ਸਾ ਬ੍ਰਤ ਪੂਜਾ,
ਜਿਤੁ ਹਰਿ ਸਿਉ ਪ੍ਰੀਤਿ ਲਗਾਇ॥
ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ,
ਇਕ ਖਿਨ ਮਹਿ ਬਿਸਰਿ ਸਭ ਜਾਇ॥ (ਬੈਰਾੜੀ, ਮ: ੪, ਪੰਨਾ ੭੨੦)

ਜਿਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਦਾ ਪ੍ਰੇਮ ਪ੍ਰਾਪਤ ਨਹੀਂ ਹੁੰਦਾ ਉਹਨਾਂ ਦਾ ਜਗਤ ਵਿੱਚ ਆਉਣਾ ਨਿਸ਼ਫਲ ਹੋ ਜਾਂਦਾ ਹੈ, ਉਹ ਕੀਮਤੀ ਮਨੁੱਖਾ ਜਨਮ ਪ੍ਰਾਪਤ ਕਰ ਕੇ ਵੀ ਖਾਲੀ ਹੱਥ ਸੰਸਾਰ ਤੋਂ ਚਲੇ ਜਾਂਦੇ ਹਨ ਜਿਵੇਂ ਖਾਲੀ ਘਰ ਆਇਆ ਪ੍ਰਾਹੁਣਾ ਖਾਲੀ ਵਾਪਸ ਤੁਰ ਜਾਂਦਾ ਹੈ—

ਜਿਨੀ ਨ ਪਾਇਓ ਪ੍ਰੇਮ ਰਸੁ, ਕੰਤ ਨ ਪਾਇਓ ਸਾਉ॥
ਸੁੰਞੇ ਘਰ ਕਾ ਪਾਹੁਣਾ, ਜਿਉ ਆਇਆ ਤਿਉ ਜਾਉ॥

(ਸਲੋਕ, ਮ: ੧, ਪੰਨਾ ੭੯੦)

ਇਸ ਲਈ ਹਿਰਦੇ ਵਿੱਚ ਪ੍ਰੇਮ-ਭਾਵਨਾ ਲੈ ਕੇ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ। ਪਰਮਾਤਮਾ ਨੂੰ ਪਲ ਭਰ ਲਈ ਵੀ ਵਿਸਾਰਨਾ ਨਹੀਂ ਚਾਹੀਦਾ—

ਮਨਿ ਤਨਿ ਪ੍ਰੇਮੁ ਕਰੇ, ਤਿਸੁ ਪ੍ਰਭ ਕਉ ਰਾਵਹ ਰਾਮ॥
ਕਰਿ ਪ੍ਰੇਮ ਰਾਵਹ ਤਿਸੈ ਭਾਵਹ,
ਇਕ ਨਿਮਖ ਪਲਕ ਨ ਤਿਆਗੀਐ॥

(ਬਿਲਾਵਲੁ, ਮ: ੫, ਪੰਨਾ ੮੪੬)

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ

ਮਾਨਸ ਦੇਹ ਬਹੁਰਿ ਨਹ ਪਾਵੈ, ਕਛੂ ਉਪਾਉ ਮੁਕਤਿ ਕਾ ਕਰੁ ਰੇ॥
ਨਾਨਕ ਕਹਤ ਗਾਇ ਕਰੁਨਾਮੈ, ਭਵ ਸਾਗਰ ਕੈ ਪਾਰਿ ਉਤਰੁ ਰੇ॥

(ਗਉੜੀ, ਮ: ੯, ਪੰਨਾ ੨੨੦)

ਨਾਮ ਦੀ ਬਰਕਤਿ ਨਾਲ ਜਦੋਂ ਨੌਂ ਗੋਲਕਾਂ ਨਕਾ-ਨਕ ਭਰ ਜਾਂਦੀਆਂ ਹਨ। ਦਸਵੇਂ ਦਰ ਅਰਥਾਤ ਪ੍ਰਭੂ-ਮਿਲਾਪ ਦੀ ਅਵਸਥਾ ਵਿੱਚ ਆ ਜਾਂਦੀਆਂ ਹਨ, ਜਦੋਂ ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪ ਪੰਜ ਵੈਰੀਆਂ ਨੂੰ ਵੱਸ ਵਿੱਚ ਕਰ ਲੈਂਦਾ ਹੈ, ਜਦੋਂ ਨਾਮ ਦੀ ਬਰਕਤਿ ਨਾਲ ਮਾਇਕ ਪਦਾਰਥਾਂ ਦੀ ਦੌੜ ਮਿਟ ਜਾਂਦੀ ਹੈ ਅਤੇ ਗੁਰ-ਸ਼ਬਦ ਅਨੁਸਾਰ ਜੀਵਨ ਘਾੜਤ ਘੜਨ ਦੀ ਜਾਚ ਆ ਜਾਂਦੀ ਹੈ, ਤਦੋਂ ਗੁਰਮੁਖਾਂ ਅੰਦਰ ਨਾਮ ਤੋਂ ਬਿਨਾਂ ਹੋਰ ਫੁਰਨਾ ਪੈਦਾ ਨਹੀਂ ਹੁੰਦਾ। ਇਸ ਅਵਸਥਾ ਵਿੱਚ ਪਹੁੰਚੇ ਹੋਏ ਗੁਰਮੁਖ ਪ੍ਰਭੂ ਨੂੰ ਅੰਗ-ਸੰਗ ਵੇਖਦੇ ਹਨ। ਉਹ ਆਪਣੇ ਅੰਦਰ ਪ੍ਰਭੂ ਦੀ ਹੋਂਦ ਨੂੰ ਪਛਾਣ ਲੈਂਦੇ ਹਨ। ਐਸੇ ਮਨੁੱਖ ਹੀ ਜੀਵਨ-ਮੁਕਤ ਅਖਵਾਉਂਦੇ ਹਨ--

ਸੋ ਜਨੁ ਮੁਕਤੁ, ਜਿਸੁ ਏਕ ਲਿਵ ਲਾਗੀ, ਸਦਾ ਰਹੈ ਹਰਿ ਨਾਲੇ॥

(ਬਿਲਾਵਲੁ, ਮ: ੩, ਪੰਨਾ ੭੯੬)

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ—

ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ॥
ਮੁਕਤਿ ਭਇਆ ਜਿਸੁ ਰਿਦੈ ਵਸੇਰਾ॥ (ਮਾਝ, ਮ: ੫, ਪੰਨਾ ੧੦੧)

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥

(ਗਉੜੀ, ਸੁਖਮਨੀ, ਮ: ੫, ਪੰਨਾ ੨੯੪)

ਜਿਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਦਾ ਨਾਮ ਆ ਵਸਦਾ ਹੈ, ਦੁੱਖ ਕਲੇਸ਼ ਉਸ ਦੇ ਨੇੜੇ ਨਹੀਂ ਆਉਂਦੇ, ਉਸ ਦੀ ਮਾਇਆ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ ਅਤੇ ਮੌਤ ਦਾ ਡਰ ਖਤਮ ਹੋ ਜਾਂਦਾ ਹੈ—

ਜਿਸੁ ਮਨਿ ਵਸੈ ਪਾਰਬ੍ਰਹਮੁ, ਨਿਕਟਿ ਨ ਆਵੈ ਪੀਰ॥
ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀ ਆਵੈ ਨੀਰ॥

(ਮਾਰੂ, ਵਾਰ, ਮ: ੫, ਪੰਨਾ ੧੧੦੨)

ਜਿਨ੍ਹ ਪੀਆ ਸੇ ਮਸਤ ਭਏ ਹੈ, ਤੂਟੇ ਬੰਧਨ ਫਾਹੇ॥
ਜੋਤੀ ਜੋਤਿ ਸਮਾਣੀ ਭੀਤਰਿ, ਤਾ ਛੋਡੇ ਮਾਇਆ ਕੇ ਲਾਹੇ॥

(ਆਸਾ, ਮ: ੧, ਪੰਨਾ ੩੫੧)

ਮਾਇਆ ਦੇ ਪ੍ਰਭਾਵ ਤੋਂ ਮੁਕਤ ਮਨੁੱਖ ਪ੍ਰਭੂ-ਪ੍ਰੇਮ ਵਿੱਚ ਟਿਕ ਕੇ ਸਿਮਰਨ ਕਰਦਾ ਹੋਇਆ ਸਦਾ ਪ੍ਰਸੰਨ ਚਿੱਤ ਰਹਿੰਦਾ ਹੈ—

ਮੁਕਤੋ ਰਾਤਉ ਰੰਗਿ ਰਵਾਂਤਉ॥

ਰਾਜਨ ਰਾਜਿ ਸਦਾ ਬਿਗਸਾਂਤਉ॥ (ਆਸਾ, ਮ: ੧, ਪੰਨਾ ੩੫੨)

ਜਿਵੇਂ ਪਾਣੀ ਵਿੱਚ ਕਮਲ ਨਿਰਲੇਪ ਰਹਿੰਦਾ ਹੈ, ਤਿਵੇਂ ਭਗਤ-ਜਨ ਮਾਇਆ ਵਿੱਚ ਰਹਿੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਰਹਿੰਦੇ ਹਨ—

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ,

ਤਿਉ ਵਿਚੇ ਗਿਰਹ ਉਦਾਸੁ॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੪੯)

ਆਪਣੇ ਅੰਦਰੋਂ ਮਾਇਆ ਦੇ ਤਿੰਨਾਂ ਗੁਣਾਂ ਦਾ ਪ੍ਰਭਾਵ ਮਿਟਾ ਕੇ ਜੀਵਨ-ਮੁਕਤ ਪਵਿੱਤਰ ਆਤਮਾ ਬਣ ਜਾਂਦਾ ਹੈ। ਆਤਮਿਕ ਅਡੋਲਤਾ ਵਿੱਚ ਸਦਾ ਥਿਰ ਪ੍ਰਭੂ ਦੇ ਨਾਮ ਵਿੱਚ ਜੁੜਿਆ ਰਹਿੰਦਾ ਹੈ। ਗੁਰ-ਵਾਕ ਹੈ—

ਦਾਸਨਿ ਦਾਸ ਨਿਤ ਹੋਵਹਿ ਦਾਸੁ॥

ਗ੍ਰਿਹ ਕੁਟੰਬ ਮਹਿ ਸਦਾ ਉਦਾਸੁ॥ ੨॥

ਜੀਵਨ ਮੁਕਤੁ ਗੁਰਮੁਖਿ ਕੋ ਹੋਈ॥

ਪਰਮ ਪਦਾਰਥੁ ਪਾਵੈ ਸੋਈ॥

ਤ੍ਰੈ ਗੁਣ ਮੇਟੇ ਨਿਰਮਲੁ ਹੋਈ॥

ਸਹਜੇ ਸਾਚਿ ਮਿਲੈ ਪ੍ਰਭੁ ਸੋਈ॥ ੩॥ (ਗਉੜੀ, ਮ: ੩, ਪੰਨਾ ੨੩੨)

ਆਤਮਿਕ ਜੀਵਨ ਜੀਉਂਦਾ ਹੋਇਆ ਅਤੇ ਦੁਨੀਆਂ ਦੇ ਕਾਰ ਵਿਹਾਰ ਕਰਦਾ ਹੋਇਆ ਉਹ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ—

ਜੀਵਨ ਮੁਕਤਿ ਸੋ ਆਖੀਐ, ਮਰਿ ਜੀਵੈ ਮਰੀਆ॥

ਜਨ ਨਾਨਕ ਸਤਿਗੁਰੁ ਮੇਲਿ ਹਰਿ, ਜਗੁ ਦੁਤਰੁ ਤਰੀਆ॥

(ਆਸਾ, ਮ: ੪, ਪੰਨਾ ੪੪੯)

ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

(ਮ: ੫, ਪੰਨਾ ੫੨੨)

ਜਿਹੜਾ ਗੁਰ-ਸ਼ਬਦ ਨੂੰ ਹਿਰਦੇ ਵਿੱਚ ਵਸਾ ਕੇ ਆਪਣੇ ਆਤਮਿਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਸ ਦੀ ਬੁੱਧੀ ਸ੍ਰੇਸ਼ਟ ਹੋ ਜਾਂਦੀ ਹੈ, ਉਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਸਦਾ ਆਤਮਿਕ ਅਡੋਲਤਾ ਵਿੱਚ ਟਿਕਿਆ ਰਹਿੰਦਾ ਹੈ—

ਆਪੁ ਪਛਾਣੈ ਮਨੁ ਨਿਰਮਲੁ ਹੋਇ॥

ਜੀਵਨ ਮੁਕਤਿ ਹਰਿ ਪਾਵੈ ਸੋਇ॥

ਹਰਿ ਗੁਣ ਗਾਵੈ ਮਤਿ ਊਤਮ ਹੋਇ॥

ਸਹਜੇ ਸਹਜਿ ਸਮਾਵੈ ਸੋਇ॥

(ਗਉੜੀ ਗੁਆਰੇਰੀ, ਮ: ੩, ਪੰਨਾ ੧੬੧)

ਐਸੇ ਮਨੁੱਖ ਆਪਾ-ਭਾਵ ਤਿਆਗ ਦਿੰਦੇ ਹਨ—

ਮੁਕਤਿ ਦੁਆਰਾ ਸੋਈ ਪਾਏ, ਜਿ ਵਿਚਹੁ ਆਪੁ ਗਵਾਇ॥

(ਮਲਾਰ, ਮ: ੩, ਅਸਟ, ਪੰਨਾ ੧੨੭੬)

ਜੀਵਤ ਮੁਕਤ ਗੁਰਮਤੀ ਲਾਗੇ॥

ਹਰਿ ਕੀ ਭਗਤਿ ਅਨਦਿਨੁ ਸਦ ਜਾਗੇ॥

ਸਤਿਗੁਰੁ ਸੇਵਹਿ ਆਪੁ ਗਵਾਇ॥

ਹਉ ਤਿਨ ਜਨ ਕੇ ਸਦ ਲਾਗਉ ਪਾਇ॥

(ਮਲਾਰ, ਮ: ੩, ਪੰਨਾ ੧੨੬੨)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਅਨੁਸਾਰ ਜੀਵਨ ਜੀਉਂਦਾ ਹੈ, ਗ੍ਰਿਹਸਥ ਵਿੱਚ ਰਹਿੰਦਾ ਹੋਇਆ ਵੀ ਨਿਰਲੇਪ ਹੈ ਉਹ ਆਪਣੇ ਅੰਦਰੋਂ ਮੇਰ-ਤੇਰ ਦੇ ਵਿਤਕਰੇ ਨੂੰ ਕੱਢ ਲੈਂਦਾ ਹੈ, ਉਹ ਜੀਵਨ ਮੁਕਤ ਹੈ—

ਜੋ ਇਸੁ ਮਾਰੇ ਸੁ ਜੀਵਨ ਮੁਕਤਾ॥

ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ॥

(ਗਉੜੀ, ਮ: ੫, ਪੰਨਾ ੨੩੮)

ਉਸ ਦੀ ਹਉਮੈ ਦੂਰ ਹੋ ਜਾਂਦੀ ਹੈ। ਆਪਣੀ ਵਖਰੀ ਹਸਤੀ ਦਾ ਅਭਿਮਾਨ ਮਿਟ ਜਾਂਦਾ ਹੈ—

ਜੀਵਨ ਮੁਕਤਿ ਗੁਰ ਸਬਦੁ ਕਮਾਏ॥

ਹਰਿ ਸਿਉ ਸਦ ਹੀ ਰਹੈ ਸਮਾਏ॥

ਗੁਰ ਕਿਰਪਾ ਤੇ ਮਿਲੈ ਵਡਿਆਈ, ਹਉਮੈ ਰੋਗੁ ਨ ਤਾਹਾ ਹੇ॥

(ਮਾਰੂ, ਸੋਲਹੇ, ਮ: ੩, ਪੰਨਾ ੧੦੫੮)

ਪ੍ਰਗਟੀ ਜੋਤਿ ਚੂਕਾ ਅਭਿਮਾਨੁ॥

ਸਤਿਗੁਰਿ ਦੀਆ ਅੰਮ੍ਰਿਤ ਨਾਮੁ॥ (ਪ੍ਰਭਾਤੀ, ਮ: ੧, ਪੰਨਾ ੧੩੨੮)

ਗੁਰ ਪਰਸਾਦੀ ਹਉਮੈ ਛੁਟੈ, ਜੀਵਨ ਮੁਕਤੁ ਸੋ ਹੋਇ॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੪੮)

ਐਸੇ ਮਨੁੱਖ ਦੀ ਤੁਰਤਿ ਸੇਵਾ ਵੱਲ ਪਰਤਦੀ ਹੈ। ਆਪਣੇ ਅੰਦਰੋਂ ਹਉਮੈ ਦੂਰ ਕਰਕੇ ਮਾਨੋ ਜਪ, ਤਪ ਅਤੇ ਸੰਜਮ ਕਮਾ ਲੈਂਦਾ ਹੈ। ਉਸ ਦੀ ਰਹਿਤ ਐਸੀ ਹੋ ਜਾਂਦੀ ਹੈ ਕਿ ਉਹ ਮਾਇਆ ਵੱਲੋਂ ਡੋਲਦਾ ਨਹੀਂ। ਸਦਾ ਕਾਇਮ ਰਹਿਣ ਵਾਲਾ ਆਤਮਿਕ ਆਨੰਦ ਮਾਣਦਾ ਹੈ—

ਸੇਵਾ ਸੁਰਤਿ ਸਬਦਿ ਵੀਚਾਰਿ॥

ਜਪੁ ਤਪੁ ਸੰਜਮੁ ਹਉਮੈ ਮਾਰਿ॥

ਜੀਵਨ ਮੁਕਤੁ ਜਾ ਸਬਦੁ ਸੁਣਾਏ॥

ਸਚੀ ਰਹਤ ਸਚਾ ਸੁਖੁ ਪਾਏ॥ (ਪ੍ਰਭਾਤੀ, ਮ: ੧, ਪੰਨਾ ੧੩੪੩)

ਮਿੱਠਾ ਸੁਭਾਅ, ਸੰਤੋਖ, ਨਿਮਰਤਾ ਆਦਿਕ ਗੁਣਾਂ ਨੂੰ ਧਾਰਨ ਕਰਨ ਨਾਲ ਗ੍ਰਿਹਸਥ ਵਿੱਚ ਰਹਿੰਦੇ ਹੋਏ ਦੂਜਿਆਂ ਦੀ ਵਧੀਕੀ ਸਹਾਰਨ ਦੀ ਆਦਤ ਬਣ ਜਾਂਦੀ ਹੈ। ਐਸੇ ਮਨੁੱਖ ਵਿਕਾਰਾਂ ਤੋਂ ਆਜ਼ਾਦ ਹੁੰਦੇ ਹਨ, ਉਹ ਪ੍ਰਭੂ ਦਾ ਰੂਪ ਬਣ ਜਾਂਦੇ ਹਨ। ਉਹਨਾਂ ਨੂੰ ਰੁੱਖ ਬਿਰਖ ਵਿੱਚ ਘਰ ਬਾਹਰ ਹਰ ਥਾਂ ਪਰਮਾਤਮਾ ਹੀ ਨਜ਼ਰ ਆਉਂਦਾ ਹੈ—

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥ ਰੋਗੁ ਨ ਬਿਆਪੈ ਨਾ ਜਮ ਦੋਖੰ॥

ਮੁਕਤ ਭਏ ਪ੍ਰਭ ਰੂਪ ਨ ਰੇਖੰ॥੧॥

ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥

(ਗਉੜੀ, ਮ: ੧, ਪੰਨਾ ੨੨੩)

ਐਸੇ ਮਨੁੱਖ ਆਪਣੇ ਅੰਦਰ ਪ੍ਰਗਟ ਹੋਏ ਬ੍ਰਹਮ-ਤੇਜ ਦੀ ਅੱਗ ਨਾਲ ਮੌਤ ਦੇ ਡਰ ਨੂੰ ਸਾੜ ਦਿੰਦੇ ਹਨ—

ਕਾਲੁ ਜਾਲੁ ਬ੍ਰਹਮ ਅਗਨੀ ਜਾਰੇ॥

ਜਰਾ ਮਰਣ ਗਤੁ ਗਰਬੁ ਨਿਵਾਰੇ॥

ਆਪਿ ਤਰੈ ਪਿਤਰੀ ਨਿਸਤਾਰੇ॥ (ਗਉੜੀ, ਮ: ੧, ਪੰਨਾ ੨੨੩)

ਜੀਵਨ ਮੁਕਤ ਖੁਸ਼ੀ, ਗ਼ਮੀ ਦੋਹਾਂ ਤੋਂ ਸੁਤੰਤਰ ਰਹਿੰਦੇ ਹਨ। ਸਭ ਨਾਲ ਪ੍ਰੇਮ ਦੀ ਵਰਤੋਂ ਕਰਦੇ ਹੋਏ ਵੀ ਸਾਰਿਆਂ ਤੋਂ ਵੱਖਰੇ (ਨਿਰਮੋਹੀ) ਦਿਸਦੇ ਹਨ—

ਹਰਖ ਸੋਗ ਦੁਹਹੂੰ ਤੇ ਮੁਕਤੇ॥

ਸਦਾ ਅਲਿਪਤੁ ਜੋਗ ਅਰੁ ਜੁਗਤੇ॥

ਦੀਸਹਿ ਸਭ ਮਹ ਸਭ ਤੇ ਰਹਤੇ॥

ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥

(ਗਉੜੀ, ਮ: ੫, ਪੰਨਾ ੧੯੧)

ਪ੍ਰਭੂ ਦੀ ਰਜ਼ਾ ਨੂੰ ਮਨ ਵਿੱਚ ਮਿੱਠੀ ਕਰਕੇ ਮੰਨਦੇ ਹਨ। ਪਰਮਾਤਮਾ ਦੇ ਪ੍ਰੇਮ ਰੰਗ ਵਿੱਚ ਰੰਗੇ ਹੋਣ ਕਰਕੇ ਅੰਮ੍ਰਿਤ-ਵਿਸ਼, ਦੁੱਖ-ਸੁੱਖ, ਸੋਨਾ-ਮਿੱਟੀ, ਆਦਰ-ਨਿਰਾਦਰ, ਬਾਦਸ਼ਾਹ-ਕੰਗਾਲ, ਲਾਭ-ਹਾਨੀ ਉਹਨਾਂ ਨੂੰ ਇੱਕੋ ਜਿਹੇ ਜਾਪਦੇ ਹਨ। ਉਹਨਾਂ ਦੇ ਮਨ ਵਿੱਚ ਸਾਧਾਰਨ ਜੀਵਾਂ ਵਾਲੇ ਫੁਰਨੇ ਪੈਦਾ ਨਹੀਂ ਹੁੰਦੇ। ਉਹ ਚੰਗੀ ਜੀਵਨ-ਜੁਗਤਿ ਵਾਲੇ ਬਣ ਜਾਂਦੇ ਹਨ—

ਤਾ ਕਾ ਕਹਿਆ ਦਰਿ ਪਰਵਾਣੁ॥

ਬਿਖੁ ਅੰਮ੍ਰਿਤੁ ਦੁਇ ਸਮ ਕਰਿ ਜਾਣੁ ॥੧॥
ਕਿਆ ਕਹੀਐ ਸਰਬੇ ਰਹਿਆ ਸਮਾਇ ॥
ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥

(ਪ੍ਰਭਾਤੀ, ਮ: ੧, ਪੰਨਾ ੧੩੨੮)

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥

(ਗਉੜੀ, ਸੁਖਮਨੀ, ਮ: ੫, ਪੰਨਾ ੨੭੫)

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਮ, ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ, ਲੋਭੁ ਮੋਹੁ ਫੁਨਿ ਤੈਸਾ ॥੨॥
ਦੁਖੁ ਸੁਖੁ ਏ ਬਾਧੇ ਜਿਹ ਨਾਹਿਨ, ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ, ਇਹ ਬਿਧਿ ਕੋ ਜੋ ਪ੍ਰਾਨੀ ॥੩॥

(ਗਉੜੀ, ਮ: ੯, ਪੰਨਾ ੨੨੦)

ਜੀਵਨ ਮੁਕਤ ਪਰਮਾਤਮਾ ਦੀ ਰਜ਼ਾ ਵਿੱਚ ਤੁਰਦੇ ਹੋਏ ਪ੍ਰਭੂ ਨਾਲ ਇਉਂ ਇਕ-ਮਿਕ ਰਹਿੰਦੇ ਹਨ ਜਿਵੇਂ ਨਦੀ ਦੀਆਂ ਲਹਿਰਾਂ ਨਦੀ ਦੇ ਪਾਣੀ ਨਾਲ, ਹਵਾ ਹਵਾ ਨਾਲ ਅਤੇ ਪਾਣੀ ਸਮੁੰਦਰ ਦੇ ਪਾਣੀ ਨਾਲ ਮਿਲ ਕੇ ਇੱਕ ਰੂਪ ਹੋ ਜਾਂਦਾ ਹੈ। ਜਿਵੇਂ ਸੂਰਜ ਦੀ ਕਿਰਨ ਨਾਲ ਮਿਲ ਕੇ ਬਰਫ ਤੋਂ ਪਾਣੀ ਬਣ ਜਾਂਦਾ ਹੈ, ਪਾਣੀ ਦੀ ਕਠੋਰਤਾ ਖਤਮ ਹੋ ਜਾਂਦੀ ਹੈ, ਤਿਵੇਂ ਹੀ ਨਾਮ ਦੀ ਬਰਕਤਿ ਨਾਲ ਜੀਵ ਦੇ ਅੰਦਰੋਂ ਰੁੱਖਾਪਨ ਮੁੱਕ ਜਾਂਦਾ ਹੈ। ਜੀਵ ਆਪਣੇ ਅੰਦਰ ਪਰਮਾਤਮਾ ਦੀ ਜੋਤਿ ਨੂੰ ਪ੍ਰਗਟ ਕਰ ਲੈਂਦਾ ਹੈ। ਗ੍ਰਿਹਸਥ ਵਿੱਚ ਰਹਿੰਦਾ ਹੋਇਆ ਵੀ ਵਿਕਾਰਾਂ ਤੋਂ ਮੁਕਤ ਰਹਿੰਦਾ ਹੈ ਅਤੇ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ। ਇਹੋ ਮੁਕਤੀ ਹੈ।

ਮੁਕਤੀ ਮਨ ਦੀ ਅਵਸਥਾ ਹੈ। ਆਤਮਿਕ ਅਡੋਲਤਾ ਵਿੱਚ ਟਿਕੇ ਰਹਿਣਾ

ਹੀ ਮੁਕਤੀ ਹੈ। ਐਸੇ ਮਨੁੱਖਾਂ ਉੱਤੇ ਪਾਪ, ਪੁੰਨ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਉਹ ਅਫੁਰ ਅਵਸਥਾ ਵਿੱਚ ਰਹਿੰਦੇ ਹਨ। ਗੁਰ-ਵਾਕ ਹਨ—

ਅੰਤਰਿ ਸੁੰਨੰ, ਬਾਹਰਿ ਸੁੰਨੰ, ਤ੍ਰਿਭਵਣ ਸੁੰਨ ਮਸੁੰਨੰ॥
ਚਉਥੇ ਸੁੰਨੈ ਜੋ ਨਰੁ ਜਾਣੈ, ਤਾ ਕਉ ਪਾਪੁ ਨ ਪੁੰਨੰ॥

(ਸਿਧ ਗੋਸਟਿ, ਪੰਨਾ ੯੪੩)

ਭਾਈ ਗੁਰਦਾਸ ਜੀ ਜੀਵਨ ਮੁਕਤ ਦੀ ਅਵਸਥਾ ਦਾ ਵਰਨਣ ਕਰਦੇ ਹੋਏ ਕਹਿੰਦੇ ਹਨ—'ਜੀਵਨ ਮੁਕਤ ਉਨ੍ਹਾਂ ਨੂੰ ਆਖੀਦਾ ਹੈ ਜੋ ਮਾਇਆ ਵਲੋਂ ਮਰ ਕੇ ਪ੍ਰਭੂ ਪ੍ਰੇਮ ਵਿੱਚ ਜੀਉ ਪਏ ਅਤੇ ਪਰਮਾਤਮਾ ਦੇ ਪ੍ਰੇਮ ਵਿੱਚ ਡੁੱਬ ਕੇ ਮਾਇਆ ਵਿਚਲੇ ਡੋਬਿਆਂ ਤੋਂ ਤਰ ਪਏ ਹਨ। ਜਿਨ੍ਹਾਂ ਨੇ ਗੁਰੂ ਦੇ ਸ਼ਬਦ ਸੁਰਤਿ ਦੀ ਸਮਾਧੀ ਵਿਖੇ ਮਗਨ ਹੋ ਕੇ ਅੰਮ੍ਰਿਤ ਨੂੰ ਪੀ ਕੇ ਹੰਕਾਰ ਦਾ ਅਭਾਵ ਕਰ ਦਿੱਤਾ ਹੈ। ਅਨਹਦ ਨਾਦ ਉਨ੍ਹਾਂ ਵਿੱਚ ਪ੍ਰਵੇਸ਼ ਹੋ ਗਿਆ ਹੈ, ਇੱਕ ਰਸ ਅੰਮ੍ਰਿਤ ਬਾਣੀ ਝਰਦੀ ਹੈ। ਫਲਸਰੂਪ ਉਹ ਪੁਰਖ 'ਕਰਣ ਕਾਰਣ' ਸਮਰੱਥ ਵਾਹਿਗੁਰੂ ਵਰਗੇ ਹੋ ਜਾਂਦੇ ਹਨ, ਜੋ ਕਰਨਾ ਚਾਹੁਣ ਕਰ ਸਕਦੇ ਹਨ ਪਰ ਆਪ ਕੁਝ ਕਾਰਨ ਨਹੀਂ ਕਰਦੇ, ਪ੍ਰਭੂ ਦੇ ਭਾਣੇ ਨੂੰ ਮੰਨਦੇ ਹਨ। ਪਤਿਤਾਂ ਦੇ ਉਧਾਰ ਕਰਨ ਵਾਲੇ ਹਨ। ਜਿਨ੍ਹਾਂ ਨੂੰ ਕੋਈ ਸ਼ਰਨ ਨਾ ਦੇ ਸਕੇ, ਉਨ੍ਹਾਂ ਨੂੰ ਸ਼ਰਨ ਦੇ ਕੇ ਮੁਕਤ ਕਰ ਦਿੰਦੇ ਹਨ—

ਜੀਵਨ ਮੁਕਤਿ ਵਖਾਣੀਐ, ਮਰਿ ਮਰਿ ਜੀਵਣੁ ਡੁਬਿ ਡੁਬਿ ਤਰਣਾ॥
ਸਬਦੁ ਸੁਰਤਿ ਲਿਵਲੀਣੁ ਹੋਇ, ਅਪਿਉ ਪੀਅਣੁ ਤੈ ਅਉਚਰ ਚਰਣਾ॥
ਅਨਹਦ ਨਾਦ ਅਵੇਸ ਕਰਿ, ਅੰਮ੍ਰਿਤ ਵਾਣੀ ਨਿਝਰੁ ਝਰਣਾ॥
ਕਰਣ ਕਾਰਣ ਸਮਰਥੁ ਹੋਇ, ਕਾਰਣੁ ਕਰਣੁ ਨ ਕਾਰਣੁ ਕਰਣਾ॥
ਪਤਿਤ ਉਧਾਰਣ ਅਸਰਣ ਸਰਣਾ॥ ੧੯ ॥ (ਪਉੜੀ ੧੯)

ਜਦੋਂ ਮਨੁੱਖ ਜੀਵਨ ਮੁਕਤ ਦੀ ਅਵਸਥਾ ਤੇ ਪਹੁੰਚਦਾ ਹੈ, ਨਾਮ ਦੀ ਬਰਕਤਿ ਨਾਲ ਉਸ ਦੇ ਸਾਰੇ ਪਾਪ-ਪੁੰਨ ਦੇ ਫਲ ਸਮਾਪਤ ਹੋ ਜਾਂਦੇ ਹਨ। ਪਰਮਾਤਮਾ ਜਿਨ੍ਹਾਂ ਨੂੰ ਆਪਣੇ ਚਰਨਾਂ ਨਾਲ ਜੋੜਦਾ ਹੈ, ਉਹਨਾਂ ਦਾ ਪਿਛਲੇ ਕੀਤੇ ਕਰਮਾਂ ਦਾ ਲੇਕਾ ਮੁੱਖ ਜਾਂਦਾ ਹੈ। ਗੁਰ-ਵਾਕ ਹਨ—

ਜਿਨ ਕਉ ਤੂ ਹਰਿ ਮੇਲਹਿ ਸੁਆਮੀ,
ਸਭੁ ਤਿਨ ਕਾ ਲੇਖਾ ਛੁਟਕਿ ਗਇਆ॥
ਤਿਨ ਕੀ ਗਣਤ ਨ ਕਰਿਅਹੁ ਕੋ ਭਾਈ
ਜੋ ਗੁਰ ਬਚਨੀ ਹਰਿ ਮੇਲਿ ਲਇਆ॥

(ਤੁਖਾਰੀ ਛੰਤ, ਮ: ੪, ਪੰਨਾ ੧੧੧੫)

ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥

(ਭੈਰਉ, ਬਾਣੀ ਰਵਿਦਾਸ ਜੀਉ ਕੀ, ਪੰਨਾ ੧੧੬੭)

ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਐਸਾ ਮਨੁੱਖ ਕਿਸ ਲਈ ਜੀਉਂਦਾ ਹੈ ? ਐਸਾ ਮਨੁੱਖ ਦੂਸਰਿਆਂ ਨੂੰ ਜ਼ਿੰਦਗੀ ਦਾ ਸਹੀ ਰਸਤਾ ਦੱਸਦਾ ਹੈ ਅਤੇ ਉਹਨਾਂ ਨੂੰ ਮੁਕਤ ਕਰਵਾਉਂਦਾ ਹੈ—

ਆਪਿ ਮੁਕਤੁ, ਸੰਗੀ ਤਰੇ, ਕੁਲ ਕੁਟੰਬ ਉਧਾਰੇ ॥

(ਬਿਲਾਵਲੁ, ਮ: ੫, ਪੰਨਾ ੮੧੪)

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ, ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨੁ ਕਉ ਸਦਾ ਨਮਸਕਾਰੁ ॥

(ਗਉੜੀ, ਸੁਖਮਨੀ, ਮ: ੫, ਪੰਨਾ ੨੯੪-੯੫)

ਐਸੇ ਮਨੁੱਖਾਂ ਦੀ ਸੰਗਤਿ ਵਿੱਚ ਮਨ ਤੋਂ ਪਾਪਾਂ ਦੀ ਮੈਲ ਧੋ ਕੇ ਨਿਰਮਲ ਹੋ ਜਾਈਦਾ ਹੈ—

ਸੋ ਮੁਕਤਾ ਸੰਸਾਰਿ, ਜਿ ਗੁਰਿ ਉਪਦੇਸਿਆ ॥
ਤਿਸ ਕੀ ਗਈ ਬਲਾਇ, ਮਿਟੇ ਅੰਦੇਸਿਆ ॥
ਤਿਸ ਕਾ ਦਰਸਨੁ ਦੇਖਿ, ਜਗਤੁ ਨਿਹਾਲੁ ਹੋਇ ॥
ਜਨ ਕੈ ਸੰਗਿ ਨਿਹਾਲੁ, ਪਾਪਾ ਮੈਲੁ ਧੋਇ ॥

(ਗੂਜਰੀ ਕੀ ਵਾਰ, ਮ: ੫, ਪੰਨਾ ੫੧੯)

ਬੇਢੀ ਪ੍ਰੀਤਿ ਮਜੂਰੀ ਮਾਂਗੈ, ਜਉ ਕੋਊ ਛਾਨਿ ਛਵਾਵੈ ਹੋ ॥
ਲੋਗ ਕੁਟੰਬ ਸਭਹੁ ਤੇ ਤੋਰੈ, ਤਉ ਆਪਨ ਬੇਢੀ ਆਵੈ ਹੋ ॥

(ਪੰਨਾ ੬੫੭)

ਪ੍ਰਭੂ ਨਾਲ ਮਿਲਾਪ ਲਈ ਪ੍ਰੀਤ ਹੋਣੀ ਚਾਹੀਦੀ ਹੈ ਜਿਵੇਂ ਹੇ ਭੈਣ ਜੇ ਕੋਈ ਮਨੁੱਖ (ਉਸ ਤਰਖਾਣ ਪਾਸੋਂ) ਛੰਨ ਬਣਵਾਏ ਤਾਂ ਉਹ ਪ੍ਰੀਤ ਦੀ ਮਜੂਰੀ ਮੰਗਦਾ ਹੈ। ਪ੍ਰੀਤ ਵੀ ਅਜਿਹੀ ਹੋਵੇ ਕਿ ਲੋਕਾਂ ਨਾਲੋਂ ਪਰਵਾਰ ਨਾਲੋਂ, ਸਭਨਾ ਨਾਲੋਂ, ਮੋਹ ਤੋੜ ਲਏ ਤਾਂ ਹੀ ਉਹ ਪਿਆਰਾ ਪ੍ਰਭੂ (ਤਰਖਾਣ) ਆਪਣੇ ਆਪ ਹੀ ਆ ਜਾਂਦਾ ਹੈ।

☬

ਆਪੁ ਵੀਚਾਰੇ ਗਿਆਨੀ ਸੋਈ

ਜੀਵਨ ਵਿੱਚ ਗਿਆਨ ਦਾ ਬਹੁਤ ਮਹੱਤਵ ਹੈ। ਗਿਆਨ ਤੋਂ ਬਿਨਾਂ, ਅੱਖਾਂ ਹੁੰਦੇ ਹੋਏ ਵੀ ਮਨੁੱਖ ਅੰਨ੍ਹਾ ਹੈ। ਗਿਆਨ ਹੀ ਬੁੱਧੀ ਨੂੰ ਸ਼ੁੱਧ ਕਰਦਾ ਹੈ। ਗਿਆਨ ਤੋਂ ਬਿਨਾਂ ਮਨੁੱਖ ਪਾਪ ਦੇ ਸਮੁੰਦਰ ਵਿੱਚ ਡੁੱਬ ਜਾਂਦਾ ਹੈ, ਪਰ ਧਰਮ-ਪੁਸਤਕਾਂ, ਦਰਸ਼ਨ-ਸ਼ਾਸਤਰਾਂ ਆਦਿਕ ਦਾ ਗਿਆਨ ਹੁੰਦੇ ਹੋਏ ਵੀ ਜੇਕਰ ਉਸ ਦੀ ਵਰਤੋਂ ਆਤਮਿਕ ਜੀਵਨ ਦੇ ਸੁਧਾਰ ਲਈ ਨਹੀਂ ਕੀਤੀ ਜਾਂਦੀ ਤਾਂ ਉਹ ਗਿਆਨ ਵਿਅਰਥ ਹੋ ਜਾਂਦਾ ਹੈ। ਐਸਾ ਗਿਆਨ ਕੇਵਲ ਅਹੰਕਾਰ ਦਾ ਕਾਰਨ ਬਣ ਜਾਂਦਾ ਹੈ। ਮਨ ਦੀ ਮੈਲ ਨੂੰ ਦੂਰ ਨਹੀਂ ਕਰਦਾ—

ਅਖਰ ਪੜਿ ਪੜਿ ਭੁਲੀਐ, ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੇ, ਮਨ ਮਹਿ ਮੈਲੁ ਗੁਮਾਨੁ ॥

(ਸਿਰੀਰਾਗੁ, ਮ: ੧, ਪੰਨਾ ੬੧)

ਗਿਆਨੀ ਹੁੰਦੇ ਹੋਏ ਵੀ ਜਿਹੜੇ ਆਪਣੇ ਆਤਮਿਕ ਜੀਵਨ ਨੂੰ ਨਹੀਂ ਪੜਤਾਲਦੇ ਹੋਰਨਾਂ ਨੂੰ ਮੱਤਾਂ ਦਿੰਦੇ ਰਹਿੰਦੇ ਹਨ, ਉਹ ਆਪਣਾ ਹਿਰਦਾ-ਘਰ ਮਾਇਆ ਦੀ ਅੱਗ ਨਾਲ ਸਾੜ ਰਹੇ ਹਨ, ਇਸ ਦਾ ਉਹਨਾਂ ਨੂੰ ਪਤਾ ਹੀ ਨਹੀਂ ਲੱਗਦਾ। ਗੁਰ-ਵਾਕ ਹੈ—

ਪੜਿ ਪੰਡਿਤੁ ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥ (ਮਾਰੂ, ਮ: ੩, ਪੰਨਾ ੧੦੪੬)

ਗਿਆਨ ਦੀਆਂ ਗੱਲਾਂ ਨਿਰੀਆਂ ਆਖਣੀਆਂ ਜਾਂ ਅਖਵਾਉਣੀਆਂ ਇਹ ਰਸਤਾ ਦੁਨੀਆਂ ਵਿੱਚ ਸ਼ੋਭਾ ਖੱਟਣ ਦਾ ਹੈ, ਉਸ ਤਰ੍ਹਾਂ ਆਤਮਿਕ ਸੁਧਾਰ ਨਹੀਂ ਹੁੰਦਾ। ਜਿਹੜਾ ਮਨੁੱਖ ਜਗਤ ਵੱਲੋਂ ਮਿਲਦੇ ਆਦਰ-ਨਿਰਾਦਰ ਵਿੱਚ ਫਸਿਆ ਰਹਿੰਦਾ ਹੈ, ਉਹ ਪਰਮਾਤਮਾ ਦਾ ਸੇਵਕ ਨਹੀਂ ਬਣ ਸਕਦਾ। ਉਸ ਦਾ ਗਿਆਨ ਸਿਰਫ ਚੁੰਚ-ਗਿਆਨ ਬਣ ਕੇ ਰਹਿ ਜਾਂਦਾ ਹੈ। ਉਹ ਮਾਇਆ ਦੇ ਮੋਹ ਵਿੱਚ ਅੰਨ੍ਹਾ ਹੋਇਆ ਰਹਿੰਦਾ ਹੈ। ਜੋ ਉਹ ਗਿਆਨ ਦੀਆਂ ਗੱਲਾਂ ਆਖਦਾ ਹੈ, ਆਪ ਹੀ ਉਸ ਨੂੰ ਨਹੀਂ ਸੁਣਦਾ। ਉਸ ਦੇ ਆਪਣੇ ਅੰਦਰ ਤ੍ਰਿਸ਼ਨਾ ਰੂਪੀ ਅੱਗ ਬਲ ਰਹੀ ਹੁੰਦੀ ਹੈ, ਉਸ ਦਾ ਮਨ ਭਟਕਦਾ ਰਹਿੰਦਾ ਹੈ। ਐਸੀ ਹਾਲਤ ਵਿੱਚ ਉਸ ਦੇ ਅੰਦਰ ਗਿਆਨ ਦਾ ਦੀਵਾ ਨਹੀਂ ਬਲ ਸਕਦਾ। ਉਹ ਸਹੀ ਜੀਵਨ ਦੀ ਸਮਝ ਹਾਸਿਲ ਨਹੀਂ ਕਰ ਸਕਦਾ। ਮੇਰ-ਤੇਰ ਦੀ ਭਾਵਨਾ ਵਿੱਚ ਫਸਿਆ ਹੋਇਆ ਨਿਤ ਖੁਆਰ ਹੁੰਦਾ ਹੈ—

ਮੇਰਾ ਮੇਰਾ ਕਰਿ ਕਰਿ ਵਿਗੂਤਾ ॥
ਆਤਮੁ ਨ ਚੀਨੈ ਭਰਮੈ ਵਿਚਿ ਸੂਤਾ ॥

(ਆਸਾ, ਮ: ੩, ਪੰਨਾ ੩੬੨)

ਉਹ ਮਾਇਆ ਦੇ ਮੋਹ ਵਿੱਚ ਹੋਰ ਹੋਰ ਧਾਰਮਿਕ ਕਰਮ ਕਰਦਾ ਫਿਰਦਾ ਹੈ। ਅਹੰਕਾਰ ਵਿੱਚ ਵਿਚਰਦਾ ਹੋਇਆ ਲਾਲਚੀ ਬਣ ਜਾਂਦਾ ਹੈ। ਇਸ ਤਰ੍ਹਾਂ ਆਪਣੇ

ਆਤਮਿਕ ਜੀਵਨ ਨੂੰ ਨਾ ਪਰਖਣ ਵਾਲਾ ਮਨੁੱਖ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ—

ਬਹੁਤੇ ਭੇਖ ਕਰੈ ਭੇਖਧਾਰੀ॥
ਅੰਤਰਿ ਤਿਸਨਾ ਫਿਰੈ ਅਹੰਕਾਰੀ॥
ਆਪੁ ਨ ਚੀਨੈ ਬਾਜੀ ਹਾਰੀ॥ (ਗਉੜੀ, ਮ: ੩, ਪੰਨਾ ੨੩੦)

ਇਨਸਾਨੀ ਜੀਵਨ ਦਾ ਮਾਰਗ ਖੰਡੇ ਦੀ ਧਾਰ ਵਰਗਾ ਬਰੀਕ ਹੈ, ਜਿਸ ਉੱਤੇ ਸੰਭਲ ਕੇ ਤੁਰਨਾ ਪੈਂਦਾ ਹੈ, ਜ਼ਰਾ ਵੀ ਡੋਲਿਆਂ ਵਿਕਾਰਾਂ ਦੇ ਸਮੁੰਦਰ ਵਿੱਚ ਡਿੱਗ ਪਈਦਾ ਹੈ। ਜਦ ਤੱਕ ਮਨ ਵਿੱਚ ਵਿਕਾਰਾਂ ਦੇ ਸੰਸਕਾਰ ਹਨ, ਗਿਆਨ ਵਿਅਰਥ ਹੈ। ਆਪਣੇ ਆਪ ਨੂੰ ਵਾਰ-ਵਾਰ ਪੜਤਾਲਣਾ ਪੈਂਦਾ ਹੈ। ਕਥਨੀ-ਕਰਨੀ ਵਿੱਚ ਅੰਤਰ ਦੂਰ ਕਰਨਾ ਪੈਂਦਾ ਹੈ। ਜਿਹੜੇ ਆਪਣੇ ਆਪੇ ਨੂੰ ਪਰਖਦੇ ਹਨ, ਪੜਤਾਲਦੇ ਹਨ, ਉਹ ਮਨ ਨੂੰ ਵਿਕਾਰਾਂ ਵੱਲ ਦੌੜਨ ਤੋਂ ਹਟਣ ਲਈ ਸਮਝਾਉਂਦੇ ਹਨ। ਸਤਿਗੁਰੂ ਦੀ ਬਾਣੀ ਵਿੱਚ ਪੂਰਨ ਵਿਸ਼ਵਾਸ ਅਤੇ ਸ਼ਰਧਾ ਬਣਾਉਣ ਨਾਲ ਹੀ ਵਿਕਾਰਾਂ ਦੀ ਭਟਕਣ ਦੂਰ ਹੁੰਦੀ ਹੈ ਕਿਉਂਕਿ ਮਾਇਆ ਦੇ ਮੋਹ ਦੇ ਕਾਰਨ ਮਨੁੱਖ ਦੀ ਬੁੱਧੀ ਤੇ ਪਰਦਾ ਪਿਆ ਰਹਿੰਦਾ ਹੈ। ਉਸ ਦੀ ਅਕਲ ਮਾਨੋ ਕਰੜੇ ਕਿਵਾੜਾਂ ਵਿੱਚ ਬੰਦ ਰਹਿੰਦੀ ਹੈ। ਗੁਰੂ ਦੇ ਸ਼ਬਦ ਵਿੱਚ ਜੁੜਨ ਤੋਂ ਬਿਨਾਂ ਉਹ ਕਿਵਾੜ ਖੁਲ੍ਹਦੇ ਨਹੀਂ—

ਆਪੁ ਵੀਚਾਰਿ, ਨ ਰੋਵੈ ਕੋਈ॥
ਸਤਿਗੁਰੁ ਮਿਲੈ, ਤ ਸੋਝੀ ਹੋਈ॥
ਬਿਨੁ ਗੁਰ ਬਜਰ ਕਪਾਟ ਨ ਖੂਲਹਿ, ਸਬਦਿ ਮਿਲੈ ਨਿਸਤਾਰਾ ਹੇ॥
(ਮਾਰੂ, ਮ: ੧, ਪੰਨਾ ੧੦੨੭)

ਜਿਹੜਾ ਆਪਣੇ ਆਤਮਿਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਹ ਅਸਲ ਗਿਆਨਵਾਨ ਹੈ। ਉਹ ਹਉਮੈ ਦੂਰ ਕਰਕੇ ਗੁਰੂ ਦੇ ਸ਼ਬਦ ਵਿੱਚ ਜੁੜਦਾ ਹੈ। ਗੁਰ-ਵਾਕ ਹੈ—

ਹਉਮੈ ਮੇਟਿ ਸਬਦਿ ਸੁਖੁ ਹੋਈ॥
ਆਪੁ ਵੀਚਾਰੇ ਗਿਆਨੀ ਸੋਈ॥ (ਮਾਰੂ, ਮ: ੧, ਪੰਨਾ ੧੦੪੦)

ਜਿਹੜਾ ਮਨੁੱਖ ਬਗਲੇ ਵਾਂਗ ਹਉਮੈ ਦੀ ਛੱਪੜੀ ਵਿੱਚ ਹੀ ਨਹਾਉਂਦਾ ਰਹਿੰਦਾ ਹੈ, ਉਹ ਆਪਣੇ ਆਤਮਿਕ ਜੀਵਨ ਨੂੰ ਨਹੀਂ ਪਛਾਣ ਸਕਦਾ, ਹਉਮੈ ਕਾਰਨ ਹਮੇਸ਼ਾ ਭਟਕਦਾ ਰਹਿੰਦਾ ਹੈ, ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਆਸਰੇ ਦਾ ਭਾਲ ਵਿੱਚ ਮਨੁੱਖ-ਜਨਮ ਵਿਅਰਥ ਗਵਾ ਲੈਂਦਾ ਹੈ—

ਜਨਮੁ ਪਦਾਰਥੁ ਦੁਬਿਧਾ ਖੋਵੈ॥
ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ॥
(ਧਨਾਸਰੀ, ਮ: ੧, ਪੰਨਾ ੬੮੬)

ਹਉਮੈ ਵਿਚਿ ਸਭੁ ਜਗੁ ਬਉਰਾਨਾ॥

ਦੂਜੈ ਭਾਇ ਭਰਮਿ ਭੁਲਾਨਾ॥

ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ॥

ਧੰਧਾ ਕਰਤਿਆ ਅਨਦਿਨੁ ਵਿਹਾਨਾ॥

(ਗਉੜੀ ਗੁਆਰੇਰੀ, ਮ: ੩, ਪੰਨਾ ੧੫੯)

ਕਉਡੀ ਬਦਲੈ ਜਨਮੁ ਗਵਾਇਆ, ਚੀਨਸਿ ਨਾਹੀ ਆਪੈ॥

(ਸੂਹੀ, ਮ: ੩, ਪੰਨਾ ੭੫੩)

ਆਤਮਿਕ ਜੀਵਨ ਨੂੰ ਪਰਖਣ ਤੋਂ ਬਿਨਾਂ ਮਨ ਉੱਤੋਂ ਭਟਕਣਾਂ ਦਾ ਜਾਲਾ ਦੂਰ ਨਹੀਂ ਹੁੰਦਾ ਤੇ ਉਂਨਾ ਚਿਰ ਸਰਬ ਵਿਆਪਕ ਪ੍ਰਭੂ ਦੀ ਸੂਝ ਨਹੀਂ ਹੋ ਸਕਦੀ। ਗੁਰੂ ਤੇਗ ਬਹਾਦਰ ਜੀ ਦਾ ਕਥਨ ਹੈ—

ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ॥

(ਧਨਾਸਰੀ, ਮ: ੯, ਪੰਨਾ ੬੮੪)

ਜਿਹੜਾ ਧਾਰਮਿਕ ਪੁਸਤਕਾਂ ਸੁਣਦੇ, ਪੜ੍ਹਦੇ ਹੋਏ ਵੀ ਆਪਣੇ ਆਤਮਿਕ ਜੀਵਨ ਨੂੰ ਨਹੀਂ ਪੜਤਾਲਦਾ, ਉਹ ਗਿਆਨਵਾਨ ਹੁੰਦਾ ਹੋਇਆ ਵੀ ਮੂਰਖ ਹੀ ਹੈ। ਉਹ ਪਰਮਾਤਮਾ ਨਾਲ ਕਦੇ ਪਿਆਰ ਨਹੀਂ ਪਾ ਸਕਦਾ—

ਸੁਣਿ ਸਾਸਤ੍ਰ ਤੂੰ ਨ ਬੁਝਹੀ, ਤਾ ਫਿਰਹਿ ਬਾਰੋ ਬਾਰ॥

ਸੋ ਮੂਰਖੁ ਜੋ ਆਪੁ ਨ ਪਛਾਣਈ, ਸਚਿ ਨ ਧਰੇ ਪਿਆਰੁ॥

(ਗੂਜਰੀ, ਮ: ੩, ਪੰਨਾ ੪੯੨)

ਅਤੇ—

ਸੋ ਬਉਰਾ ਜੋ ਆਪੁ ਨ ਪਛਾਨੈ॥ ਆਪੁ ਪਛਾਨੈ ਤ ਏਕੈ ਜਾਨੈ॥

(ਬਿਲਾਵਲੁ, ਬਾਣੀ ਭਗਤਾ ਕੀ, ਕਬੀਰ ਜੀਉ, ੮੫੫)

ਉਹ ਆਪ ਵੀ ਦੁਖੀ ਰਹਿੰਦਾ ਹੈ ਅਤੇ ਦੂਸਰਿਆਂ ਨੂੰ ਵੀ ਦੁੱਖ ਦਿੰਦਾ ਹੈ। ਗੁਰ-ਵਾਕ ਹੈ—

ਆਪਣਾ ਆਪੁ ਨ ਪਛਾਣੈ ਮੂੜਾ, ਅਵਰਾ ਆਖਿ ਦੁਖਾਏ॥

ਮੁੰਢੈ ਦੀ ਖਸਲਤਿ ਨ ਗਈਆ, ਅੰਧੇ ਵਿਛੁੜਿ ਚੋਟਾ ਖਾਏ॥

(ਬਿਹਾਗੜੇ ਕੀ ਵਾਰ ਸਲੋਕ ਮ: ੩, ਪੰਨਾ ੫੪੯)

ਜਿਹੜਾ ਗੁਰ-ਸ਼ਬਦ ਦੇ ਰਾਹੀਂ ਆਪਣੇ ਆਤਮਿਕ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ—

ਸੋ ਜਨੁ ਨਿਰਮਲੁ, ਜਿਨਿ ਆਪੁ ਪਛਾਤਾ॥

ਆਪੇ ਆਇ ਮਿਲਿਆ ਸੁਖਦਾਤਾ॥

(ਮਾਰੂ, ਮ: ੩, ਪੰਨਾ ੧੦੪੬)

ਉਹ ਮਨੁੱਖ ਇਸ ਜੀਵਨ ਵਿੱਚ ਹੀ ਮਾਇਆ ਦੇ ਬੰਧਨਾਂ ਤੋਂ ਖਲਾਸੀ ਪ੍ਰਾਪਤ ਕਰ ਲੈਂਦਾ ਹੈ—

ਆਪੁ ਪਛਾਣੈ, ਮਨੁ ਨਿਰਮਲੁ ਹੋਇ॥
ਜੀਵਨ ਮੁਕਤਿ, ਹਰਿ ਪਾਵੈ ਸੋਇ॥

(ਗਉੜੀ ਗੁਆਰੇਰੀ, ਮ: ੩, ਪੰਨਾ ੧੬੧)

ਐਸਾ ਮਨੁੱਖ ਆਪਣੇ ਅੰਦਰੋਂ ਔਗੁਣਾਂ ਨੂੰ ਕੱਢਣ ਦਾ ਯਤਨ ਕਰਦਾ ਹੈ। ਲੋਭ, ਮੋਹ, ਕ੍ਰੋਧ ਦੂਰ ਕਰ ਲੈਂਦਾ ਹੈ। ਗੁਰੂ ਦੇ ਸ਼ਬਦ ਵਿੱਚ ਰੱਤੀ ਹੋਈ ਉਸ ਦੀ ਜੀਭ ਪਰਮਾਤਮਾ ਦੇ ਗੁਣ ਗਾਉਂਦੀ ਰਹਿੰਦੀ ਹੈ। ਉਹ ਆਪਣੇ ਅਂਦਰੋਂ ਮਾਇਆ ਦਾ ਮੋਹ ਦੂਰ ਕਰ ਲੈਂਦਾ ਹੈ, ਵਿਕਾਰਾਂ ਵੱਲੋਂ ਅਡੋਲ ਜੀਵਨ ਵਾਲਾ ਬਣ ਜਾਂਦਾ ਹੈ। ਉਸ ਦਾ ਹਿਰਦਾ-ਕੌਲ ਖਿੜਿਆ ਰਹਿੰਦਾ ਹੈ—

ਆਪੁ ਪਛਾਣੈ ਸੋ ਸਭਿ ਗੁਣ ਜਾਣੈ॥
ਗੁਰ ਕੈ ਸਬਦਿ ਹਰਿ ਨਾਮੁ ਵਖਾਣੈ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ, ਮਾਇਆ ਮੋਹੁ ਚੁਕਾਹਾ ਹੇ॥

(ਮਾਰੂ, ਮ: ੩, ਪੰਨਾ ੧੦੫੬)

ਸੋ ਜਨੁ ਸਾਚਾ, ਜਿ ਅੰਤਰੁ ਭਾਲੇ॥
ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ॥

(ਮਾਰੂ, ਮ: ੩, ਪੰਨਾ ੧੦੬੫)

ਸੋ ਸੂਚਾ ਜਿ ਕਰੋਧੁ ਨਿਵਾਰੇ॥ ਸਬਦੇ ਬੂਝੈ ਆਪੁ ਸਵਾਰੇ॥

(ਮਾਰੂ, ਮ: ੩, ਪੰਨਾ ੧੦੫੯)

ਜਿਹੜਾ ਮਨੁੱਖ ਪਰਮਾਤਮਾ ਦੇ ਡਰ-ਅਦਬ ਵਿੱਚ ਰਹਿੰਦਾ ਹੋਇਆ ਆਪਣੇ ਆਪ ਦੀ ਖੋਜ ਕਰਦਾ ਹੈ, ਉਹ ਸੰਸਾਰ ਵਿੱਚ ਕਾਰ-ਵਿਹਾਰ ਕਰਦੇ ਹੋਏ ਵੀ ਮਾਇਆ ਵੱਲੋਂ ਉਦਾਸ ਰਹਿੰਦਾ ਹੈ। ਗੁਰਵਾਕ ਹੈ—

ਪਰਥਾਇ ਸਾਖੀ ਮਹਾ ਪੁਰਖ ਬੋਲਦੇ, ਸਾਝੀ ਸਗਲ ਜਹਾਨੈ॥
ਗੁਰਮੁਖਿ ਹੋਇ ਸੁ ਭਉ ਕਰੇ, ਆਪਣਾ ਆਪੁ ਪਛਾਣੈ॥

(ਸਲੋਕ, ਮ: ੩, ਪੰਨਾ ੬੪੭)

ਪਰਮਾਤਮਾ ਦਾ ਡਰ ਹਿਰਦੇ ਵਿੱਚ ਰੱਖਣ ਤੋਂ ਬਿਨਾਂ ਮਨੁੱਖ ਦੀ ਸਾਰੀ ਚੁੰਚ-ਗਿਆਨਤਾ ਵਿਕਾਰਾਂ ਦਾ ਮੂਲ ਹੈ—

ਬਿਨੁ ਭੈ ਕਥਨੀ ਸਰਬ ਬਿਕਾਰ॥ ਕਹੁ ਨਾਨਕ ਦਰ ਕਾ ਬੀਚਾਰ॥

(ਭੈਰਉ, ਮ: ੫, ਪੰਨਾ ੧੧੪੦)

ਜਦੋਂ ਮਨੁੱਖ ਪਰਮਾਤਮਾ ਦਾ ਡਰ-ਅਦਬ ਹਿਰਦੇ ਵਿੱਚ ਰੱਖ ਕੇ ਆਪਣੀ ਪਰਖ ਕਰਦਾ ਹੋਇਆ ਗੁਰ-ਸ਼ਬਦ ਦੇ ਅਨੁਸਾਰ ਜੀਵਨ ਦੀ ਘਾੜਤ ਘੜਣ ਦਾ ਯਤਨ

ਕਰਦਾ ਹੈ , ਉਹ ਰੱਬੀ ਗੁਣਾਂ ਨਾਲ ਸਾਂਝ ਪਾ ਲੈਂਦਾ ਹੈ। ਪਰਮਾਤਮਾ ਦੇ ਗੁਣਾਂ ਦੀ ਵੀਚਾਰ ਕਰਨ ਨਾਲ ਮਨ ਵਿੱਚੋਂ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ--

ਰਾਮ ਪੜਹੁ ਮਨਿ ਕਰਹੁ ਬੀਚਾਰੁ॥ ਗੁਰ ਪਰਸਾਦੀ ਮੈਲੁ ਉਤਾਰੁ॥

(ਗਉੜੀ, ਮ: ੩, ਪੰਨਾ ੨੩੦)

ਗੁਰੂ ਦੇ ਦੱਸੇ ਹੋਏ ਰਾਹ ਤੇ ਤੁਰਨ ਵਾਲਾ ਮਨੁੱਖ ਗਿਆਨਵਾਨ ਹੋ ਜਾਂਦਾ ਹੈ, ਆਪਣੇ ਆਪ ਨੂੰ ਪਛਾਣਦਾ ਹੈ ਅਤੇ ਸਦਾ ਪਰਮਾਤਮਾ ਨਾਲ ਜੁੜਿਆ ਰਹਿੰਦਾ ਹੈ। ਉਹ ਆਪਣੀ ਆਤਮਾ ਦੀ ਪਛਾਣ ਕਰ ਲੈਂਦਾ ਹੈ ਅਤੇ ਇਹ ਜਾਣ ਲੈਂਦਾ ਹੈ ਕਿ ਸਾਰੇ ਜੀਵਾਂ ਵਿੱਚ ਇੱਕ ਪਰਮਾਤਮਾ ਹੀ ਵਸਦਾ ਹੈ। ਉਸ ਤਰ੍ਹਾਂ ਪ੍ਰਭੂ ਨਾਲ ਸਾਂਝ ਪਾ ਲੈਂਦਾ ਹੈ--

ਗੁਰ ਕਾ ਸਬਦੁ ਰਤੰਨੁ ਹੈ, ਕਰਿ ਚਾਨਣੁ ਆਪਿ ਦਿਖਾਇਆ॥

ਆਪਣਾ ਆਪੁ ਪਛਾਣਿਆ, ਗੁਰਮਤੀ ਸਚਿ ਸਮਾਇਆ॥

(ਵਾਰ ਮਲਾਰ ਕੀ, ਮ: ੧, ਪੰਨਾ ੧੨੯੦)

ਆਪਣੀ ਆਤਮਾ ਨੂੰ ਪਛਾਣ ਕੇ ਹੀ ਦੂਜਿਆਂ ਦੇ ਆਤਮੇ ਨੂੰ ਪਛਾਣਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ ਕਿ ਭਾਈ ਜਨੋ! ਸੇਵਾ ਤੇ ਸੰਤੋਖ ਵਾਲਾ ਜੀਵਨ ਬਿਤਾਉ। ਗੁਰੂ ਦੀ ਸ਼ਰਨ ਪੈ ਕੇ ਦੂਜਿਆਂ ਦੇ ਔਗੁਣਾਂ ਨੂੰ ਨਾ ਚਿਤਾਰੋ। ਗੁਣਾਂ ਨਾਲ ਸਾਂਝ ਕਰੋ। ਆਪਣੀ ਆਤਮਾ ਨੂੰ ਪਛਾਣ ਕੇ ਦੂਜਿਆਂ ਦੀ ਆਤਮਾ ਨੂੰ ਵੀ ਪਛਾਣੋ--

ਸਤ ਸੰਤੋਖਿ ਰਹਹੁ ਜਨ ਭਾਈ॥ ਖਿਮਾ ਗਹਹੁ ਸਤਿਗੁਰ ਸਰਣਾਈ॥

ਆਤਮੁ ਚੀਨਿ ਪਰਾਤਮੁ ਚੀਨਹੁ, ਗੁਰ ਸੰਗਤਿ ਇਹੁ ਨਿਸਤਾਰਾ ਹੇ॥

(ਮਾਰੂ, ਮ: ੧, ਪੰਨਾ ੧੦੩੦)

ਜਿਨ੍ਹਾਂ ਨੇ ਆਤਮਿਕ ਜੀਵਨ ਨੂੰ ਪਰਖਿਆ ਹੈ, ਪਛਾਣਿਆ ਹੈ ਉਹੀ ਪਰਮਾਤਮਾ ਨੂੰ ਪਛਾਣ ਸਕਦੇ ਹਨ। ਉਹ ਸਮਝ ਲੈਂਦੇ ਹਨ ਕਿ ਪਰਮਾਤਮਾ ਹੀ ਆਤਮਿਕ ਜੀਵਨ-ਰੂਪ ਫਲ ਦੇਣ ਵਾਲਾ ਰੁੱਖ ਹੈ। ਉਸ ਪ੍ਰਭੂ-ਰੂਪ ਰੁੱਖ ਦਾ ਫਲ ਸਦਾ ਅੰਮ੍ਰਿਤ ਰੂਪ ਹੈ। ਜਿਵੇਂ ਫਲ ਤੋਂ ਰੁੱਖ ਅਤੇ ਰੁੱਖ ਤੋਂ ਫਲ ਦੀ ਪਛਾਣ ਹੋ ਜਾਂਦੀ ਹੈ, ਤਿਵੇਂ ਹੀ ਜਿਸ ਮਨੁੱਖ ਨੂੰ ਆਤਮਾ ਦਾ ਗਿਆਨ ਹੋ ਜਾਂਦਾ ਹੈ ਉਸ ਨੂੰ ਪਰਮਾਤਮਾ ਦਾ ਵੀ ਗਿਆਨ ਹੋ ਜਾਂਦਾ ਹੈ--

ਜਿਨੀ ਆਤਮੁ ਚੀਨਿਆ, ਪਰਮਾਤਮੁ ਸੋਈ॥

ਏਕੋ ਅੰਮ੍ਰਿਤ ਬਿਰਖੁ ਹੈ, ਫਲੁ ਅੰਮ੍ਰਿਤੁ ਹੋਈ॥

(ਆਸਾ, ਮ: ੧, ਪੰਨਾ ੪੨੧)

ਆਤਮਾ ਦੇ ਗਿਆਨ ਹੋਣ ਨਾਲ ਹਿਰਦਾ-ਘਰ ਪ੍ਰਭੂ-ਪ੍ਰਕਾਸ਼ ਨਾਲ ਭਰਪੂਰ ਪ੍ਰਤੀਤ ਹੁੰਦਾ ਹੈ। ਪਰਮਾਤਮਾ ਨੂੰ ਆਪਣੇ ਅੰਦਰ ਵਸਦੇ ਜਾਣਨ ਵਾਲੇ ਸਦਾ ਸੁਖੀ ਜੀਵਨ ਬਿਤਾਉਂਦੇ ਹਨ। ਉਹਨਾਂ ਦੀ ਸੁਰਤਿ ਪ੍ਰਭੂ ਦੀ ਜੋਤਿ ਵਿੱਚ ਮਿਲੀ ਰਹਿੰਦੀ ਹੈ—

ਚੀਨੈ ਆਪੁ, ਪਛਾਣੈ ਸੋਈ, ਜੋਤੀ ਜੋਤਿ ਮਿਲਾਈ ਹੇ॥

(ਮਾਰੂ, ਮ: ੧, ਪੰਨਾ ੧੦੨੪)

ਉਹ ਆਪਣੇ ਅੰਦਰਲੇ ਆਤਮਿਕ ਖੇੜੇ ਨੂੰ ਸਤਿਗੁਰ ਦੇ ਰਾਹੀਂ ਅਨੁਭਵ ਕਰਦੇ ਹਨ—

ਸਤਿਗੁਰ ਅਪੁਨੇ ਕਉ ਕੁਰਬਾਨੀ॥ ਆਤਮ ਚੀਨਿ ਪਰਮ ਰੰਗ ਮਾਨੀ॥

(ਗਉੜੀ, ਮ: ੫, ਪੰਨਾ ੧੯੭)

ਐਸੇ ਮਨੁੱਖਾਂ ਨੂੰ ਸੰਸਾਰ ਵਿੱਚ ਕੋਈ ਵੀ ਭੈੜਾ ਨਹੀਂ ਲੱਗਦਾ—

ਗੁਰਮੁਖਿ ਆਪੁ ਪਛਾਣੀਐ, ਬੁਰਾ ਨ ਦੀਸੈ ਕੋਈ॥

(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੪)

ਇਸ ਲਈ ਦੂਜਿਆਂ ਦੇ ਐਬ ਫੋਲਣੇ ਛੱਡ ਕੇ ਆਪਣਾ ਆਤਮਿਕ ਜੀਵਨ ਪੜਤਾਲਦੇ ਰਹਿਣਾ ਚਾਹੀਦਾ ਹੈ। ਗੁਰੂ ਜੀ ਨੇ ਤਾੜਨਾ ਕੀਤੀ ਹੈ—

ਅਪਨਾ ਘਰੁ ਮੂਸਤ ਰਾਖਿ ਨ ਸਾਕਹਿ, ਕੀ ਪਰ ਘਰੁ ਜੋਹਨ ਲਾਗਾ॥

(ਸੋਰਠਿ, ਮ: ੧, ਪੰਨਾ ੫੯੮)

ਰੋਸੁ ਨ ਕਾਹੂ ਸੰਗ ਕਰਹੁ, ਆਪਨ ਆਪੁ ਬੀਚਾਰਿ॥
ਹੋਇ ਨਿਮਾਨਾ ਜਗਿ ਰਹਹੁ, ਨਾਨਕ ਨਦਰੀ ਪਾਰਿ॥

(ਗਉੜੀ, ਬਾਵਨ ਅਖਰੀ, ਮ: ੫, ਪੰਨਾ ੨੫੯)

ਜਿਹੜਾ ਮਨੁੱਖ ਆਪਣੇ ਆਤਮਿਕ ਜੀਵਨ ਨੂੰ ਪਰਖ ਕੇ ਪਰਮਾਤਮਾ ਦੀ ਯਾਦ ਵਿੱਚ ਸੁਰਤਿ ਜੋੜੀ ਰੱਖਦਾ ਹੈ, ਉਹ ਮਨੁੱਖ ਜੀਵਨ ਦੀ ਬਾਜ਼ੀ ਜਿੱਤ ਲੈਂਦਾ ਹੈ। ਹਉਮੈ ਦੂਰ ਕਰਕੇ ਗੁਰ-ਸ਼ਬਦ ਅਨੁਸਾਰ ਜੀਵਨ ਦੀ ਘਾੜਤ ਘੜਣ ਨਾਲ ਚੰਚਲਤਾ ਵਾਲਾ ਦੁੱਖ ਦੂਰ ਹੋ ਜਾਂਦਾ ਹੈ। ਗਿਆਨਵਾਨ ਅਖਵਾਉਣ ਵਾਲੇ ਵੀ ਜੇਕਰ ਆਪਣੇ ਆਤਮਿਕ ਜੀਵਨ ਦੀ ਪੜਤਾਲ ਨਹੀਂ ਕਰਦੇ—ਜੇ ਮਨ ਵਿੱਚ ਲੋਭ ਰਹਿੰਦਾ ਹੈ, ਨਿੰਦਿਆ ਦਾ ਸੁਭਾਓ ਹੈ ਤਾਂ ਉਹ ਆਤਮਿਕ ਜੀਵਨ ਵੱਲੋਂ ਬੇਸਮਝੀ ਦੇ ਕਾਰਨ ਸੰਸਾਰ ਸਮੁੰਦਰ ਵਿੱਚ ਡੁੱਬ ਜਾਂਦੇ ਹਨ। ਜਿੱਥੇ ਆਪੇ ਦੀ ਵੀਚਾਰ ਹੁੰਦੀ ਹੈ, ਉੱਥੇ ਪਰਮਾਤਮਾ ਸੰਸਾਰ-ਸਮੁੰਦਰ ਵਿਚ ਵਿਕਾਰਾਂ ਦੀਆਂ ਲਹਿਰਾਂ ਤੋਂ ਬਚਾਉਣ ਲਈ ਆ ਬਹੁੜਦਾ ਹੈ। ਗੁਰਵਾਕ ਹੈ—

ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ॥

(ਮਲਾਰ, ਮ: ੧, ਪੰਨਾ ੧੨੫੫)

ਆਪਣੇ ਮਨ ਦੀ ਪੜਤਾਲ ਛੱਡ ਕੇ ਜੋ ਬਹੁਤਾ ਪੜ੍ਹਦਾ ਹੈ ਜਾਂ ਆਪਣੇ ਆਪ ਨੂੰ ਗਿਆਨਵਾਨ ਅਖਵਾਉਂਦਾ ਹੈ ਤਾਂ ਉਹ ਆਪਣੇ ਸਿਰ ਉੱਤੇ ਹਉਮੈ ਦਾ ਭਾਰ ਹੀ ਚੁੱਕਦਾ ਹੈ—

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥

ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰ ॥

(ਮਲਾਰ, ਮ: ੩, ਪੰਨਾ ੧੨੬੧)

ਉਹੀ ਮਨੁੱਖ ਗਿਆਨਵਾਨ ਹੈ, ਪੜ੍ਹਿਆ ਹੋਇਆ ਹੈ, ਸਿਆਣਾ ਹੈ , ਜੋ ਸਤਿਗੁਰੂ ਦੇ ਸ਼ਬਦ ਦੀ ਵੀਚਾਰ ਕਰਦਾ ਹੈ ਅਤੇ ਆਪਣੇ ਮਨ ਨੂੰ ਖੋਜਦਾ ਹੈ—

ਸੋ ਪੜਿਆ ਸੋ ਪੰਡਿਤੁ ਬੀਨਾ, ਗੁਰ ਸਬਦਿ ਕਰੇ ਵੀਚਾਰੁ ॥

ਅੰਦਰੁ ਖੋਜੈ, ਤਤੁ ਲਹੈ, ਪਾਏ ਮੋਖ ਦੁਆਰੁ ॥

(ਸਲੋਕ, ਮ: ੩, ਪੰਨਾ ੬੫੦)

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਕੇ ਮਨਾ ਗਿਆਨੀ ਤਾਹਿ ਬਖਾਨਿ ॥

(ਸਲੋਕ, ਮ: ੯, ਪੰਨਾ ੧੪੨੭)

ਹੇ ਨਾਨਕ! ਆਖ ਹੇ-ਮਨ! ਸੁਣ, ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦੇਂਦਾ, ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ, ਭਾਵ, ਡਰਾਇਆਂ ਤੋਂ ਨਹੀਂ ਘਬਰਾਂਦਾ, ਉਸ ਨੂੰ ਆਤਮਕ ਜੀਵਨ ਦੀ ਸੂਝ ਵਾਲਾ ਸਮਝ।

ਰਾਮ ਰੰਗੁ ਕਦੇ ਉਤਰਿ ਨ ਜਾਇ

ਭੌਤਿਕ ਸੁੱਖ ਦੇ ਸਾਧਨ ਮਨੁੱਖ ਨੂੰ ਥੋੜ੍ਹੇ ਸਮੇਂ ਲਈ ਹੀ ਸੁਖੀ ਕਰਦੇ ਹਨ, ਕੁਝ ਦੇਰ ਬਾਅਦ ਸੁੱਖ ਦਾ ਰੰਗ ਲਹਿ ਜਾਂਦਾ ਹੈ ਜਾਂ ਫਿੱਕਾ ਪੈ ਜਾਂਦਾ ਹੈ। ਮਨੁੱਖ ਸੁਖ ਦੇ ਨਿੱਤ ਨਵੇਂ ਸਾਧਨਾਂ ਦੀ ਤਲਾਸ਼ ਕਰਦਾ ਨਜ਼ਰ ਆਉਂਦਾ ਹੈ ਕਿਉਂਕਿ ਉਸ ਨੂੰ ਆਤਮਿਕ ਆਨੰਦ ਦੀ ਛੋਹ ਹੀ ਪ੍ਰਾਪਤ ਨਹੀਂ ਹੁੰਦੀ । ਪਰ ਜਿਹੜਾ ਮਨੁੱਖ ਪ੍ਰਭੂ ਦੇ ਨਾਮ-ਰਸ ਵਿੱਚ ਲੀਨ ਰਹਿੰਦਾ ਹੈ, ਉੱਠਦਿਆਂ, ਬੈਠਦਿਆਂ ਹਰ ਵੇਲੇ ਪ੍ਰਭੂ ਨੂੰ ਯਾਦ ਕਰਦਾ ਹੈ, ਉਸ ਦੀ ਆਤਮਾ ਸਦਾ ਖਿੜੀ ਰਹਿੰਦੀ ਹੈ, ਉਸ ਉੱਤੇ ਪ੍ਰਭੂ ਦੇ ਪਿਆਰ ਦਾ ਐਸਾ ਗੂੜ੍ਹਾ ਰੰਗ ਚੜ੍ਹਦਾ ਹੈ ਜਿਹੜਾ ਕਦੇ ਨਹੀਂ ਲਹਿੰਦਾ, ਉਹ ਐਸੇ ਸੁੱਖ ਦਾ ਅਨੁਭਵ ਕਰਦਾ ਹੈ ਜਿਹੜਾ ਹਮੇਸ਼ਾ ਰਹਿੰਦਾ ਹੈ। ਗੁਰ-ਵਾਕ ਹਨ—

ਚੀਤਿ ਆਵੈ ਤਾਂ ਰੰਗਿ ਗੁਲਾਲ॥
ਚੀਤਿ ਆਵੈ ਤਾਂ ਸਦਾ ਨਿਹਾਲ॥ (ਭੈਰਉ, ਮ: ੫, ਪੰਨਾ ੧੧੪੧)

ਰਾਮ ਰੰਗੁ ਕਦੇ ਉਤਰਿ ਨ ਜਾਇ॥
ਗੁਰੁ ਪੂਰਾ ਜਿਸੁ ਦੇਇ ਬੁਝਾਇ॥ (ਗਉੜੀ, ਮ: ੫, ਪੰਨਾ ੧੯੪)

ਏ ਮਨ ਰੂੜ੍ਹੇ ਰੰਗੁਲੇ, ਤੂੰ ਸਚਾ ਰੰਗੁ ਚੜਾਇ॥
ਰੂੜੀ ਬਾਣੀ ਜੇ ਰਪੈ, ਨਾ ਇਹੁ ਰੰਗੁ ਲਹੈ, ਨ ਜਾਇ॥

(ਆਸਾ, ਮ: ੩, ਪੰਨਾ ੪੨੭)

ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ॥

(ਮਾਰੂ, ਮ: ੫, ਪੰਨਾ ੧੦੯੭)

ਹਰਿ ਰੰਗਿ ਚਲੂਲੇ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ॥

(ਗਉੜੀ ਕੀ ਵਾਰ, ਸਲੋਕ, ਮ: ੪, ਪੰਨਾ ੩੧੧)

ਜਿਹੜਾ ਮਨ ਪਰਮਾਤਮਾ ਦੇ ਪ੍ਰੇਮ ਰੰਗ ਵਿੱਚ ਰੰਗਿਆ ਜਾਂਦਾ ਹੈ ਉਸ ਉੱਤੇ ਮਾਇਆ ਦਾ ਹੋਰ ਕੋਈ ਰੰਗ ਆਪਣਾ ਅਸਰ ਨਹੀਂ ਪਾ ਸਕਦਾ। ਮਾਇਆ ਦਾ ਰੰਗ ਕੁਸੁੰਭੇ ਦੇ ਫੁੱਲ ਦੇ ਰੰਗ ਵਰਗਾ ਕੱਚਾ ਹੁੰਦਾ ਹੈ, ਜਲਦੀ ਹੀ ਉਤਰ ਜਾਂਦਾ ਹੈ ਪਰ ਨਾਮ ਦਾ ਰੰਗ ਕਦੇ ਦੂਰ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥

(ਤਿਲੰਗ, ਮ: ੧, ਪੰਨਾ ੭੨੨)

ਭਾਵ—ਜੇਕਰ ਉਹ ਸਰੀਰ ਲਲਾਰੀ ਦੀ ਮੱਟ ਬਣ ਜਾਏ ਅਤੇ ਇਸ ਵਿੱਚ ਮਜੀਠ ਵਰਗੇ ਪੱਕੇ ਰੰਗ ਵਾਲਾ ਪ੍ਰਭੂ ਦਾ ਨਾਮ ਰੰਗ ਪਾਇਆ ਜਾਵੇ, ਪ੍ਰਭੂ ਆਪ

ਲਲਾਰੀ ਬਣ ਕੇ ਜੀਵ ਇਸਤਰੀ ਦੇ ਮਨ ਨੂੰ ਰੰਗ ਦਾ ਡੋਬਾ ਦੇਵੇ ਤਾਂ ਅਜਿਹਾ ਰੰਗ ਚੜ੍ਹਦਾ ਹੈ ਜਿਹੜਾ ਪਹਿਲਾਂ ਕਦੇ ਵੇਖਿਆ ਨਾ ਹੋਵੇ।

ਹਰੇਕ ਮਨ ਪਰਮਾਤਮਾ ਦਾ ਸੋਹਣਾ ਪ੍ਰੇਮ ਰੰਗ ਪ੍ਰਾਪਤ ਕਰਨਾ ਚਾਹੁੰਦਾ ਹੈ, ਪਰ ਨਿਰੀਆਂ ਗੱਲਾਂ ਨਾਲ ਪ੍ਰੇਮ ਨਹੀਂ ਮਿਲਦਾ—

ਰੂੜੋ ਮਨੁ ਹਰਿ ਰੰਗੋ ਲੋੜੈ॥ ਗਾਲੀ ਹਰਿ ਨੀਹੁ ਨ ਹੋਇ॥

(ਟੋਡੀ, ਮ: ੫, ਪੰਨਾ ੭੧੫)

ਮਾਇਆ ਦੇ ਮੋਹ ਵਿੱਚ ਪਿਆ ਮਨੁੱਖ ਕਾਮ-ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਵੱਸ ਵਿੱਚ ਹੋਣ ਕਰਕੇ ਪਰਮਾਤਮਾ ਦੇ ਪ੍ਰੇਮ ਨੂੰ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਨਾਨਕ ਦੇਵ ਜੀ ਸੁਚੇਤ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਜੀਵ-ਇਸਤਰੀ ਦੇ ਸਰੀਰ ਨੂੰ ਮਾਇਆ ਦੇ ਮੋਹ ਦੀ ਪਾਹ ਲੱਗੀ ਹੋਵੇ ਤੇ ਫਿਰ ਉਸ ਨੇ ਉਸ ਨੂੰ ਲੋਭ ਨਾਲ ਰੰਗਾ ਲਿਆ ਹੋਵੇ, ਉਹ ਜੀਵ-ਇਸਤਰੀ ਖਸਮ-ਪ੍ਰਭੂ ਦੇ ਚਰਨਾਂ ਵਿੱਚ ਨਹੀਂ ਪਹੁੰਚ ਸਕਦੀ ਕਿਉਂਕਿ ਜਿੰਦ ਦਾ ਇਹ ਚੋਲਾ ਪ੍ਰਭੂ ਨੂੰ ਪਸੰਦ ਨਹੀਂ ਆਉਂਦਾ—

ਇਹ ਤਨੁ ਮਾਇਆ ਪਾਹਿਆ ਪਿਆਰੇ, ਲੀਤੜਾ ਲਬਿ ਰੰਗਾਏ॥
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ, ਕਿਉ ਧਨ ਸੇਜੈ ਜਾਏ॥

ਤਿਲੰਗ, ਮ: ੧, ਪੰਨਾ ੭੨੧)

ਪਰਮਾਤਮਾ ਸਦਾ ਪਵਿੱਤਰ ਹੈ, ਮੈਲੇ ਮਨ ਨਾਲ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ—

ਮਨੁ ਮੈਲਾ, ਸਚੁ ਨਿਰਮਲਾ, ਕਿਉ ਕਰਿ ਮਿਲਿਆ ਜਾਇ॥

(ਸੂਹੀ, ਮ: ੩, ਪੰਨਾ ੭੫੫)

ਜਿਨ੍ਹਾਂ ਕੋਲ ਪ੍ਰਭੂ ਦੇ ਨਾਮ ਦੀ ਪੂੰਜੀ ਨਹੀਂ ਉਹ ਕਦੇ ਆਤਮਿਕ ਆਨੰਦ ਨਹੀਂ ਮਾਣ ਸਕਦੇ। ਜੇਕਰ ਨਿੱਤ ਖੋਟਾ ਵਪਾਰ ਕਰਦੇ ਰਹੀਏ ਤਾਂ ਮਨ ਤੇ ਤਨ ਦੋਨੋਂ ਖੋਟੇ ਹੋ ਜਾਂਦੇ ਹਨ। ਖੋਟ ਮਨੁੱਖ ਦੇ ਅੰਦਰ ਰਚ ਜਾਂਦਾ ਹੈ। ਜਿਵੇਂ ਫਾਹੀ ਵਿੱਚ ਫਸਿਆ ਹੋਇਆ ਹਰਨ ਦੁਖੀ ਹੁੰਦਾ ਹੈ ਤਿਵੇਂ ਹੀ ਖੋਟ ਦੀ ਫਾਹੀ ਵਿੱਚ ਫਸ ਕੇ ਮਨੁੱਖ ਬਹੁਤ ਦੁਖੀ ਹੁੰਦਾ ਹੈ—

ਜਿਨਾ ਰਾਸਿ ਨ ਸਚੁ ਹੈ, ਕਿਉ ਤਿਨਾ ਸੁਖੁ ਹੋਇ॥
ਖੋਟੈ ਵਣਜਿ ਵਣੰਜਿਐ, ਮਨੁ ਤਨੁ ਖੋਟਾ ਹੋਇ॥
ਫਾਹੀ ਫਾਥੇ ਮਿਰਗ ਜਿਉ, ਦੂਖੁ ਘਣੋ ਨਿਤ ਰੋਇ॥

(ਸਿਰੀਰਾਗੁ, ਮ: ੧, ਪੰਨਾ ੨੩)

ਮਾਇਆ ਦੇ ਜਿੰਨੇ ਵੀ ਖਿਲਾਰੇ ਹਨ ਸਾਰੇ ਖੋਟਾ ਵਪਾਰ ਹੀ ਹਨ। ਮਨਮੁਖ ਇਸ ਵਿੱਚ ਫਸ ਕੇ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਉਸ ਦਾ ਮਨ ਪਰਮਾਤਮਾ ਦੇ ਨਾਮ ਵਿੱਚ ਨਹੀਂ ਭਿੱਜਦਾ। ਉਹ ਮੈਲੇ ਅਤੇ ਕਠੋਰ ਮਨ ਵਾਲਾ ਹੋ ਜਾਂਦਾ ਹੈ—

ਮਨਮੁਖ ਮਨੁ ਨ ਭਿਜਈ, ਅਤਿ ਮੈਲੇ ਚਿਤਿ ਕਠੋਰ॥
ਸਪੈ ਦੁਧੁ ਪੀਆਈਐ, ਅੰਦਰਿ ਵਿਸੁ ਨਿਕੋਰ॥

(ਸੂਹੀ, ਮ: ੩, ਪੰਨਾ ੭੫੫)

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥
ਹਉਮੈ ਕਰੈ ਬਹੁਤੀ ਮਿਲੈ ਸਜਾਇ॥ (ਸੂਹੀ, ਮ: ੪, ਪੰਨਾ ੭੩੩)

ਜਿਵੇਂ ਕੋਰੇ ਕੱਪੜੇ ਉੱਤੇ ਰੰਗ ਨਹੀਂ ਚੜ੍ਹਦਾ ਤਿਵੇਂ ਹੀ ਮਨਮੁਖ ਉੱਤੇ ਪ੍ਰਭੂ-ਪ੍ਰੇਮ ਦਾ ਰੰਗ ਨਹੀਂ ਚੜ੍ਹ ਸਕਦਾ।

ਮਨਮੁਖਿ ਮੁਗਧੁ ਨਰੁ ਕੋਰਾ ਹੋਇ॥
ਸੇ ਸਉ ਲੋਚੈ ਰੰਗੁ ਨ ਹੋਵੈ ਕੋਇ॥ (ਸੂਹੀ, ਮ: ੪, ਪੰਨਾ ੭੩੨)

ਮਨਮੁਖ ਦੇ ਅੰਦਰ ਪਰਮਾਤਮਾ ਦਾ ਡਰ ਨਹੀਂ ਹੁੰਦਾ। ਡਰ, ਅਦਬ ਤੋਂ ਬਿਨਾਂ ਮਨ ਰੂਪੀ ਕੱਪੜੇ ਨੂੰ ਪਾਹ ਨਹੀਂ ਲੱਗਦੀ। ਪਾਹ ਤੋਂ ਬਿਨਾਂ ਪੱਕਾ ਪ੍ਰੇਮ-ਰੰਗ ਨਹੀਂ ਚੜ੍ਹ ਸਕਦਾ, ਮਨ ਸਾਫ-ਸੁਥਰਾ ਨਹੀਂ ਹੋ ਸਕਦਾ।

ਮਨਮੁਖ ਧਨ ਆਦਿਕ ਦੁਨਿਆਵੀ ਪਦਾਰਥਾਂ ਨਾਲ ਪ੍ਰਭੂ ਦੇ ਨਾਮ ਨੂੰ ਨਹੀਂ ਖਰੀਦ ਸਕਦਾ। ਪ੍ਰਭੂ ਦੇ ਨਾਮ ਦੀ ਪ੍ਰਾਪਤੀ ਕਈ ਮਨ ਅਰਪਨ ਕਰਨਾ ਪੈਂਦਾ ਹੈ—

ਕੰਚਨ ਸਿਉ ਪਾਈਐ ਨਹੀ ਤੋਲਿ॥
ਮਨੁ ਦੇ ਰਾਮੁ ਲੀਆ ਹੈ ਮੋਲਿ॥

(ਗਉੜੀ, ਕਬੀਰ ਜੀ, ਪੰਨਾ ੩੨੭)

ਹਰਿ ਰਸ ਕੀ ਕੀਮਤਿ ਕਹੀ ਨ ਜਾਇ॥
ਹਰਿ ਰਸੁ ਸਾਧੂ ਹਾਟਿ ਸਮਾਇ॥
ਲਾਖ ਕਰੋਰੀ ਮਿਲੈ ਨ ਕੇਹ॥
ਜਿਸਹਿ ਪਰਾਪਤਿ ਤਿਸ ਹੀ ਦੇਹਿ॥ (ਆਸਾ, ਮ: ੫, ਪੰਨਾ ੩੭੭)

ਸੰਤ ਜਨਾਂ ਦੀ ਸੰਗਤਿ ਨਾਲ ਪ੍ਰਭੂ ਦਾ ਪ੍ਰੇਮ-ਰੰਗ ਪ੍ਰਾਪਤ ਕੀਤਾ ਜਾ ਸਕਦਾ ਹੈ—

ਜਿਸਹਿ ਪਰਾਪਤਿ ਸਾਧ ਸੰਗੁ॥
ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ॥ (ਬਸੰਤੁ, ਮ: ੫, ਪੰਨਾ ੧੧੮੧)

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸੰਤ ਜਨਾਂ ਦੀ ਸੇਵਾ ਨੂੰ ਮੈਂ 'ਹੋਲੀ' ਬਣਾਇਆ ਹੈ। ਸੰਤ ਜਨਾਂ ਦੀ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪਰਮਾਤਮਾ ਦੇ ਪ੍ਰੇਮ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ—

ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ॥

(ਬਸੰਤੁ, ਮ: ੫, ਪੰਨਾ ੧੧੮੦)

ਸੰਤ ਜਨ (ਗੁਰਮੁਖ) ਹੀ ਪ੍ਰਭੂ ਦੀ ਪ੍ਰਾਪਤੀ ਦੀ ਰਾਹ ਦੱਸਦੇ ਹਨ ਕਿ ਮਨ ਪ੍ਰਭੂ ਦੀ ਭੇਟਾ ਕਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਸੌਖਾ ਹੋ ਜਾਂਦਾ ਹੈ—

ਮੈ ਦਸਿਹੁ ਮਾਰਗੁ, ਕਿਉ ਪ੍ਰਭੂ ਮਿਲਾਈਆ॥

ਮਨੁ ਅਰਪਿਹੁ, ਹਉਮੈ ਤਜਹੁ, ਇਤੁ ਪੰਥਿ ਜੁਲਾਈਆ॥

ਨਿਤ ਸੇਵਿਹੁ ਸਾਹਿਬੁ ਆਪਣਾ, ਸਤਸੰਗਿ ਮਿਲਾਈਆ॥

(ਮਾਰੂ ਵਾਰ, ਮ: ੫, ਪੰਨਾ ੧੦੯੮)

ਮਨ ਦਾ ਅਹੰਕਾਰ ਗੁਰਮੁਖਾਂ ਦੀ ਸੰਗਤਿ ਤੋਂ ਬਿਨਾਂ ਦੂਰ ਨਹੀਂ ਹੁੰਦਾ—

ਹਉਮੈ ਮੂਲਿ ਨ ਛੁਟਈ, ਵਿਣੁ ਸਾਧੂ ਸਤਸੰਗੈ॥

(ਮਾਰੂ ਵਾਰ, ਮ: ੫, ਪੰਨਾ ੧੦੯੮)

ਜਿਹੜਾ ਮਨੁੱਖ ਗੁਰਮੁਖਾਂ ਦੀ ਸੰਗਤ ਵਿੱਚ ਰਹਿ ਕੇ ਹਰਿ-ਨਾਮ ਦਾ ਵਣਜ ਕਰਦਾ ਹੈ। ਦੁਨੀਆਂ ਦੇ ਝਗੜੇ, ਕਲੇਸ਼ ਆਦਿ ਉਸ ਉੱਤੇ ਆਪਣਾ ਜ਼ੋਰ ਨਹੀਂ ਪਾ ਸਕਦੇ—

ਹਰਿ ਕੇ ਨਾਮ ਕੋ ਆਧਾਰੁ॥

ਕਲਿ ਕਲੇਸ ਨ ਕਛੁ ਬਿਆਪੈ, ਸੰਤ ਸੰਗਿ ਬਿਉਹਾਰੁ॥

(ਕੇਦਾਰਾ, ਮ: ੫, ਪੰਨਾ ੧੧੨੧)

ਪਰ ਸੰਤ ਜਨਾਂ ਦੀ ਸੰਗਤ ਵੱਡੇ ਭਾਗਾਂ ਨਾਲ ਮਿਲਦੀ ਹੈ ਕਿਉਂਕਿ ਅਸਲ ਸੰਤ ਜਾਂ ਸਾਧ ਜਨ ਵਿਰਲੇ ਹੀ ਮਿਲਦੇ ਹਨ—

ਤੇਰਾ ਜਨੁ, ਏਕੁ ਆਧੁ ਕੋਈ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ, ਹਰਿ ਪਦੁ ਚੀਨੈ ਸੋਈ॥

(ਕੇਦਾਰਾ, ਬਾਣੀ ਕਬੀਰ ਜੀਉ ਕੀ, ਪੰਨਾ ੧੧੨੩)

ਅਸਲ ਸੰਤ ਦੀ ਪਛਾਣ ਕਰਨ ਲਈ ਅਤੇ ਥਾਂ-ਥਾਂ ਤੇ ਬਣਾਉਟੀ ਸੰਤਾਂ ਦੇ ਖਿਲਾਰੇ ਹੋਏ ਜਾਲਾਂ ਤੋਂ ਬਚਣ ਲਈ ਸੰਤ ਜਾਂ ਸਾਧ ਸ਼ਬਦ ਦੀ ਵਰਤੋਂ ਕਿਸ ਵਿਸ਼ੇਸ਼ ਅਤੇ ਮਹਾਨ ਵਿਅਕਤੀ ਲਈ ਕੀਤੀ ਗਈ ਹੈ, ਇਹ ਜਾਣ ਲੈਣਾ ਜ਼ਰੂਰੀ ਹੈ।

ਸੰਤਾਂ ਦੀ ਜੀਵਨ-ਜੁਗਤਿ ਸਦਾ ਆਤਮਕ ਅਡੋਲਤਾ ਵਾਲੀ ਅਤੇ ਬੜੀ ਪਵਿੱਤਰ ਹੁੰਦੀ ਹੈ। ਉਹ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਲੈਂਦੇ ਹਨ। ਉਹਨਾਂ ਨੇ ਗੁਣ ਅਤੇ ਔਗੁਣਾਂ ਦੀ ਪਰਖ ਕਰ ਲਈ ਹੁੰਦੀ ਹੈ। ਪਰਮਾਤਮਾ ਦਾ ਨਾਮ-ਰਸ ਹੀ ਸੰਤਾਂ ਵਾਸਤੇ ਦੁਨੀਆਂ ਵਾਲੇ ਵਿਸ਼ੇ ਭੋਗਾਂ ਦਾ ਸੁਆਦ ਹੁੰਦਾ ਹੈ। ਪਰਮਾਤਮਾ ਦੇ ਨਾਮ-ਰੰਗ ਨਾਲ ਰੰਗੀਜ ਕੇ ਉਹਨਾਂ ਦਾ ਮਨ ਗੂੜ੍ਹੇ ਲਾਲ ਰੰਗ ਵਾਲਾ ਹੋਇਆ ਰਹਿੰਦਾ ਹੈ। ਉਹ ਹਰਿ-ਨਾਮ ਦੇ ਰਸ ਨਾਲ ਮਸਤ ਰਹਿੰਦੇ ਹਨ— ਸੰਤਨ ਕੈ ਆਨੰਦੁ ਏਹੁ, ਨਿਤ ਹਰਿ ਗੁਣ ਗਾਏ॥ (੮੧੩) ਜਿਵੇਂ ਪਪੀਹਾ ਸਵਾਂਤੀ ਨਛੱਤਰ ਦੀ ਵਰਖਾ ਦੀ ਬੂੰਦ ਪੀ ਕੇ ਅਤੇ ਮੱਛੀ ਪਾਣੀ ਨਾਲ ਰਹਿ ਕੇ ਜੀਉਂਦੀ ਹੈ, ਤਿਵੇਂ ਸੰਤ

ਜਨ ਪਰਮਾਤਮਾ ਦੇ ਨਾਮ ਦੇ ਜਲ ਦੀ ਬੂੰਦ ਪੀ ਕੇ ਹੀ ਸੁਖੀ ਹੁੰਦੇ ਹਨ। ਅਸਲ ਸੰਤ ਉਹੀ ਹੈ ਜਿਹੜਾ ਪ੍ਰਭੂ ਨੂੰ ਭਾਉਂਦਾ ਹੈ। ਪਰਮਾਤਮਾ ਸੰਤਾਂ ਦੇ ਨਾਲ ਦਿਨ-ਰਾਤ ਵਸਦਾ ਹੈ। ਗੁਰ-ਵਾਕ ਹੈ—

ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮ॥ ੧॥ ਰਹਾਉ॥
ਸੰਤ ਕੈ ਊਪਰਿ ਦੇਇ ਪ੍ਰਭੁ ਹਾਥ॥ ਸੰਤ ਕੈ ਸੰਗਿ ਬਸੈ ਦਿਨੁ ਰਾਤਿ॥

(ਗੋਂਡ, ਮ: ੫, ਪੰਨਾ ੮੬੭)

ਸ੍ਰੀ ਗੁਰੂ ਅਰਜਨ ਦੇਵ ਜੀ ਸਲੋਕ ਸਹਸਕ੍ਰਿਤੀ (ਪੰਨਾ ੧੩੫੭) ਵਿੱਚ ਪੂਰਨ ਪੁਰਖ ਜਾਂ ਸੰਤ ਦੇ ਛੇ ਲੱਛਣ ਦੱਸਦੇ ਹਨ। ਜੋ ਸਦਾ ਪ੍ਰਭੂ ਦਾ ਨਾਮ ਜਪਦਾ ਹੈ, ਅਤੇ ਪਰਮਾਤਮਾ ਵਿੱਚ ਹੀ ਸੁਰਤਿ ਜੋੜੀ ਰੱਖਦਾ ਹੈ। ਸੁੱਖ-ਦੁੱਖ ਨੂੰ ਇੱਕ ਸਮਾਨ ਸਮਝਦਾ ਹੋਇਆ ਨਿਰਵੈਰ ਤੇ ਨਿਰਮਲ ਜੀਵਨ ਬਤੀਤ ਕਰਦਾ ਹੈ। ਜੀਵਾਂ ਉੱਤੇ ਦਇਆ ਕਰਦਾ ਹੋਇਆ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜਾਂ ਵਿਕਾਰਾਂ ਤੋਂ ਬਚ ਕੇ ਰਹਿੰਦਾ ਹੈ। ਪਰਮਾਤਮਾ ਦੇ ਕੀਰਤਨ ਨੂੰ ਹੀ ਭੋਜਨ ਸਮਝਦਾ ਹੈ, ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਦੁਸ਼ਮਣ ਅਤੇ ਮਿੱਤਰ ਸਾਰਿਆਂ ਦੇ ਚਰਨਾਂ ਦੀ ਧੂੜ ਬਣ ਕੇ ਰਹਿੰਦਾ ਹੈ ਅਤੇ ਕਦੇ ਕਿਸੇ ਦੀ ਨਿੰਦਾ ਨਹੀਂ ਸੁਣਦਾ।

ਜਿਸ ਮਨੁੱਖ ਉੱਤੇ ਪਰਮਾਤਮਾ ਮਿਹਰ ਕਰਦਾ ਹੈ, ਉਸ ਨੂੰ ਸਤਿਸੰਗ ਪ੍ਰਾਪਤ ਹੁੰਦਾ ਹੈ। ਜਿਉਂ-ਜਿਉਂ ਉਹ ਗੁਰੂ ਸੰਤ ਦੀ ਸੰਗਤ ਵਿੱਚ ਬੈਠਦਾ ਹੈ ਤਿਉਂ-ਤਿਉਂ ਉਸ ਉੱਤੇ ਪ੍ਰਭੂ ਦੇ ਨਾਮ ਦਾ ਰੰਗ ਚੜ੍ਹਦਾ ਹੈ—

ਕਿਰਪਾ ਕਰੇ ਜਿਸੁ ਪਾਰਬ੍ਰਹਮੁ, ਹੋਵੈ ਸਾਧੂ ਸੰਗੁ॥
ਜਿਉ ਜਿਉ ਓਹੁ ਵਧਾਈਐ, ਤਿਉ ਤਿਉ ਹਰਿ ਸਿਉ ਰੰਗੁ॥

(ਸਿਰੀਰਾਗੁ, ਮ: ੫, ਪੰਨਾ ੭੧)

ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ,
ਤਿਨੀ ਬ੍ਰਹਮੁ ਬਿਚਾਰਿਆ ਜੀਉ॥ (ਸਿਰੀਰਾਗੁ, ਮ: ੫, ਪੰਨਾ ੮੦)

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ,
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥

(ਧਨਾਸਰੀ, ਰਵੀਦਾਸ ਜੀ, ਪੰਨਾ ੬੯੪)

ਸਤਸੰਗਤਿ ਨਾਲ ਮਨ ਪਵਿੱਤਰ ਹੋ ਜਾਂਦਾ ਹੈ। ਕਾਮ, ਕ੍ਰੋਧ, ਅਹੰਕਾਰ, ਮਾਇਆ ਦਾ ਮੋਹ, ਈਰਖਾ—ਇਹਨਾਂ ਸਾਰੇ ਵਿਕਾਰਾਂ ਨੂੰ ਮਨੁੱਖ ਮਾਨੋ ਜੂਏ ਦੀ ਬਾਜ਼ੀ ਵਿੱਚ ਹਾਰ ਜਾਂਦਾ ਹੈ ਅਤੇ ਸਤ-ਸੰਤੋਖ, ਦਇਆ, ਧਰਮ, ਸੱਚ ਆਦਿਕ ਗੁਣਾਂ ਨੂੰ ਆਪਣੇ ਹਿਰਦੇ-ਘਰ ਵਿੱਚ ਲੈ ਆਉਂਦਾ ਹੈ—

ਕਾਮ ਕ੍ਰੋਧ ਮਾਇਆ ਮਦ ਮਤਸਰ, ਏ ਖੇਲਤ ਸਭਿ ਜੂਐ ਹਾਰੇ॥
ਸਤੁ ਸੰਤੋਖੁ ਦਇਆ ਧਰਮੁ ਸਚੁ, ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥

(ਆਸਾ, ਮ: ੫, ਪੰਨਾ ੩੭੯)

ਗੁਰੂ ਦੇ ਨਾਲ ਪਿਆਰ ਬਣ ਜਾਂਦਾ ਹੈ। ਗੁਰੂ ਦੀ ਸ਼ਰਨ ਤੋਂ ਬਿਨਾਂ ਕੋਈ ਮਨੁੱਖ ਨਾਮ-ਰੰਗ ਨਾਲ ਰੰਗਿਆ ਨਹੀਂ ਜਾ ਸਕਦਾ—

ਬਿਨੁ ਗੁਰ ਕੋਇ ਨ ਰੰਗੀਐ, ਗੁਰਿ ਮਿਲਿਐ ਰੰਗੁ ਚੜਾਉ॥
ਗੁਰ ਕੈ ਭੈ ਭਾਇ ਜੋ ਰਤੇ, ਸਿਫਤੀ ਸਚਿ ਸਮਾਉ॥

(ਆਸਾ, ਮ: ੩, ਪੰਨਾ ੪੨੭)

ਜਿਸ ਮਨੁੱਖ ਦੇ ਮਾਇਆ ਦੇ ਬੰਧਨ ਟੁੱਟਣ ਤੇ ਆਉਂਦੇ ਹਨ, ਉਸ ਨੂੰ ਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਗੁਰੂ ਦੀ ਸੰਗਤ ਵਿੱਚ ਰਹਿ ਕੇ ਜਿਹੜਾ ਮਨੁੱਖ ਇੱਕ ਪ੍ਰਭੂ ਦੇ ਪਿਆਰ-ਰੰਗ ਵਿੱਚ ਰੰਗਿਆ ਜਾਂਦਾ ਹੈ, ਉਸ ਦਾ ਮਨ ਅਤੇ ਤਨ ਗੂੜ੍ਹੇ ਰੰਗ ਵਾਲਾ ਹੋ ਜਾਂਦਾ ਹੈ। ਮਜੀਠ ਦੇ ਰੰਗ ਵਾਂਗ ਇਹ ਰੰਗ ਕਦੇ ਨਹੀਂ ਉਤਰਦਾ—

ਟੂਟੇ ਬੰਧਨ ਜਾਸੁ ਕੇ, ਹੋਆ ਸਾਧੂ ਸੰਗੁ॥
ਜੋ ਰਾਤੇ ਰੰਗ ਏਕ ਕੈ, ਨਾਨਕ ਗੂੜਾ ਰੰਗੁ॥

(ਗਉੜੀ, ਬਾਵਨ ਅਖਰੀ, ਮ: ੫, ਪੰਨਾ ੨੫੨)

ਗੁਰਸਿੱਖਾਂ ਲਈ ਬਾਣੀ ਹੀ ਗੁਰੂ ਹੈ। ਗੁਰ-ਸ਼ਬਦ ਅਨੁਸਾਰ ਜੀਵਨ ਘੜਨਾ ਹੀ ਗੁਰਮਤਿ ਅਨੁਸਾਰ ਚੱਲਣਾ ਹੈ। ਗੁਰੂ ਅਰਜਨ ਦੇਵ ਜੀ ਦਾ ਆਦੇਸ਼ ਹੈ—

ਗੁਰ ਕੈ ਸਬਦਿ ਬਨਾਵਹੁ ਇਹੁ ਮਨੁ॥
ਗੁਰ ਕਾ ਦਰਸਨੁ ਸੰਚਹੁ ਹਰਿ ਧਨੁ॥ (ਆਸਾ, ਮ: ੫, ਪੰਨਾ ੩੭੭)

ਭਾਵ, ਗੁਰੂ ਦੇ ਸ਼ਬਦ ਵਿੱਚ ਜੁੜ ਕੇ ਆਪਣੇ ਇਸ ਮਨ ਨਵੇਂ ਸਿਰਿਉਂ ਘੜੋ। ਗੁਰੂ ਦਾ ਸ਼ਬਦ ਹੀ ਗੁਰੂ ਦਾ ਦੀਦਾਰ ਹੈ। ਇਸ ਸ਼ਬਦ ਦੀ ਬਰਕਤ ਨਾਲ ਪਰਮਾਤਮਾ ਦਾ ਨਾਮ-ਧਨ ਇਕੱਠਾ ਕਰੋ। ਪਰਮਾਤਮਾ ਦੀ ਸਿਫਤਿ ਸਾਲਾਹ ਗੁਰੂ ਦੇ ਸ਼ਬਦ ਵਿੱਚ ਸੁਰਤਿ ਜੋੜ ਕੇ ਹੀ ਕੀਤੀ ਜਾ ਸਕਦੀ ਹੈ—

ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ॥

(ਸੂਹੀ, ਮ: ੩, ਪੰਨਾ ੭੫੫)

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦੀ ਸਿਫਤਿ-ਸਾਲਾਹ ਵਾਲੇ ਗੁਰ-ਸ਼ਬਦ ਦੀ ਰਾਹੀਂ ਮਨ ਨੂੰ ਸਮਝਾਉਣਾ ਚਾਹੀਦਾ ਹੈ। ਜਿਹੜੇ ਮਨੁੱਖ ਪ੍ਰਭੂ ਦੇ ਪਿਆਰ ਵਿੱਚ ਰੰਗੇ ਹੁੰਦੇ ਹਨ, ਉਹਨਾਂ ਨੂੰ ਖੋਟੇ ਭਰਮਾਂ ਦਾ ਭਾਰ ਨਹੀਂ ਸਹਾਰਨਾ ਪੈਂਦਾ। ਉਹਨਾਂ ਦਾ ਮਨ ਖੋਟੇ ਕਰਮਾਂ ਵੱਲ ਨਹੀਂ ਦੌੜਦਾ।

ਪਰਮਾਤਮਾ ਦਾ ਨਾਮ ਜਪ ਕੇ ਆਤਮਿਕ ਲਾਭ ਖੱਟ ਲਈਦਾ ਹੈ ਅਤੇ ਪ੍ਰਭੂ ਮਨ ਵਿੱਚ ਵੱਸ ਜਾਂਦਾ ਹੈ—

ਨਾਨਕ ਮਨੁ ਸਮਝਾਈਐ, ਗੁਰ ਕੈ ਸਬਦਿ ਸਾਲਾਹ॥
ਰਾਮ ਨਾਮ ਰੰਗਿ ਰਤਿਆ, ਭਾਰੁ ਨ ਭਰਮੁ ਤਿਨਾਹ॥
ਹਰਿ ਜਪਿ ਲਾਹਾ ਅਗਲਾ, ਨਿਰਭਉ ਹਰਿ ਮਨ ਮਾਹ॥

(ਸਿਰੀ ਰਾਗੁ, ਮ: ੧, ਪੰਨਾ ੨੩)

ਜਿਹੜਾ ਮਨੁੱਖ ਗੁਰ-ਸ਼ਬਦ ਨਾਲ ਜੁੜ ਕੇ ਸ਼ਬਦ ਅਨੁਸਾਰ ਆਪਣਾ ਜੀਵਨ ਬਣਾ ਲੈਂਦਾ ਹੈ ਉਸ ਦੀ ਜੀਭ ਨਾਮ ਦੇ ਸੁਆਦ ਵਿੱਚ ਗਿੱਝ ਜਾਂਦੀ ਹੈ। ਉਹ ਪਰਮਾਤਮਾ ਦੇ ਨਾਮ ਨਾਲ ਸਾਂਝ ਪਾ ਲੈਂਦਾ ਹੈ। ਉਹ ਪ੍ਰਭੂ ਦੇ ਪ੍ਰੇਮ-ਰੰਗ ਵਿੱਚ ਟਿਕ ਕੇ ਹਰ ਵੇਲੇ ਮਾਇਆ ਦੇ ਹਮਲਿਆਂ ਤੋਂ ਸੁਚੇਤ ਰਹਿੰਦਾ ਹੈ। ਉਸ ਦਾ ਮਨ ਮਾਇਆ ਵੱਲੋਂ ਰੱਜ ਜਾਂਦਾ ਹੈ। ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ—

ਰਸਨਾ ਸਬਦੁ ਵੀਚਾਰਿ ਰਸਿ ਰਾਤੀ, ਲਾਲ ਭਈ ਰੰਗੁ ਲਾਈ॥
ਰਾਮ ਨਾਮੁ ਨਿਹਕੇਵਲੁ ਜਾਣਿਆ, ਮਨੁ ਤ੍ਰਿਪਤਿਆ ਸਾਂਤਿ ਆਈ॥

(ਸਾਰਗ, ਮ: ੩, ਪੰਨਾ ੧੨੩੪)

ਰੋਗ ਦੋਖ ਗੁਰ ਸਬਦਿ ਨਿਵਾਰੇ॥ ਨਾਮ ਅਉਖਧੁ ਮਨ ਭੀਤਰਿ ਸਾਰੇ॥
ਗੁਰ ਭੇਟਤ ਮਨਿ ਭਇਆ ਅਨੰਦ॥ ਸਰਬ ਨਿਧਾਨ ਨਾਮ ਭਗਵੰਤ॥

(ਭੈਰਉ, ਮ: ੫, ਪੰਨਾ ੧੧੪੯)

ਪਰਮਾਤਮਾ ਦੇ ਨਾਮ ਰੰਗ ਵਿੱਚ ਰੰਗਿਆਂ ਸਾਰੇ ਡਰ ਦੂਰ ਹੋ ਜਾਂਦੇ ਹਨ, ਹਰੇਕ ਕਿਸਮ ਦੀ ਚਿੰਤਾ ਮਿਟ ਜਾਂਦੀ ਹੈ—

ਹਰਿ ਸੰਗਿ ਰਾਤੇ ਭਾਹਿ ਨ ਜਲੈ॥
ਹਰਿ ਸੰਗਿ ਰਾਤੇ ਮਾਇਆ ਨਹੀ ਛਲੈ॥
ਹਰਿ ਸੰਗਿ ਰਾਤੇ ਨਹੀ ਡੂਬੈ ਜਲਾ॥
ਹਰਿ ਸੰਗਿ ਰਾਤੇ ਸੁਫਲ ਫਲਾ॥ (ਗਉੜੀ, ਮ: ੫, ਪੰਨਾ ੨੦੧)

ਗੁਰ-ਸ਼ਬਦ ਦੀ ਕਮਾਈ ਕਰਨ ਤੋਂ ਬਿਨਾਂ ਮਨੁੱਖ ਮਾਇਕ ਧੰਦਿਆਂ ਵਿੱਚ ਲਿਪਤ ਹੋ ਕੇ ਖਿਝਦਾ ਰਹਿੰਦਾ ਹੈ। ਇਸ ਲਈ ਉਸ ਦਾ ਮਨ ਪ੍ਰਭੂ ਦੇ ਪਿਆਰ ਵਿੱਚ ਰੰਗਿਆ ਨਹੀਂ ਜਾਂਦਾ—

ਰੰਗਿ ਨ ਰਾਤਾ ਰਸਿ ਨਹੀ ਮਾਤਾ॥
ਬਿਨੁ ਗੁਰ ਸਬਦੈ ਜਲਿ ਬਲਿ ਤਾਤਾ॥ (ਸਿਧ ਗੋਸਟਿ, ਪੰਨਾ ੯੪੫)

ਸ਼ਬਦ ਨੂੰ ਮਨ ਵਿੱਚ ਵਸਾਉਣ ਵਾਲਾ ਆਪਣੇ ਅੰਦਰੋਂ ਹਉਮੈ ਅਤੇ ਤ੍ਰਿਸ਼ਨਾ ਨੂੰ ਮੁਕਾ ਲੈਂਦਾ ਹੈ। ਉਸ ਨੂੰ ਆਤਮਿਕ ਜੀਵਨ ਦੀ ਸੋਝੀ ਹੋ ਜਾਂਦੀ ਹੈ। ਉਹ

ਆਤਮਿਕ ਅਡੋਲਤਾ ਵਿੱਚ ਟਿਕ ਕੇ ਪ੍ਰਭੂ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਦਾ ਹੈ। ਉਹ ਇਹ ਸਮਝ ਜਾਂਦਾ ਹੈ ਕਿ ਊਚ-ਨੀਚ, ਅਮੀਰ-ਗਰੀਬ ਸਾਰਿਆਂ ਵਿੱਚ ਇੱਕ ਪ੍ਰਭੂ ਦੀ ਹੀ ਜੋਤਿ ਪਸਰ ਰਹੀ ਹੈ। ਪਰਮਾਤਮਾ ਦੇ ਪ੍ਰੇਮ ਰੰਗ ਵਿੱਚ ਰੰਗਿਆ ਹੋਇਆ ਦੁਨੀਆ ਦੀ ਕਿਰਤ-ਕਾਰ ਕਰਦਾ ਹੋਇਆ ਵੀ ਮੋਹ ਮਾਇਆ ਤੋਂ ਨਿਰਲੇਪ ਰਹਿੰਦਾ ਹੈ—

ਸਬਦਿ ਵੀਚਾਰਿ ਸਦਾ ਰੰਗਿ ਰਾਤੇ, ਹਉਮੈ ਤ੍ਰਿਸਨਾ ਮਾਰੀ॥
ਅੰਤਰਿ ਨਿਹਕੇਵਲੁ ਹਰਿ ਰਵਿਆ, ਸਭੁ ਆਤਮ ਰਾਮੁ ਮੁਰਾਰੀ॥

(ਸਾਰਗ, ਮ: ੩, ਅਸਟ, ਪੰਨਾ ੧੨੩੩)

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ, ਸਹਜੇ ਰਹੇ ਸਮਾਈ॥
ਸਬਦਿ ਰਤੇ ਸੇ ਰੰਗਿ ਚਲੂਲੇ, ਰਾਤੇ ਸਹਜਿ ਸੁਭਾਈ॥

(ਸਾਰਗ, ਮ: ੩, ਅਸਟ, ਪੰਨਾ ੧੨੩੪)

ਨਾਮ-ਰੰਗ ਦੇ ਆਨੰਦ ਦੇ ਮੁਕਾਬਲੇ ਚੰਗੇ ਭੋਜਨ, ਪੋਸ਼ਾਕ, ਹਾਥੀ-ਘੋੜੇ ਆਦਿਕ ਸੰਪਤੀਆਂ ਤੁੱਛ ਲਗਦੀਆਂ ਹਨ—

ਮਨੁ ਰਤਾ ਗੋਵਿੰਦ ਸੰਗਿ, ਸਚੁ ਭੋਜਨੁ ਜੋੜੇ॥
ਪ੍ਰੀਤਿ ਲਗੀ ਹਰਿ ਨਾਮ ਸਿਉ, ਏ ਹਸਤੀ ਘੋੜੇ॥

(ਗਉੜੀ ਕੀ ਵਾਰ, ਮ: ੫, ਪੰਨਾ ੩੨੩)

ਪ੍ਰੇਮ-ਰੰਗ ਵਿੱਚ ਰੰਗਿਆ ਹੋਇਆ ਇੱਕ ਪ੍ਰਭੂ ਨੂੰ ਛੱਡ ਕੇ ਦੂਸਰੇ ਆਸਰੇ ਦੀ ਭਾਲ ਨਹੀਂ ਕਰਦਾ—

ਏਕਾ ਖੋਜੈ, ਏਕ ਪ੍ਰੀਤਿ॥ ਦਰਸਨ ਪਰਸਨ ਹੀਤ ਚੀਤਿ॥
ਹਰਿ ਰੰਗ ਰੰਗਾ ਸਹਜਿ ਮਾਣੁ॥ ਨਾਨਕ ਦਾਸ ਤਿਸੁ ਜਨ ਕੁਰਬਾਣੁ॥

(ਬਸੰਤੁ, ਮ: ੫, ਪੰਨਾ ੧੧੮੦)

ਉਸ ਦੇਂ ਅੰਦਰ ਹੀ ਜੁੜੇ ਮਨ ਨਾਲ ਪਰਮਾਤਮਾ ਦੀ ਭਗਤੀ ਹੁੰਦੀ ਰਹਿੰਦੀ ਹੈ। ਉਹ ਹਰ ਥਾਂ ਸਿਰਫ ਪਰਮਾਤਮਾ ਨੂੰ ਹੀ ਵਸਦਾ ਵੇਖਦਾ ਹੈ—

ਅੰਤਰਿ ਪੂਜਾ ਮਨ ਤੇ ਹੋਇ॥ ਏਕੋ ਵੇਖੈ ਅਉਰੁ ਨ ਕੋਇ॥

(ਬਸੰਤੁ, ਮ: ੩, ਪੰਨਾ ੧੧੭੩)

ਦੁਨੀਆਂ ਵਾਲੀ ਸਾਰੀ ਪ੍ਰੀਤਿ ਭੁੱਲ ਜਾਂਦੀ ਹੈ—

ਗੋਬਿਦ ਪ੍ਰੀਤਿ ਲਗੀ ਅਤਿ ਮੀਠੀ, ਅਵਰ ਵਿਸਰਿ ਸਭ ਜਾਇ॥
ਅਨਦਿਨੁ ਰਹਸੁ ਭਇਆ ਮਨੁ ਮਾਨਿਆ, ਜੋਤੀ ਜੋਤਿ ਮਿਲਾਇ॥

(ਸਾਰਗ, ਮ: ੪, ਪੰਨਾ ੧੧੯੯)

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩ ॥

ਜਹ ਜਹ ਜਾਉ ਤਹਾ ਤੇਰੀ ਸੇਵਾ॥

ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ੪ ॥

(ਸੋਰਠਿ, ਰਵਿਦਾਸ ਜੀ, ਪੰਨਾ ੬੫੯)

ਜਿਸ ਮਨੁੱਖ ਦੇ ਮਨ ਨੂੰ ਐਸਾ ਪ੍ਰਭੂ-ਪ੍ਰੇਮ ਦਾ ਰੰਗ ਚੜ੍ਹਦਾ ਹੈ, ਉਹ ਰੰਗ ਫਿਰ ਕਦੇ ਨਹੀਂ ਲਹਿੰਦਾ। ਦੁਨੀਆਂ ਦੇ ਰਸ, ਭੋਗ, ਲਾਲਚ, ਮੋਹ ਉਸ ਨੂੰ ਉਸ ਨੂੰ ਜੀਵਨ-ਮਾਰਗ ਤੋਂ ਭਟਕਾ ਨਹੀਂ ਸਕਦੇ, ਕਿਉਂਕਿ ਦੁਨੀਆਂ ਦੇ ਪਦਾਰਥਾਂ ਵਾਲੀ ਚਿੰਤਾ ਤੋਂ ਉਹ ਮੁਕਤ ਹੋ ਗਿਆ ਹੁੰਦਾ ਹੈ। ਉਹ ਸੰਕਟ ਜਾਂ ਬਿਪਤਾ ਵਿੱਚ ਡੋਲਦਾ ਨਹੀਂ। ਪ੍ਰਭੂ-ਪ੍ਰੇਮ ਵਿੱਚ ਉਹ ਸਦਾ ਆਤਮਿਕ ਆਨੰਦ ਦਾ ਅਨੁਭਵ ਕਰਦਾ ਹੈ। ਉਸ ਦੀ ਆਤਮਿਕ ਉੱਚਤਾ ਨੂੰ ਕਦੇ ਬੁਢਾਪਾ ਜਾਂ ਮੌਤ ਨਹੀਂ ਆਉਂਦੀ। ਪ੍ਰਭੂ-ਪ੍ਰੇਮ ਦਾ ਰੰਗ ਮਜੀਠ ਦੇ ਰੰਗ ਵਰਗਾ ਪੱਕਾ ਹੁੰਦਾ ਹੈ। ਮਜੀਠ ਦੇ ਰੰਗ ਵਿੱਚ ਰੰਗੇ ਕੱਪੜੇ ਪਾਟ ਤਾਂ ਜਾਂਦੇ ਹਨ ਪਰ ਉਹਨਾਂ ਦਾ ਰੰਗ ਨਹੀਂ ਉਤਰਦਾ। ਇਸੇ ਤਰ੍ਹਾਂ ਸਰੀਰ ਰੂਪੀ ਕੱਪੜਾ ਨਾਸ਼ ਤਾਂ ਹੋ ਸਕਦਾ ਹੈ, ਪਰ ਨਾਮ ਦਾ ਭਾਗਾਂ ਵਾਲਾ ਰੰਗ ਕਦੇ ਨਹੀਂ ਉਤਰਦਾ, ਨਾ ਹੀ ਇਸ ਉੱਤੇ ਵਿਕਾਰਾਂ ਦੀ ਮੈਲ ਲੱਗਦੀ ਹੈ—

ਸੰਪਤ ਹਰਖੁ ਨ ਆਪਤ ਦੂਖਾ, ਰੰਗੁ ਠਾਕੁਰੈ ਲਾਗਿਓ॥

(ਗਉੜੀ ਮਾਲਾ, ਮ: ੫, ਪੰਨਾ ੨੧੫)

ਧਾਤੁ ਮਿਲੈ ਫੁਨਿ ਧਾਤੁ ਕਉ, ਸਿਫਤੀ ਸਿਫਤਿ ਸਮਾਇ॥

ਲਾਲੁ ਗੁਲਾਲੁ ਗਹਬਰਾ, ਸਚਾ ਰੰਗੁ ਚੜਾਉ॥

ਸਚੁ ਮਿਲੈ ਸੰਤੋਖੀਆ, ਹਰਿ ਜਪਿ ਏਕੈ ਭੈਇ॥

(ਸਿਰੀਰਾਗੁ, ਮ: ੧, ਪੰਨਾ ੧੮)

ਲਾਲ ਰੰਗੁ ਤਿਸ ਕਉ ਲਗਾ, ਜਿਸਕੇ ਵਡਭਾਗਾ॥

ਮੈਲਾ ਕਦੇ ਨ ਹੋਵਈ, ਨਹ ਲਾਗੈ ਦਾਗਾ॥

(ਬਿਲਾਵਲੁ, ਮ: ੫, ਪੰਨਾ ੮੦੮)

ਨਾਮ-ਰੰਗ ਵਿੱਚ ਰੰਗਿਆ ਹੋਇਆ ਮਨੁੱਖ ਮਾਨੋ ਗੂੜ੍ਹੇ ਲਾਲ ਰੰਗ ਵਾਲਾ ਹੋ ਜਾਂਦਾ ਹੈ, ਉਹ ਸਿਰਜਣਹਾਰ/ਪਰਮਾਤਮਾ ਦਾ ਰੂਪ ਹੋ ਜਾਂਦਾ ਹੈ—

ਹਰਿ ਰੰਗਿ ਰਾਤਾ, ਸੋ ਮਨੁ ਸਾਚਾ॥

ਲਾਲ ਰੰਗ ਪੂਰਨ ਪੁਰਖੁ ਬਿਧਾਤਾ॥ (ਗਉੜੀ, ਮ: ੫, ਪੰਨਾ ੧੯੪)

ਪਰ ਐਸਾ ਭਾਗਾਂ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ—

ਨਾਮੁ ਨਿਰੰਜਨੁ ਨਿਰਮਲਾ, ਸੁਣਿਐ ਸੁਖੁ ਹੋਈ॥

ਸੁਣਿ ਸੁਣਿ ਮੰਨਿ ਵਸਾਈਐ, ਬੂਝੈ ਜਨੁ ਕੋਈ॥

(ਸਾਰਗ ਕੀ ਵਾਰ, ਮ: ੪, ਪੰਨਾ ੧੨੩੯)

ਨਾਮ-ਰੰਗ ਵਿੱਚ ਰੰਗਿਆ ਹੋਇਆ ਹੀ ਸੁਖੀ ਜੀਵਨ ਵਾਲਾ ਕਿਹਾ ਜਾ ਸਕਦਾ ਹੈ:-

ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਹਾਨੀ॥

(ਮਹਲਾ ੫, ੧੧੯੬)

ਗੁਰੂ ਰਾਮ ਦਾਸ ਜੀ ਸੁਖੀ ਜੀਵਨ ਦੇ ਮਾਰਗ ਤੇ ਚੱਲਣ ਲਈ ਇਉਂ ਪ੍ਰੇਰਦੇ ਹਨ—

ਮਨੁ ਰੰਗਹੁ ਵਡਭਾਗੀਹੋ, ਗੁਰੁ ਤੁਠਾ ਕਰੇ ਪਸਾਉ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ, ਹਉ ਸਤਿਗੁਰ ਕੈ ਬਲਿ ਜਾਉ॥
ਬਿਨੁ ਸਹਿਗੁਰ ਹਰਿ ਨਾਮੁ ਨ ਲਭਈ, ਲਖ ਕੋਟੀ ਕਰਮ ਕਮਾਉ॥

(ਸਿਰੀਰਾਗੁ, ਮ: ੪, ਪੰਨਾ ੪੦)

ਹਰਿ ਨਾਨਾ ਹਰਿ ਰੰਙੁ ਹੈ, ਹਰਿ ਰੰਙੁ ਮਜੀਠੈ ਰੰਙੁ॥
ਗੁਰਿ ਤੁਠੈ ਹਰਿ ਰੰਗੁ ਚਾੜਿਆ, ਫਿਰਿ ਬਹੁੜਿ ਨਾ ਹੋਵੀ ਭੰਙ॥

(ਸੂਹੀ, ਮ: ੪, ਪੰਨਾ ੭੩੧)

ਹੇ ਭਾਈ! ਹਰਿ-ਨਾਮ ਦਾ ਸਿਮਰਨ (ਮਨੁੱਖ ਦੇ ਮਨ ਵਿਚ) ਹਰੀ ਦਾ ਪਿਆਰ ਪੈਦਾ ਕਰਦਾ ਹੈ ਤੇ, ਇਹ ਹਰੀ-ਨਾਲ-ਪਿਆਰ ਮਜੀਠ ਦੇ ਰੰਗ ਵਰਗਾ ਪੱਕਾ ਪਿਆਰ ਹੁੰਦਾ ਹੈ। ਜੇ ਕਿਸੇ ਮਨੁੱਖ ਉਤੇ ਗੁਰੂ ਤੁੱਠ ਕੇ ਉਸ ਨੂੰ ਹਰਿ-ਨਾਮ ਦਾ ਰੰਗ ਚਾੜ੍ਹ ਦੇਵੇ ਤਾਂ ਮੁੜ ਉਸ ਰੰਗ (ਪਿਆਰ) ਦਾ ਕਦੇ ਨਾਸ ਨਹੀਂ ਹੁੰਦਾ।

ਮਨਮੁਖਿ ਰੈਣਿ ਅੰਧਾਰਿ

ਮਨੁੱਖੀ ਮਨ ਚੰਚਲ ਹੈ। ਇਹ ਦਸੀਂ ਪਾਸੀਂ ਦੌੜਦਾ ਰਹਿੰਦਾ ਹੈ। ਇਸ ਨੂੰ ਵੱਸ ਵਿੱਚ ਕਰਨਾ ਆਸਾਨ ਨਹੀਂ ਹੈ। ਇਹ ਜਲਦੀ ਹੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵਿਕਾਰਾਂ ਦਾ ਅਸਰ ਕਬੂਲ ਕਰ ਲੈਂਦਾ ਹੈ—

ਇਹੁ ਮਨੂਆ ਦਹ ਦਿਸਿ ਧਾਵਦਾ, ਦੂਜੈ ਭਾਇ ਖੁਆਇਆ॥

(ਸੋਰਠਿ, ਮ: ੩, ਪੰਨਾ ੫੯੯)

ਕੋਈ ਵਿਰਲਾ ਹੀ ਇਸ ਮਨ ਨੂੰ ਵੱਸ ਵਿੱਚ ਕਰਕੇ ਉੱਚਾ ਆਤਮਿਕ ਜੀਵਨ ਪ੍ਰਾਪਤ ਕਰਦਾ ਹੈ। ਜਿਹੜਾ ਗੁਰ-ਸ਼ਬਦ ਰਾਹੀਂ ਅਜਿੱਤ ਮਨ ਨੂੰ ਜਿੱਤ ਲੈਂਦਾ ਹੈ ਉਹ ਜੀਵਨ-ਸੰਗ੍ਰਾਮ ਵਿੱਚ ਸਫਲ ਹੋ ਜਾਂਦਾ ਹੈ, ਉਸ ਨੂੰ ਗੁਰਮੁਖ ਕਿਹਾ ਜਾਂਦਾ ਹੈ ਅਤੇ ਜਿਹੜਾ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ, ਗੁਰੂ ਦੇ ਸ਼ਬਦ ਨਾਲ ਸਾਂਝ ਨਹੀਂ ਪਾਉਂਦਾ, ਉਹ ਮਨ ਦੇ ਪਿੱਛੇ ਤੁਰਨ ਲੱਗ ਜਾਂਦਾ ਹੈ ਅਤੇ ਮਨਮੁਖ ਅਖਵਾਉਂਦਾ ਹੈ—

ਜਿਨੀ ਰਾਮੋ ਰਾਮ ਨਾਮੁ ਵਿਸਾਰਿਆ, ਸੇ ਮਨਮੁਖ ਮੂੜ ਅਭਾਗੀ ਰਾਮ॥
ਤਿਨ ਅੰਤਰੇ ਮੋਹੁ ਵਿਆਪੈ, ਖਿਨੁ ਖਿਨੁ ਮਾਇਆ ਲਾਗੀ ਰਾਮ॥

(ਆਸਾ, ਮ: ੪, ਪੰਨਾ ੪੪੩)

ਸੇ ਮਨਮੁਖ, ਜੋ ਸਬਦੁ ਨ ਪਛਾਣਹਿ॥
ਗੁਰ ਕੇ ਭੈ ਕੀ ਸਾਰ ਨ ਜਾਣਹਿ॥

(ਮਾਰੂ, ਸੋਲਹੇ, ਮ: ੩, ਪੰਨਾ ੧੦੫੪)

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ, ਨ ਉਰਵਾਰਿ ਨ ਪਾਰੇ॥

(ਬਿਲਾਵਲੁ, ਮ: ੩, ਪੰਨਾ ੭੯੭)

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਨਾਨਕ, ਸੰਸਾਰ ਰੁੱਖ ਰੂਪ ਹੈ ਇਸ ਨੂੰ ਮਾਇਆ ਦਾ ਮੋਹ ਰੂਪ ਇਕ ਫਲ ਲੱਗਾ ਹੋਇਆ ਹੈ, ਉਸ ਰੁੱਖ ਉਤੇ ਦੋ ਕਿਸਮ ਦੇ ਗੁਰਮੁਖ ਤੇ ਮਨਮੁਖ ਪੰਛੀ ਹਨ। ਉਨ੍ਹਾਂ ਪੰਛੀਆਂ ਨੂੰ ਖੰਭ ਨਹੀਂ ਹਨ ਤੇ ਉਹ ਆਉਂਦੇ ਜਾਂਦੇ ਦਿਸਦੇ ਨਹੀਂ (ਭਾਵ ਇਹ ਨਹੀਂ ਪਤਾ ਲਗਦਾ ਕਿ ਇਹ ਜੀਵ ਪੰਛੀ ਕਿਧਰੋਂ ਆਉਂਦੇ ਹਨ ਤੇ ਕਿਧਰ ਚਲੇ ਜਾਂਦੇ ਹਨ। ਬਹੁਤੇ ਰੰਗਾਂ ਵਿੱਚ ਸੁਆਦ ਲੈਣ ਵਾਲੇ ਨੇ ਰਸਾਂ ਨੂੰ ਚਖਿਆ ਹੈ—ਤੇ ਨਿਰਚਾਹ ਗੁਰਮੁਖ ਪੰਛੀ ਸ਼ਬਦ ਵਿਚ ਲੀਨ ਰਹਿੰਦਾ ਹੈ।

ਹੇ ਨਾਨਕ, ਹਰੀ ਦੀ ਕ੍ਰਿਪਾ ਨਾਲ ਜਿੰਨ੍ਹਾਂ ਦੇ ਮੱਥੇ ਤੇ ਸੱਚਾ ਟਿੱਕਾ ਹੈ ਉਹ ਨਾਮ ਦੇ ਰਸ ਰੂਪ ਫਲ ਤੇ ਸੁਆਦ ਵਿਚ ਮਸਤ ਹਨ।

ਨਾਨਕ ਤਰਵਰੁ ਏਕੁ ਫਲੁ, ਦੁਇ ਪੰਖੇਰੂ ਆਹਿ॥
ਆਵਤ ਜਾਤ ਨ ਦੀਸਹੀ, ਨਾ ਪਰ ਪੰਖੀ ਤਾਹਿ॥

ਬਹੁਰੰਗੀ ਰਸ ਭੋਗਿਆ, ਸਬਦਿ ਰਹੈ ਨਿਰਬਾਣੁ ॥
ਹਰਿ ਰਸਿ ਫਲਿ ਰਾਤੇ ਨਾਨਕਾ, ਕਰਮਿ ਸਚਾ ਨੀਸਾਣੁ ॥

(ਮ: ੩, ਪੰਨਾ ੫੫੦)

ਮਨ ਦੇ ਪਿੱਛੇ ਲੱਗ ਕੇ ਆਪਣਾ ਹਰੇਕ ਕੰਮ ਕਰਨ ਵਾਲੇ (ਮਨਮੁਖ) ਸੰਸਾਰ ਵਿੱਚ ਆ ਕੇ ਉਹੀ ਪੂੰਜੀ ਜੋੜਦੇ ਹਨ, ਉਹੀ ਖਿਲਾਰਾ ਖਿਲਾਰਦੇ ਹਨ ਜਿਹੜਾ ਰੱਬੀ ਟਕਸਾਲ ਵਿੱਚ ਖੋਟਾ ਮੰਨਿਆ ਜਾਂਦਾ ਹੈ। ਉਹ ਉਹੀ ਕਮਾਈ ਕਦੇ ਹਨ ਜਿਹੜੀ ਨਾਸ਼ਵੰਤ ਹੈ। ਅਗਿਆਨਤਾ ਦੇ ਕਾਰਨ ਆਪਣਾ ਸਾਰਾ ਜੀਵਨ ਦੁੱਖ, ਮਾਨਸਿਕ ਅਸ਼ਾਂਤੀ ਅਤੇ ਭਟਕਣ ਵਿੱਚ ਗਵਾ ਦਿੰਦੇ ਹਨ—

ਮਨਮੁਖ ਖੋਟੀ ਰਾਸਿ, ਖੋਟਾ ਪਾਸਾਰਾ ॥
ਕੂੜੁ ਕਮਾਵਨਿ, ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ,
ਮਰਿ ਜਨਮਹਿ ਜਨਮੁ ਗਵਾਵਣਿਆ ॥

(ਮਾਝ, ਅਸਟ, ਮ: ੩, ਪੰਨਾ ੧੧੬)

ਮਨਮੁਖਿ ਅੰਧਾ ਅੰਧੁ ਕਮਾਵੈ, ਬਿਖੁ ਖਟੇ ਸੰਸਾਰੇ ॥
ਮਾਇਆ ਮੋਹਿ ਸਦਾ ਦੁਖੁ ਪਾਇ, ਬਿਨੁ ਗੁਰ ਅਤਿ ਪਿਆਰੇ ॥

(ਸੂਹੀ, ਮ: ੩, ਪੰਨਾ ੭੫੩)

ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ (ਆਪਣੇ ਵਲੋਂ) ਪ੍ਰਭੂ ਦੀ ਭਗਤੀ ਕਰਦੇ ਹਨ, ਪਰ ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਉਹ ਮਨੁੱਖ ਹਉਮੈ ਵਿੱਚ, ਮਾਇਆ ਦੇ ਰੋਗ ਵਿਚ ਫਸੇ ਰਹਿੰਦੇ ਹਨ ਅਤੇ ਜਨਮ-ਮਰਨ ਦਾ ਦੁੱਖ ਸਹਿੰਦੇ ਹਨ। ਨਕਲੀ ਸਾਧਾਂ-ਸੰਤਾਂ ਦੇ ਪਿਛੇ ਲੱਗ ਕੇ ਫੋਕਟ ਕਰਮਾਂ ਵਿਚ ਫਸੇ ਰਹਿੰਦੇ ਹਨ, ਨਾਮ ਨਹੀਂ ਸਿਮਰਦੇ ਅਤੇ ਪ੍ਰਭੂ-ਪ੍ਰੀਤ ਤੋਂ ਸੱਖਣੇ ਰਹਿੰਦੇ ਹਨ—

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ,
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ, ਮਰਿ ਜਨਮਹਿ ਦੁਖੁ ਹੋਈ ਰਾਮ ॥

(ਸੂਹੀ, ਮ: ੩, ਪੰਨਾ ੭੬੮)

ਨਾਮੁ ਨ ਚੇਤਹਿ, ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਆਚਾਰੁ ॥

(ਗੂਜਰੀ ਕੀ ਵਾਰ, ਸਲੋਕ ਮ ੩, ਪੰਨਾ ੫੦੮)

ਪੂਜਾ ਕਰਹਿ, ਪਰੁ ਬਿਧਿ ਨਹੀ ਜਾਣਹਿ, ਦੂਜੈ ਭਾਇ ਮਲੁ ਲਾਈ॥

(ਰਾਮਕਲੀ, ਮ: ੩, ਪੰਨਾ ੯੧੦)

ਮਨਮੁਖ ਪ੍ਰਭੂ ਤੋਂ ਬਿਨਾਂ ਹੋਰ ਆਸਰੇ ਦੀ ਭਾਲ ਵਿੱਚ ਆਪਣੇ ਸੁਆਰਥ ਦੇ ਸੁਭਾਅ ਵਿੱਚ ਹੀ ਬੋਲਦਾ ਹੈ। ਮਾਇਆ ਦੇ ਮੋਹ ਵਿੱਚ ਉਸ ਦੀ ਅਕਲ ਅੰਨ੍ਹੀ ਹੋ ਜਾਂਦੀ ਹੈ। ਉਸ ਨੂੰ ਕਿਤੇ ਪਰਮਾਤਮਾ ਨਹੀਂ ਦਿਸਦਾ—

ਸਭੁ ਕੋ ਬੋਲੈ ਆਪਣ ਭਾਣੈ॥

ਮਨਮੁਖੁ ਦੂਜੈ ਬੋਲਲਿ ਨ ਜਾਣੈ॥

ਅੰਧੁਲੇ ਕੀ ਮਤਿ ਅੰਧਲੀ ਬੋਲੀ,

ਆਇ ਗਇਆ ਦੁਖੁ ਤਾਹਾ ਹੇ॥੧੧॥ (ਮਾਰੂ, ਮ: ੧, ਪੰਨਾ ੧੦੩੩)

ਤੀਰਥ-ਇਸ਼ਨਾਨ, ਜਪ-ਤਪ ਆਦਿਕ ਕਰਮ-ਕਾਂਡ ਉਸ ਦੀ ਹਉਮੈ ਦੀ ਮੈਲ ਨੂੰ ਹੀ ਵਧਾਉਂਦੇ ਹਨ, ਉਸਦਾ ਮਨ ਪਰਮਾਤਮਾ ਦੇ ਪਿਆਰ ਵਿੱਚ ਨਹੀਂ ਭਿੱਜਦਾ—

ਜਪੁ ਤਪ ਸੰਜਮ ਵਰਤ ਕਰੇ ਪੂਜਾ, ਮਨਮੁਖ ਰੋਗੁ ਨ ਜਾਈ॥

ਅੰਤਰਿ ਰੋਗੁ ਮਹਾ ਅਭਿਮਾਨਾ, ਦੂਜੈ ਭਾਇ ਖੁਆਈ॥ ੨ ॥

ਬਾਹਰਿ ਭੇਖ ਬਹੁਤੁ ਚਤੁਰਾਈ, ਮਨੂਆ ਦਹ ਦਿਸਿ ਧਾਵੈ॥

ਹਉਮੈ ਬਿਆਪਿਆ ਸਬਦੁ ਨ ਚੀਨ੍ਹੈ, ਫਿਰਿ ਫਿਰਿ ਜੂਨੀ ਆਵੈ॥੩॥

(ਸੂਹੀ ਮ: ੪ ਪੰਨਾ ੭੩੨)

ਮਨਮੁਖ ਮੁਗਧ ਕਰਹਿ ਚਤੁਰਾਈ॥

ਨਾਤਾ ਧੋਤਾ ਥਾਇ ਨ ਪਾਈ॥

ਜੇਹਾ ਆਇਆ ਤੇਹਾ ਜਾਸੀ,

ਕਰਿ ਅਵਗਣ ਪਛੋਤਾਵਣਿਆ॥ (ਮਾਝ, ਮ: ੩, ਪੰਨਾ ੧੧੪)

ਮਨਮੁਖ ਮੰਤਰਾਂ ਦਾ ਜਾਪ, ਧੂਣੀਆਂ ਦਾ ਤਪਾਉਣਾ ਆਦਿਕ ਕਸ਼ਟ ਦੇਣ ਵਾਲੇ ਸਾਧਨ ਕਰਦਾ ਹੈ, ਵਰਤ ਰੱਖਦਾ ਹੈ, ਪਰ ਉਸ ਦਾ ਆਤਮਿਕ ਰੋਗ ਦੂਰ ਨਹੀਂ ਹੁੰਦਾ। ਉਸ ਦੇ ਮਨ ਨੂੰ ਹੰਕਾਰ ਦਾ ਵੱਡਾ ਰੋਗ ਲੱਗਾ ਹੋਇਆ ਹੈ, ਮਾਇਆ ਦੇ ਮੋਹ ਵਿੱਚ ਫਸ ਕੇ ਉਹ ਕੁਰਾਹੇ ਪਿਆ ਰਹਿੰਦਾ ਹੈ, ਆਪਣੇ ਅਸਲੀ ਜੀਵਨ-ਮਾਰਗ ਤੋਂ ਭਟਕ ਜਾਂਦਾ ਹੈ।

ਨਾਮ ਤੋਂ ਬਿਨਾਂ ਮਨਮੁਖ ਦੇ ਧਾਰਮਿਕ ਕਰਮ ਕਰਨੇ ਇਉਂ ਹਨ ਜਿਵੇਂ ਕੋਈ ਛੁੱਟੜ ਇਸਤਰੀ ਆਪਣੇ ਸਰੀਰ ਉੱਤੇ ਸ਼ਿੰਗਾਰ ਕਰਦੀ ਹੈ ਪਰ ਪਤੀ ਨੂੰ ਨਹੀਂ ਪ੍ਰਾਪਤ ਕਰ ਸਕਦੀ। ਇਸੇ ਤਰ੍ਹਾਂ ਮਨਮੁਖ ਹਿਰਦੇ ਵਿੱਚ ਵਿਕਾਰਾਂ ਦੀ ਮੈਲ ਲੈ ਕੇ ਵਿਖਾਵੇ ਦੇ ਧਾਰਮਿਕ ਕਰਮਾਂ ਨਾਲ ਪ੍ਰਭੂ ਦਾ ਦਰ-ਘਰ ਨਹੀਂ ਪ੍ਰਾਪਤ ਕਰ ਸਕਦਾ—

ਮਨਮੁਖ ਕਰਮ ਕਮਾਵਣੇ, ਜਿਉ ਦੋਹਾਗਣਿ ਤਨਿ ਸੀਗਾਰੁ॥
ਸੇਜੈ ਕੰਤੁ ਨ ਆਵਈ, ਨਿਤ ਨਿਤ ਹੋਇ ਖੁਆਰੁ॥
ਪਿਰ ਕਾ ਮਹਲੁ ਨ ਪਾਵਈ, ਨਾ ਦੀਸੈ ਘਰੁ ਬਾਰੁ॥

(ਸਿਰੀਰਾਗੁ, ਮ: ੩, ਪੰਨਾ ੩੧)

ਆਤਮਿਕ ਜੀਵਨ ਦੀ ਸੂਝ ਤੋਂ ਹੀਨ ਮਨਮੁਖ ਇਹ ਨਹੀਂ ਜਾਣਦਾ ਕਿ ਆਤਮਿਕ ਜੀਵਨ ਜੀਉਣ ਵਾਲੇ ਮਨੁੱਖ ਲਈ ਇਹ ਮਨ ਹੀ ਕਾਂਸ਼ੀ ਹੈ। ਗੁਰ-ਸ਼ਬਦ ਅਨੁਸਾਰ ਜੀਵਨ ਨੂੰ ਢਾਲ ਕੇ, ਮਨ ਨੂੰ ਵੱਸ ਵਿੱਚ ਕਰ ਲੈਣ ਵਾਲੇ ਮਨੁੱਖ ਦੇ ਨਾਲ ਹੀ ਅਠਾਹਠ ਤੀਰਥ ਵਸਦੇ ਹਨ—

ਮਨਮੁਖਿ ਇਹੁ ਮਨੁ ਮੁਗਧੁ ਹੈ, ਸੋਝੀ ਕਿਛੂ ਨ ਪਾਇ॥
ਹਰਿ ਕਾ ਨਾਮੁ ਨ ਬੁਝਈ, ਅੰਤਿ ਗਇਆ ਪਛੁਤਾਇ॥ ੩ ॥
ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ, ਸਤਿਗੁਰ ਦੀਆ ਬੁਝਾਇ॥
ਅਠਸਠਿ ਤੀਰਥ ਤਿਸੁ ਸੰਗਿ ਰਹਹਿ,
ਜਿਨ ਹਰਿ ਹਿਰਦੈ ਰਹਿਆ ਸਮਾਇ॥ (ਗੂਜਰੀ, ਮ: ੩, ਪੰਨਾ ੪੯੧)

ਮਨਮੁਖ ਗੁਰੂ ਦੀ ਮਤਿ ਦੇ ਅਨੁਸਾਰ ਨਾ ਚਲਦਾ ਹੋਇਆ ਮਾਇਆ-ਮੋਹ ਦੇ ਸਮੁੰਦਰ ਵਿੱਚ ਹੀ ਗੋਤੇ ਖਾਂਦਾ ਰਹਿੰਦਾ ਹੈ, ਹਮੇਸਾ ਹੀ ਝੂਠੇ ਧੰਦਿਆਂ ਵਿੱਚ ਫਸਿਆ ਰਹਿੰਦਾ ਹੈ—

ਗੁਰਮਤਿ ਛੋਡਹਿ ਉਝੜਿ ਜਾਈ॥ ਮਨਮੁਖਿ ਰਾਮੁ ਨ ਜਪੈ ਅਵਾਈ॥
ਪਚਿ ਪਚਿ ਬੂਡਹਿ ਕੂੜੁ ਕਮਾਵਹਿ, ਕੂੜਿ ਕਾਲੁ ਬੈਰਾਈ ਹੇ॥

(ਮਾਰੂ, ਮ: ੧, ਪੰਨਾ ੧੦੨੫)

ਮਨਮੁਖ ਦਾ ਮਨ ਜਗਤ ਦੇ ਝੂਠੇ ਪਿਆਰ ਵਿੱਚ ਲੱਗਿਆ ਰਹਿੰਦਾ ਹੈ। ਪੁੱਤਰ, ਇਸਤਰੀ, ਮਾਇਆ ਮੋਹ ਆਦਿਕ ਦੇ ਭਰਮ ਵਿੱਚ ਰਹਿਣ ਕਰਕੇ ਉਸ ਦੇ ਮਨ ਵਿੱਚ ਪ੍ਰਭੂ ਨਾਲ ਪ੍ਰੇਮ ਨਹੀਂ ਬਣਦਾ। ਉਹ ਸਿਰਫ ਲੋਕ ਵਿਖਾਵੇ ਲਈ ਮੂੰਹੋਂ ਰਾਮ-ਰਾਮ ਉਚਾਰਦਾ ਹੈ, ਉਸ ਦਾ ਮਨ ਗੰਦੇ ਗੀਤਾਂ ਨਾਲ ਜੁੜਦਾ ਹੈ, ਉਸ ਦੀ ਜੀਭ ਨੂੰ ਨਾਮ-ਜਪਣ ਦਾ ਸੁਆਦ ਨਹੀਂ ਆਉਂਦਾ। ਉਹ ਸਾਧ ਸੰਗਤ ਵਿੱਚ ਜਾ ਕੇ ਵੀ ਆਤਮਿਕ ਅਡੋਲਤਾ ਦਾ ਆਨੰਦ ਨਹੀਂ ਮਾਣਦਾ। ਉਸ ਦੀ ਆਤਮਾ ਨਾਮ-ਰਸ ਨਾਲ ਨਹੀਂ ਭਿੱਜਦੀ। ਮਨਮੁਖ ਆਪਣੇ ਮਨ, ਤਨ, ਧਨ ਨੂੰ ਹੀ ਆਪਣਾ ਸਮਝਦਾ ਰਹਿੰਦਾ ਹੈ। ਉਹ ਪਰਮਾਤਮਾ ਦੇ ਦਰ ਦਾ ਗਿਆਨ ਨਹੀਂ ਰੱਖਦਾ। ਉਹ ਜੀਵਨ ਸਫਰ ਵਿੱਚ ਅੱਖਾਂ ਮੀਟ ਕੇ ਹੀ ਤੁਰਿਆ ਜਾਂਦਾ ਹੈ ਤੇ ਦੁੱਖ ਸਹੇੜਦਾ ਹੈ—

ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ, ਜਨ ਸਿਉ ਵਾਦੁ ਰਚਾਈ॥
ਮਾਇਆ ਮਗਨੁ ਅਹਿਨਿਸਿ ਮਗੁ ਜੋਹੈ,
ਨਾਮੁ ਨ ਲੇਵੈ ਮਰੈ ਬਿਖੁ ਖਾਈ॥

ਗੰਧਣ ਵੈਣਿ ਰਤਾ ਹਿਤਕਾਰੀ, ਸਬਦੈ ਸੁਰਤਿ ਨ ਆਈ॥
ਰੰਗਿ ਨ ਰਾਤਾ ਰਸਿ ਨਹੀ ਬੇਧਿਆ, ਮਨਮੁਖਿ ਪਤਿ ਗਵਾਈ॥੨॥
ਸਾਧ ਸਭਾ ਮਹਿ ਸਹਜੁ ਨ ਚਾਖਿਆ, ਜਿਹਬਾ ਰਸੁ ਨਹੀ ਰਾਈ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ, ਦਰ ਕੀ ਖਬਰਿ ਨ ਪਾਈ॥
ਅਖੀ ਮੀਟਿ ਚਲਿਆ ਅੰਧਿਆਰਾ, ਘਰੁ ਦਰੁ ਦਿਸੈ ਨ ਭਾਈ॥
ਜਮ ਦਰਿ ਬਾਧਾ ਠਉਰ ਨ ਪਾਵੈ, ਅਪੁਨਾ ਕੀਆ ਕਮਾਈ॥ ੩ ॥

(ਸੋਰਠਿ, ਮ: ੧, ਪੰਨਾ ੫੯੬)

ਨ ਸਬਦੁ ਬੂਝੈ, ਨ ਜਾਣੈ ਬਾਣੀ॥
ਮਨਮੁਖਿ ਅੰਧੇ ਦੁਖਿ ਵਿਹਾਣੀ॥ (ਧਨਾਸਰੀ, ਮ: ੩, ਪੰਨਾ ੬੬੫)

ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਮਨਮੁਖ ਦਾ ਹਿਰਦਾ ਪੱਥਰ ਅਥਵਾ ਚੱਟਾਨ ਸਮਾਨ ਹੈ, ਉਸਦਾ ਜੀਵਨ ਬੇਸੁਆਦਾ ਰਹਿੰਦਾ ਹੈ। ਪੱਥਰ ਨੂੰ ਕਿਤਨਾ ਵੀ ਸਮਾਂ ਪਾਣੀ ਵਿੱਚ ਰੱਖਿਆ ਜਾਵੇ ਤਾਂ ਵੀ ਅੰਦਰੋਂ ਸੁੱਖਾ ਹੀ ਰਹਿੰਦਾ ਹੈ, ਇਸੇ ਤਰ੍ਹਾਂ ਮਨਮੁਖ ਦਾ ਹਿਰਦਾ ਸਤਸੰਗ ਵਿੱਚ ਆ ਕੇ ਵੀ ਨਹੀਂ ਪਸੀਜਦਾ—

ਮਨਮੁਖ ਪਥਰੁ ਸੈਲੁ ਹੈ, ਧ੍ਰਿਗੁ ਜੀਵਣੁ ਫੀਕਾ॥
ਜਲ ਮਹਿ ਕੇਤਾ ਰਾਖੀਐ, ਅਭ ਅੰਤਰਿ ਸੂਕਾ॥

(ਆਸਾ, ਮ: ੧, ਪੰਨਾ ੪੧੯)

ਮਨਮੁਖ ਕੋਰਾ ਹੀ ਰਹਿੰਦਾ ਹੈ, ਉਸ ਦਾ ਹਿਰਦਾ ਕਦੇ ਭਿੱਜਦਾ ਨਹੀਂ। ਜਿਵੇਂ ਨਿੰਮ ਦੇ ਬੂਟੇ ਵਿੱਚ ਅੰਮ੍ਰਿਤ-ਰਸ ਪਾਇਆ ਜਾਵੇ ਤਾਂ ਵੀ ਉਸ ਦੀ ਕੁੜੱਤਣ ਨਹੀਂ ਜਾਂਦੀ। ਸੱਪ ਨੂੰ ਦੁੱਧ ਪਿਲਾਇਆ ਜਾਵੇ ਤਾਂ ਵੀ ਉਹ ਡੰਗ ਹੀ ਮਾਰਦਾ ਹੈ। ਇਸੇ ਤਰ੍ਹਾਂ ਮਨਮੁਖ ਦੇ ਹਿਰਦੇ ਵਿੱਚ ਆਤਮਿਕ ਕਲੇਸ਼ ਦੀ ਕੁੜੱਤਣ ਅਤੇ ਹਉਮੈ ਦਾ ਜ਼ਹਿਰ ਟਿਕਿਆ ਰਹਿੰਦਾ ਹੈ। ਉਸ ਦੀ ਕਿਰਤ-ਕਾਰ, ਦੁੱਖ-ਕਲੇਸ਼ ਵਿੱਚ ਹੀ ਹੁੰਦੀ ਹੈ, ਹਰ ਵੇਲੇ ਮਾਨਸਿਕ ਅਸ਼ਾਂਤੀ ਬਣੀ ਰਹਿੰਦੀ ਹੈ—

ਅੰਦਰਿ ਕਪਟੁ ਸਦਾ ਦੁਖੁ ਹੈ, ਮਨਮੁਖ ਧਿਆਨੁ ਨ ਲਾਗੈ॥
ਦੁਖ ਵਿਚਿ ਕਾਰ ਕਮਾਵਣੀ, ਦੁਖੁ ਵਰਤੈ ਦੁਖੁ ਆਗੈ॥

(ਸਲੋਕ, ਮ: ੩, ਪੰਨਾ ੯੫੧)

ਮਨਮੁਖ ਤਾਂ ਮਾਇਆ ਦੇ ਮੋਹ ਵਿੱਚ ਆਤਮਿਕ ਜੀਵਨ ਵੱਲੋਂ ਸੁੱਤੇ ਰਹਿੰਦੇ ਹਨ—

ਦੂਜੇ ਭਾਇ ਸੂਤੇ, ਕਬਹੁ ਨ ਜਾਗਹਿ, ਮਾਇਆ ਮੋਹ ਪਿਆਰ॥
ਨਾਮ ਨ ਚੇਤਹਿ, ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਬੀਚਾਰ॥

(ਮ: ੩, ਪੰਨਾ ੯੫੨)

ਗੁਰੂ ਅਮਰਦਾਸ ਜੀ ਮਾਇਆ-ਲਿਪਤ ਮਨਮੁਖ ਦੇ ਜੀਵਨ ਬਾਰੇ ਫੁਰਮਾਉਂਦੇ ਹਨ ਕਿ ਮਨਮੁਖ ਮਾਨੋ ਉਲਟਾ ਕਮਲ-ਫੁੱਲ ਹੈ। ਉਸ ਵਿੱਚ ਨ ਭਗਤੀ ਹੈ, ਨਾ ਸਿਮਰਨ। ਇਹ ਮਾਇਆ ਦੇ ਅਸਰ ਹੇਠ ਹੀ ਕਾਰ-ਵਿਹਾਰ ਕਰਦਾ ਹੈ। ਮਨਮੁਖ ਦਾ ਚਿੱਤ ਭਿੱਜਦਾ ਨਹੀਂ, ਮੂੰਹੋਂ ਵੀ ਫਿੱਕਾ ਬੋਲਦਾ ਹੈ। ਅੰਦਰ ਕੂੜ ਤੇ ਖ਼ੁਦਗਰਜ਼ੀ ਹੋਣ ਕਰਕੇ ਪ੍ਰਭੂ ਨਾਲ ਜੁੜਦਾ ਨਹੀਂ। ਮਾਇਆ ਰੂਪ ਕੂੜ ਕਮਾਉਂਦਾ ਹੈ, ਕੂੜ ਇਕੱਠਾ ਕਰਦਾ ਹੈ ਤੇ ਕੂੜ ਨੂੰ ਹੀ ਜ਼ਿੰਦਗੀ ਦਾ ਆਸਰਾ ਬਣਾਉਂਦਾ ਹੈ। ਮਨਮੁਖ ਆਪਣੇ ਵੱਲੋਂ ਕਰਮ-ਧਰਮ, ਪਵਿੱਤਰਤਾ ਦੇ ਸਾਧਨ ਅਤੇ ਸੰਜਮ ਵੀ ਕਰਦਾ ਹੈ ਪਰ ਹਿਰਦੇ ਵਿੱਚ ਲੋਭ ਆਦਿਕ ਵਿਕਾਰਾਂ ਦੀ ਮੈਲ ਰਹਿੰਦੀ ਹੈ—

ਮਨਮੁਖੁ ਊਧਾ ਕਉਲੁ ਹੈ, ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ, ਕੂੜੁ ਤਿਸ ਕਾ ਹੈ ਉਪਾਉ ॥
ਤਿਸ ਕਾ ਅੰਦਰੁ ਚਿਤੁ ਨ ਭਿਜਈ, ਮੁਖਿ ਫੀਕਾ ਆਲਾਉ ॥
ਓਇ ਧਰਮਿ ਰਲਾਏ ਨਾ ਰਲਨ੍ਹਿ, ਓਨਾ ਅੰਦਰਿ ਕੂੜੁ ਸੁਆਉ ॥

(ਮ: ੩, ਪੰਨਾ ੫੧੧)

ਮਨਮੁਖ ਮਾਇਆ ਮੋਹੁ ਹੈ, ਨਾਮਿ ਨ ਲਗੋ ਪਿਆਰੁ ॥
ਕੂੜੁ ਕਮਾਵੈ ਕੂੜੁ ਸੰਗ੍ਰਹੈ, ਕੂੜੁ ਕਰੇ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ, ਅੰਤੇ ਹੋਇ ਸਭੁ ਛਾਰੁ ॥
ਕਰਮ ਧਰਮ ਸੁਚ ਸੰਜਮ ਕਰਹਿ, ਅੰਤਰਿ ਲੋਭੁ ਵਿਕਾਰੁ ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ,
ਦਰਗਹਿ ਹੋਇ ਖੁਆਰੁ ॥ (ਮ: ੩, ਪੰਨਾ ੫੫੨)

ਪਰਮਾਤਮਾ ਵੱਲੋਂ ਮਨਮੁਖ ਨੂੰ ਕਿਤਨੀਆਂ ਹੀ ਦਾਤਾਂ ਮਿਲ ਜਾਣ, ਉਹ ਰੱਜਦਾ ਨਹੀਂ। ਉਸ ਦੇ ਮਨ ਵਿੱਚ ਤ੍ਰਿਸ਼ਨਾ ਅਤੇ ਅਗਿਆਨਤਾ ਦਾ ਹਨੇਰਾ ਬਣਿਆ ਹੀ ਰਹਿੰਦਾ ਹੈ—

ਦਿਤੈ ਕਿਤੈ ਨ ਸੰਤੋਖੀਅਨਿ,
ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨ ਅੰਧਾਰੁ ॥

(ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ ੫੪੯)

ਮਨਮੁਖ ਮਾਇਆ ਦੀ ਭਟਕਣ ਵਿੱਚ ਪੈ ਕੇ ਕੁਰਾਹੇ ਪਿਆ ਰਹਿੰਦਾ ਹੈ। ਉਸ ਦਾ ਮਨ ਡੋਲਦਾ ਰਹਿੰਦਾ ਹੈ, ਦਸੀਂ ਪਾਸੀਂ ਦੌੜ-ਦੌੜ ਕੇ ਭਟਕਦਾ ਰਹਿੰਦਾ ਹੈ। ਹਰ ਵੇਲੇ ਤ੍ਰਿਸ਼ਨਾ ਦੀ ਭੁੱਖ ਚੰਬੜੀ ਰਹਿੰਦੀ ਹੈ। ਬੇਅੰਤ ਧਨ ਹੋਣ ਤੇ ਵੀ ਆਤਮਿਕ ਮੌਤ ਲਿਆਉਣ ਵਾਲੀ ਮਾਇਆ ਜ਼ਹਿਰ ਦੀ ਹੀ ਭਾਲ ਕਰਦਾ ਫਿਰਦਾ ਹੈ—

ਮਨੁ ਦਹ ਦਿਸਿ ਚਲਿ ਚਲਿ ਭਰਮਿਆ, ਮਨਮੁਖੁ ਭਰਮਿ ਭੁਲਾਇਆ ॥
ਨਿਤ ਆਸਾ ਮਨਿ ਚਿਤਵੈ, ਮਨ ਤ੍ਰਿਸਨਾ ਭੁਖ ਲਗਾਇਆ ॥

ਅਨਤਾ ਧਨੁ ਧਰਿ ਦਬਿਆ, ਫਿਰਿ ਬਿਖੁ ਭਾਲਣ ਗਇਆ॥
ਜਨ ਨਾਨਕ ਨਾਮੁ ਸਲਾਹਿ ਤੂ, ਬਿਨੁ ਨਾਵੈ ਪਚਿ ਪਚਿ ਮੁਇਆ॥
(ਸੂਹੀ, ਮ: ੪, ਪੰਨਾ ੭੭੬)

ਮਨਮੁਖੁ ਸਦ ਹੀ ਕੂੜੋ ਬੋਲੈ, ਬਿਖੁ ਬੀਜੈ ਬਿਖੁ ਖਾਏ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ, ਬਿਨੁ ਗੁਰ ਕਵਣੁ ਛਡਾਏ॥
(ਸੂਹੀ, ਮ: ੩, ਅਸਟ, ਪੰਨਾ ੭੫੩)

ਮਾਇਆ ਦਾ ਮੋਹ ਕਾਲਖ ਹੈ, ਜਿਸ ਨਾਲ ਮਨਮੁਖ ਨੇ ਆਪਣੇ ਨੂੰ ਜੋੜਿਆ ਹੋਇਆ ਹੈ—

ਮੋਹੁ ਮਾਇਆ ਵੇ ਸਭ ਕਾਲਖਾ, ਇਨਿ ਮਨਮੁਖਿ ਮੂੜਿ ਸਜੁਤੀਆ॥
(ਮ: ੪, ਪੰਨਾ ੭੭੬)

ਇਸ ਕਾਲਖ ਦੇ ਕਾਰਨ ਉਸ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰ ਪ੍ਰਬਲ ਰਹਿੰਦੇ ਹਨ। ਉਸ ਦਾ ਹਿਰਦਾ ਸਦਾ ਅਪਵਿੱਤਰ ਰਹਿੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਜ਼ਹਿਰ ਉਸ ਦੀ ਆਤਮਾ ਦੀ ਖੁਰਾਕ ਬਣ ਜਾਂਦੇ ਹਨ। ਇਸ ਖੁਰਾਕ ਨੂੰ ਜ਼ਿੰਦਗੀ ਦਾ ਸਹਾਰਾ ਬਣਾ ਕੇ ਗੁਰੂ ਦੀ ਸੰਗਤ ਵਿੱਚ ਨਹੀਂ ਬੈਠਿਆ ਜਾ ਸਕਦਾ। ਉਹ ਪ੍ਰਭੂ-ਦਰ ਤੋਂ ਦੂਰ ਹੁੰਦੇ ਜਾਂਦੇ ਹਨ। ਅਹੰਕਾਰ ਕਰਕੇ ਚਤੁਰਾਈ ਅਤੇ ਸਿਆਣਪ ਦਾ ਮਾਣ ਕਰਦੇ ਹਨ, ਪਰ ਕਦੇ ਨਾ ਆਪ ਸੁਖੀ ਹੁੰਦੇ ਹਨ ਅਤੇ ਨਾ ਕਿਸੇ ਹੋਰ ਦਾ ਭਲਾ ਸੋਚ ਸਕਦੇ ਹਨ—

ਮਨਮੁਖ ਤ੍ਰਿਸਨਾ ਭਰਿ ਰਹੇ, ਮਨਿ ਆਸਾ ਦਹ ਦਿਸ ਬਹੁ ਲਾਖੁ॥
ਬਿਨੁ ਨਾਵੈ ਧ੍ਰਿਗੁ ਜੀਵਦੇ, ਵਿਚਿ ਬਿਸਟਾ ਮਨਮੁਖ ਰਾਖੁ॥
ਓਇ ਆਵਹਿ ਜਾਹਿ ਭਵਾਈਅਹਿ, ਬਹੁ ਜੋਨੀ ਦੁਰਗੰਧ ਭਾਖੁ॥੩॥
ਤ੍ਰਾਹਿ ਤ੍ਰਾਹਿ ਸਰਣਾਗਤੀ, ਹਰਿ ਦਇਆ ਧਾਰਿ ਪ੍ਰਭ ਰਾਖੁ॥
(ਮਾਰੂ, ਮ: ੪, ਪੰਨਾ ੯੯੭)

ਮਨਮੁਖ ਬੋਲਿ ਨ ਜਾਣਨੀ, ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥
ਓਇ ਥਾਉ ਕੁਥਾਉ ਨ ਜਾਣਨੀ, ਉਨ ਅੰਤਰਿ ਲੋਭੁ ਵਿਕਾਰੁ॥
(ਰਾਮਕਲੀ ਕੀ ਵਾਰ, ਮ: ੩, ਪੰਨਾ ੯੫੦)

ਇਹੁ ਜਗੋ ਦੁਤਰੁ, ਮਨਮੁਖੁ ਪਾਰਿ ਨ ਪਾਈ ਰਾਮ॥
ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ॥
ਅੰਤਰਿ ਚਤੁਰਾਈ, ਥਾਇ ਨ ਪਾਈ, ਬਿਰਥਾ ਜਨਮੁ ਗਵਾਇਆ॥
(ਸੂਹੀ, ਛੰਤ, ਮ: ੪, ਪੰਨਾ ੭੭੫)

ਮਨਮੁਖ ਦਾ ਸਰੀਰ ਇੱਕ ਐਸਾ ਘਰ ਹੈ ਜਿਸ ਦੇ ਦਸ ਦਰਵਾਜ਼ਿਆਂ ਦੇ

ਰਾਹੀਂ ਦਿਨ-ਰਾਤ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਚੋਰ ਸੰਨ੍ਹ ਲਾਈ ਰੱਖਦੇ ਹਨ ਅਤੇ ਅੰਦਰੋਂ ਆਤਮਿਕ ਜੀਵਨ ਵਾਲਾ ਸਾਰਾ ਨਾਮ-ਧਨ ਚੁਰਾ ਲੈਂਦੇ ਹਨ। ਮਨਮੁਖ ਨੂੰ ਆਪਣੇ ਲੁੱਟੇ ਜਾਣ ਦਾ ਪਤਾ ਹੀ ਨਹੀਂ ਲੱਗਦਾ—

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ, ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ॥

(ਸੋਰਠਿ, ਮ: ੩, ਪੰਨਾ ੬੦੦)

ਏਕੁ ਗਿਰਹੁ ਦਸ ਦੁਆਰ ਹੈ ਜਾ ਕੇ,
ਅਹਿਨਿਸਿ ਤਸਕਰ ਪੰਚ ਚੋਰ ਲਗਈਆ॥
ਦਰਮੁ ਅਰਥੁ ਸਭੁ ਹਿਰਿ ਲੇ ਜਾਵਹਿ,
ਮਨਮੁਖ ਅੰਧੁਲੇ ਖਬਰਿ ਨ ਪਈਆ॥

(ਬਿਲਾਵਲੁ, ਮ: ੪, ਪੰਨਾ ੮੩੩)

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਵਿੱਚ ਡੁੱਬੇ ਹੋਏ ਮਨੁੱਖ ਦਾ ਜੀਵਨ ਵਿਅਰਥ ਹੋ ਜਾਂਦਾ ਹੈ। ਜਨਮ-ਮਰਨ ਦੇ ਗੇੜ ਵਿੱਚ ਫਸਿਆ ਹੋਇਆ ਆਦਰ ਪ੍ਰਾਪਤ ਨਹੀਂ ਕਰਦਾ। ਉਸ ਦੇ ਅੰਦਰ ਹਉਮੈ ਦਾ ਜ਼ਹਿਰ ਹੁੰਦਾ ਹੈ। ਉਹ ਆਪਣੇ ਆਪ ਨੂੰ ਕਰਤਾ ਸਮਝਦਾ ਹੋਇਆ 'ਮੈਂ', 'ਮੇਰ-ਤੇਰ' ਦੇ ਚੱਕਰ ਤੋਂ ਬਾਹਰ ਹੀ ਨਹੀਂ ਨਿਕਲਦਾ। ਹੰਕਾਰ ਕਰਕੇ ਪ੍ਰਭੂ ਦੁਆਰਾ ਬਣਾਈ ਮਰਯਾਦਾ ਤੋਂ ਆਕੀ ਹੋਣ ਦਾ ਯਤਨ ਕਰਦਾ ਹੈ ਅਤੇ ਆਤਮਿਕ ਮੌਤ ਸਹੇੜ ਲੈਂਦਾ ਹੈ। ਉਸ ਦੇ ਅੰਦਰ ਦਾ ਲੋਭ ਉਸ ਨੂੰ ਦੁੱਖ ਦਿੰਦਾ ਰਹਿੰਦਾ ਹੈ। ਲੋਭ ਕਾਰਨ ਕੀਤੇ ਪਾਪਾਂ ਤੇ ਨਿੰਦਾ ਆਦਿਕ ਮੰਦੇ ਕਰਮਾਂ ਦੇ ਵਿਅਰਥ ਭਾਰ ਨਾਲ ਲੱਦੇ ਹੋਏ ਹੋਣ ਕਾਰਨ ਉਸ ਲਈ ਜ਼ਿੰਦਗੀ ਦਾ ਰਸਤਾ ਔਖਾ ਅਤੇ ਡਰਾਉਣਾ ਹੋ ਜਾਂਦਾ ਹੈ। ਗੁਰਵਾਕ ਹਨ—

ਮਨਮੁਖ ਜਨਮੁ ਭਇਆ ਹੈ ਬਿਰਥਾ, ਆਵਤ ਜਾਤ ਲਜਾਈ॥
ਕਾਮਿ ਕ੍ਰੋਧਿ ਡੂਬੇ ਅਭਿਮਾਨੀ, ਹਉਮੈ ਵਿਚਿ ਜਲਿ ਜਾਈ॥
ਤਿਨ ਸਿਧਿ ਨ ਬੁਧਿ ਬਈ ਮਤਿ ਮਧਿਮ, ਲੋਭ ਲਹਰਿ ਦੁਖੁ ਪਾਈ॥
ਗੁਰ ਬਿਹੂਨ ਮਹਾ ਦੁਖੁ ਪਾਇਆ, ਜਮ ਪਕਰੇ ਬਿਲਲਾਈ॥

(ਮਲਾਰ, ਮ: ੪, ਪੰਨਾ ੧੨੬੫)

ਸਭੁ ਕੋ ਲੇਖੇ ਵਿਚਿ ਹੈ, ਮਨਮੁਖੁ ਅਹੰਕਾਰੀ॥
ਹਰਿ ਨਾਮੁ ਕਦੇ ਨ ਚੇਤਈ, ਜਮਕਾਲੁ ਸਿਰਿ ਮਾਰੀ॥
ਪਾਪ ਬਿਕਾਰ ਮਨੂਰ, ਸਭਿ ਲਦੇ ਬਹੁ ਭਾਰੀ॥
ਮਾਰਗੁ ਬਿਖਮੁ ਡਰਾਵਣਾ, ਕਿਉ ਤਰੀਐ ਤਾਰੀ॥
ਨਾਨਕ ਗੁਰਿ ਰਾਖੇ ਸੇ ਉਬਰੇ, ਹਰਿ ਨਾਮ ਉਧਾਰੀ॥

(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੭)

ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥

ਹਉਮੈ ਕਰੈ ਬਹੁਤੀ ਮਿਲੈ ਸਜਾਇ॥ (ਸੂਹੀ, ਮ: ੪, ਪੰਨਾ ੭੩੩)

ਮਨਮੁਖ ਦੀ ਜ਼ਿੰਦਗੀ ਦੀ ਬੇੜੀ ਪਖੰਡ ਦੇ ਭਾਰ ਨਾਲ ਲੋਭ ਦੀ ਲਹਿਰ ਵਿੱਚ ਡੁੱਬ ਜਾਂਦੀ ਹੈ— ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ॥ (ਪੰਨਾ ੬੩੪) ਉਸ ਦਾ ਆਪਣੇ ਮਨ ਉੱਤੇ ਕਾਬੂ ਨਹੀਂ ਹੁੰਦਾ, ਉਸ ਦੀ ਉਮਰ ਸਦਾ ਦੁੱਖ ਵਿੱਚ ਹੀ ਗੁਜ਼ਰਦੀ ਹੈ—

ਮਨਮੁਖ ਮੰਨੁ ਅਜਿਤੁ ਹੈ, ਦੂਜੈ ਲਗੈ ਜਾਇ॥

ਤਿਸ ਨੋ ਸੁਖੁ ਸੁਪਨੈ ਨਹੀ, ਦੁਖੇ ਦੁਖਿ ਵਿਹਾਇ॥

(ਮ: ੩, ਪੰਨਾ ੬੪੪)

ਮਨਮੁਖ ਵਿੱਚ ਆਤਮਿਕ ਗੁਣਾਂ ਦੀ ਘਾਟ ਰਹਿੰਦੀ ਹੈ—

ਮਨਮੁਖ ਤੋਟਾ ਨਿਤ ਹੈ, ਭਰਮਹਿ ਭਰਮਾਏ॥

ਮਨਮੁਖੁ ਅੰਧੁ ਨ ਚੇਤਈ, ਕਿਉ ਦਰਸਨੁ ਪਾਏ॥

(ਆਸਾ, ਮ: ੧, ਪੰਨਾ ੪੨੧)

ਮਨਮੁਖ ਗਿਆਨ ਦੀਆਂ ਗੱਲਾਂ ਤਾਂ ਕਰਦਾ ਹੈ, ਉਪਦੇਸ਼ ਵੀ ਦਿੰਦਾ ਹੈ ਪਰ ਉਸ ਦੀ ਰਹਿਣੀ ਪਵਿੱਤਰ ਨਹੀਂ ਹੁੰਦੀ। ਉਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦਾ ਹੈ। ਇਸ ਲਈ ਪ੍ਰਭੂ ਦੀ ਨਿਗਾਹ ਵਿੱਚ ਕੂਬਲ ਨਹੀਂ ਹੁੰਦਾ—

ਮਨਮੁਖੁ ਗਿਆਨੁ ਕਥੇ, ਨ ਹੋਈ॥

ਫਿਰਿ ਫਿਰਿ ਆਵੈ, ਠਉਰ ਨ ਕੋਈ॥

(ਮਾਰੂ, ਸੋਲਹੇ, ਮ: ੩, ਪੰਨਾ ੧੦੫੧)

ਮਨਮੁਖ ਕਥਨੀ ਹੈ, ਪਰੁ ਰਹਤ ਨ ਹੋਈ॥

ਨਾਵਹੁ ਭੂਲੇ ਥਾਉ ਨ ਕੋਈ॥ (ਬਿਲਾਵਲੁ ਮ: ੧, ਪੰਨਾ ੮੩੧)

ਮਨਮੁਖ ਦਾ ਸੁੱਖ ਜਲਦੀ ਹੀ ਨਸ਼ਟ ਹੋ ਜਾਂਦਾ ਹੈ। ਜਿਵੇਂ ਕਸੁੰਭੇ ਦੇ ਫੁੱਲ ਦਾ ਰੰਗ ਚਾਰ ਦਿਨ ਹੀ ਚੰਗਾ ਰਹਿੰਦਾ ਹੈ, ਫਿਰ ਖਰਾਬ ਹੋ ਜਾਂਦਾ ਹੈ, ਇਸੇ ਤਰ੍ਹਾਂ ਮਨਮੁਖ ਦੁਨੀਆਂ ਦੇ ਭੋਗ, ਰੰਗ-ਰਸ ਵਿੱਚ ਲਿਪਤ ਹੋ ਕੇ ਮਾਇਆ-ਮੋਹ ਵਿੱਚ ਥੋੜ੍ਹੀ ਦੇਰ ਲਈ ਖੁਸ਼ ਅਤੇ ਸੁਖੀ ਹੁੰਦਾ ਹੈ ਪਰ ਜਲਦੀ ਹੀ ਫਿਰ ਦੁਖੀ ਦਿਸਣ ਲੱਗ ਜਾਂਦਾ ਹੈ, ਮਾਨਸਿਕ ਅਸ਼ਾਂਤੀ ਅਤੇ ਤਨਾਉ ਦਾ ਅਨੁਭਵ ਕਰਦਾ ਹੈ—

ਮਨਮੁਖੁ ਰੰਗੁ ਕਸੁੰਭੁ ਹੈ ਕਚੂਆ, ਜਿਉ ਕੁਸਮ ਚਾਰਿ ਦਿਨ ਚਾਗਾ॥

ਖਿਨ ਮਹਿ ਬਿਨਸਿ ਜਾਇ, ਪਰਤਾਪੈ, ਡੰਡੁ ਧਰਮਰਾਇ ਕਾ ਲਾਗਾ॥

(ਮਾਲੀ ਗਉੜੀ, ਮ: ੪, ਪੰਨਾ ੯੮੫)

ਮਨਮੁਖ ਦੇ ਜੀਵਨ ਵਿੱਚ ਹਮੇਸ਼ਾ ਮੋਹ, ਭਰਮ ਅਤੇ ਅਗਿਆਨਤਾ ਦਾ ਘੁੱਪ ਹਨੇਰਾ ਰਹਿੰਦਾ ਹੈ। ਇਸ ਹਨੇਰੇ ਵਿੱਚ ਆਤਮਿਕ ਜੀਵਨ ਦੀ ਸੂਝ ਨਹੀਂ ਹੁੰਦੀ—

ਅਗਿਆਨਿ ਅੰਧੇਰੈ ਸੂਜਸਿ ਨਾਹੀ, ਬਹੁੜਿ ਬਹੁੜਿ ਭਰਮਾਤਾ॥

(ਸੋਰਠਿ, ਮ: ੫, ਪੰਨਾ ੬੧੦)

ਉਹ ਜੀਵਨ ਦੇ ਸਹੀ ਰਸਤੇ ਤੋਂ ਭਟਕ ਜਾਂਦਾ ਹੈ। ਅੱਗ ਨਾਲ ਤਪਿਆ ਹੋਇਆ ਉਹ ਉਨ੍ਹਾਂ ਲੋਕਾਂ ਦਾ ਆਸਰਾ ਭਾਲਦਾ ਹੈ ਜਿਨ੍ਹਾਂ ਨੂੰ ਆਪ ਅੱਗ ਲੱਗੀ ਹੁੰਦੀ । ਸਤਿਗੁਰੂ ਉੱਤੇ ਉਸ ਦਾ ਸਿਦਕ ਨਹੀਂ ਹੁੰਦਾ। ਸਤਿਗੁਰੂ ਦੇ ਉਪਦੇਸ਼ ਵੱਲ ਧਿਆਨ ਨਹੀਂ ਦਿੰਦਾ, ਆਪਣੀ ਗਰਜ ਦੇ ਪਿੱਛੇ ਭਟਕਦਾ ਰਹਿੰਦਾ ਹੈ। ਕਦੇ ਸੁੱਖ ਦੀ ਨੀਂਦ ਨਹੀਂ ਸੌਂਦਾ—

ਮਨਮੁਖ ਭਰਮੈ ਸਹਸਾ ਹੋਵੈ॥ ਅੰਤਰਿ ਚਿੰਤਾ ਨੀਦ ਨ ਸੋਵੈ॥

(ਮ: ੩, ਪੰਨਾ ੬੪੬)

ਅੰਤਰਿ ਅਗਿਆਨੁ, ਭਈ ਮਤਿ ਮਧਿਮ,
ਸਤਿਗੁਰ ਕੀ ਪਰਤੀਤਿ ਨਾਹੀ॥
ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ, ਕਪਟੇ ਖਪਹਿ ਖਪਾਹੀ॥
ਸਤਿਗੁਰ ਕਾ ਭਾਣਾ ਚਿਤਿ ਨ ਆਵੈ, ਆਪਣੈ ਸੁਆਇ ਫਿਰਾਹੀ॥
ਕਿਰਪਾ ਕਰੇ ਜੇ ਆਪਣੀ, ਤਾ ਨਾਨਕ ਸਬਦਿ ਸਮਾਹੀ॥

(ਸਲੋਕ, ਮ: ੪, ਪੰਨਾ ੬੫੨)

ਮਨਮੁਖ ਦਾ ਸਾਰਾ ਜੀਵਨ ਦੁੱਖ ਭੋਗਦਿਆਂ ਹੀ ਬੀਤਦਾ ਹੈ। ਮਨਮੁਖ ਮਾਨੋ ਦੁੱਖਾਂ ਦੀ ਪੈਲੀ ਹੈ ਜਿਸ ਵਿੱਚ ਉਹ ਦੁੱਖ ਬੀਜਦਾ ਹੈ, ਦੁੱਖਾਂ ਦੇ ਹੀ ਫਲ ਵੱਢ ਕੇ ਖਾਂਦਾ ਹੈ ਅਤੇ ਮਰ ਕੇ ਵੀ ਦੁੱਖ ਭੋਗਦਾ ਹੈ। ਉਹ ਸਦਾ ਦੁੱਧ ਦੀ ਥਾਂ ਪਾਣੀ ਰਿੜਕਦਾ ਰਹਿੰਦਾ ਹੈ। ਦਾਤਾਂ ਦੇਣ ਵਾਲੇ ਪਰਮਾਤਮਾ ਨੂੰ ਨਹੀਂ ਪਛਾਣਦਾ। ਉਸ ਦੀਆਂ ਦਾਤਾਂ ਨਾਲ ਲਿਪਟਿਆ ਰਹਿੰਦਾ ਹੈ—

ਮਨਮੁਖੁ ਦੁਖ ਕਾ ਖੇਤੁ ਹੈ, ਦੁਖੁ ਬੀਜੇ ਦੁਖੁ ਖਾਇ॥
ਦੁਖ ਵਿਚਿ ਜੰਮੈ, ਦੁਖਿ ਮਰੈ, ਹਉਮੈ ਕਰਤ ਵਿਹਾਇ॥
ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ॥
ਜੋ ਦੇਵੈ ਤਿਸੈ ਨ ਜਾਣਈ, ਦਿਤੇ ਕਉ ਲਪਟਾਇ॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੪੭)

ਧੰਧਾ ਧਾਵਤ ਦਿਨੁ ਗਇਆ, ਰੈਣਿ ਗਵਾਈ ਸੋਇ॥
ਕੂੜੁ ਬੋਲਿ ਬਿਖੁ ਖਾਇਆ, ਮਨਮੁਖਿ ਚਲਿਆ ਰੋਇ॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੪੮)

ਦਾਤਿ ਪਿਆਰੀ ਵਿਸਰਿਆ ਦਾਤਾਰਾ॥

(ਧਨਾਸਰੀ, ਮ: ੫, ਪੰਨਾ ੬੭੬)

ਮਨਮੁਖ ਦੀ ਜ਼ਿੰਦਗੀ ਦੇ ਦੁੱਖ ਦਾ ਸਭ ਤੋਂ ਵੱਡਾ ਕਾਰਨ ਹੈ ਹਿਰਦੇ ਵਿੱਚ ਪ੍ਰਭੂ ਦੇ ਡਰ ਨੂੰ ਨਾ ਰੱਖਣਾ ਅਤੇ ਪਰਮਾਤਮਾ ਦੇ ਹੁਕਮ ਨੂੰ ਨਾ ਪਛਾਣਨਾ, ਭਾਣਾ ਨਾ ਮੰਨਣਾ। ਪ੍ਰਭੂ ਦੇ ਡਰ ਤੋਂ ਬਿਨਾਂ ਦੁਨੀਆਵੀ ਡਰ ਮਨੁੱਖ ਨੂੰ ਆਤਮਕ ਮੌਤੇ ਮਾਰ ਦਿੰਦੇ ਹਨ ਅਤੇ ਮਨੁੱਖ ਮੰਦੇ ਕਰਮਾਂ ਤੋਂ ਨਵਿਰਤ ਨਹੀਂ ਹੁੰਦਾ। ਪ੍ਰਭੂ ਦਾ ਡਰ ਹਿਰਦੇ ਵਿੱਚ ਰੱਖ ਕੇ ਭਾਣਾ ਮੰਨਦਿਆਂ ਹੋਇਆਂ ਸਦਾ ਆਤਮਿਕ ਅਡੋਲਤਾ ਵਿੱਚ ਰਹਿ ਸਕਦਾ ਹੈ—

ਮਨਮੁਖ ਹੁਕਮੁ ਨ ਜਾਣਨੀ, ਤਿਨ ਮਾਰੇ ਜਮ ਜੰਦਾਰੁ॥

(ਮ: ੩, ਪੰਨਾ ੯੦

ਨਾਨਕ ਭੈ ਵਿਣੁ ਜੇ ਮਰੈ, ਮੁਹਿ ਕਾਲੈ ਉਠਿ ਜਾਇ॥

(ਮ: ੩, ਪੰਨਾ ੧੪੯

ਆਤਮਿਕ ਜੀਵਨ ਦੀ ਸੂਝ ਨ ਹੋਣ ਕਰਕੇ ਮਨਮੁਖ ਨੂੰ ਪ੍ਰਭੂ ਦੂਰ ਪ੍ਰਤੀਤ ਹੁੰਦਾ ਹੈ—

ਅਪਣਾ ਆਪੁ ਨ ਪਛਾਣਈ, ਹਰਿ ਪ੍ਰਭੁ ਜਾਤਾ ਦੂਰਿ॥
ਗੁਰ ਦੀ ਸੇਵਾ ਵਿਸਰੀ, ਕਿਉ ਮਨੁ ਰਹੈ ਹਜੂਰਿ॥

(ਸਲੋਕ, ਮ: ੩, ਪੰਨਾ ੯੫੪

ਪਰਮਾਤਮਾ ਹਿਰਦੇ-ਘਰ ਵਿੱਚ ਹੀ ਵਸਦਾ ਹੈ, ਪਰ ਵਿਚਕਾਰ ਅਗਿਆਨਤਾ ਦਾ ਹਨੇਰਾ ਹੋਣ ਕਰਕੇ ਮਨਮੁਖ ਉਸ ਨੂੰ ਵੇਖ ਨਹੀਂ ਸਕਦਾ। ਜਿਵੇਂ ਬਬੀਹਾ ਜਲ ਵਿੱਚ ਵਸਦਾ ਹੈ, ਚਾਰੇ ਪਾਸੇ ਜਲ ਹੁੰਦੇ ਹੋਏ ਵੀ ਉਹ ਪਿਆਸਾ ਹੀ ਰਹਿੰਦਾ ਹੈ, ਉਹ ਉਸ ਜਲ ਦੀ ਸਾਰ ਨਹੀਂ ਜਾਣਦਾ। ਤਿਵੇਂ ਹੀ ਮਨਮੁਖ ਘਰ ਵਿੱਚ ਰਤਨ ਪਦਾਰਥ ਹੁੰਦੇ ਹੋਏ ਵੀ ਭੁੱਖਾ ਮਰਦਾ ਹੈ—

ਮਨਮੁਖ ਕੋਠੀ ਅਗਿਆਨੁ ਅੰਧੇਰਾ, ਤਿਨ ਘਰਿ ਰਤਨੁ ਨ ਲਾਖਾ॥
ਤੇ ਊਝੜਿ ਭਰਮਿ ਮੁਏ ਗਾਵਾਰੀ, ਮਾਇਆ ਭੁਅੰਗ ਬਿਖੁ ਚਾਖਾ॥

(ਜੈਤਸਰੀ, ਮ: ੪, ਪੰਨਾ ੬੯੬

ਨਾਨਕ ਨਾਮੁ ਨਿਧਾਨੁ ਹੈ, ਗੁਰਮੁਖਿ ਪਾਇਆ ਜਾਇ॥
ਮਨਮੁਖ ਘਰਿ ਹੋਦੀ ਵਥੁ ਨ ਜਾਣਨੀ,
ਅੰਧੇ ਭਉਕਿ ਮੁਏ ਬਿਲਲਾਇ॥ (ਸਲੋਕ, ਮ: ੩, ਪੰਨਾ ੫੯੦

ਲਬ, ਲੋਭ, ਅਹੰਕਾਰ, ਨਿੰਦਾ-ਚੁਗਲੀ ਆਦਿਕ ਵਿੱਚ ਫਸਿਆ ਹੋਇਆ ਮੂਰਖ ਮੂੜ ਤੇ ਅੰਨ੍ਹਾ ਅਖਵਾਉਂਦਾ ਹੈ, ਮਾਇਆ ਦਾ ਸੇਵਕ ਬਣ ਕੇ ਮੋਹ ਦੇ ਹੱਥੋਂ ਜੀਵਨ-ਖੇਡ ਹਾਰ ਜਾਂਦਾ ਹੈ।

ਜੀਵਨ ਦਾ ਸਹੀ ਰਸਤਾ ਖੁੰਝ ਕੇ ਜਮ ਦੀ ਮੁਥਾਜੀ ਵਿੱਚ ਪੈ ਜਾਂਦਾ ਹੈ। ਉਸ ਨੂੰ ਘਾਟਾ ਹੀ ਘਾਟਾ ਰਹਿੰਦਾ ਹੈ। ਭੁਲੇਖੇ ਵਿੱਚ ਪਿਆ ਹੋਇਆ ਮਨਮੁਖ ਮਾਨੋਂ

ਜੰਗਲ ਵਿੱਚ ਭਟਕਦਾ ਰਹਿੰਦਾ ਹੈ—

ਮਨਮੁਖਿ ਭੂਲੇ ਜਮ ਕੀ ਕਾਣਿ॥ ਪਰ ਘਰੁ ਜੋਹੈ ਹਾਣੇ ਹਾਣਿ॥
ਮਨਮੁਖਿ ਭਰਮਿ ਭਵੈ ਬੇਬਾਣਿ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ॥

(ਰਾਮਕਲੀ, ਮ: ੧, ਸਿਧ ਗੋਸਟਿ, ਪੰਨਾ ੯੪੧)

ਮਨਮੁਖ ਦੇ ਜੀਵਨ ਵਿੱਚੋਂ ਮਾਇਆ-ਮੋਹ ਅਤੇ ਅਗਿਆਨਤਾ ਦਾ ਹਨੇਰਾ ਗੁਰੂ ਦੇ ਦੱਸੇ ਰਸਤੇ ਤੇ ਤੁਰਨ ਨਾਲ ਹੀ ਦੂਰ ਹੁੰਦਾ ਹੈ—

ਮਨਮੁਖ ਭੂਲੇ ਪਚਿ ਮੁਏ, ਉਬਰੇ ਗੁਰ ਬੀਚਾਰਿ॥

(ਰਾਮਕਲੀ, ਮ: ੧, ਦਖਣੀ, ਓਅੰਕਾਰ, ਪੰਨਾ ੯੩੭)

ਜਦੋਂ ਮਨਮੁਖ ਗੁਰੂ ਦੀ ਸ਼ਰਨ ਲੈਂਦਾ ਹੈ, ਤਾਂ ਉਸ ਦੇ ਅੰਦਰ ਸ਼ਰਧਾ ਬਣਦੀ ਹੈ। ਉਹ ਗੁਰ-ਸ਼ਬਦ ਨਾਲ ਜੁੜ ਕੇ ਪਰਮਾਤਮਾ ਦਾ ਨਾਮ-ਰਸ ਪੀਂਦਾ ਹੈ, ਅੰਤਰ-ਆਤਮੇ ਪ੍ਰਭੂ-ਚਰਨਾਂ ਵਿੱਚ ਜੁੜਦਾ ਹੈ। ਮਨ ਵਿੱਚ ਪ੍ਰਭੂ-ਪ੍ਰੇਮ ਪੈਦਾ ਹੁੰਦਾ ਹੈ ਤਾਂ ਉਸ ਦਾ ਮਨ ਮਾਇਆ ਦੀ ਤ੍ਰਿਸ਼ਨਾ ਵਿੱਚ ਡੋਲਦਾ ਨਹੀਂ। ਉਹ ਆਪਣੇ ਅੰਦਰੋਂ ਕਾਮ, ਕ੍ਰੋਧ, ਅਹੰਕਾਰ ਆਦਿ ਵਿਕਾਰਾਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਗੁਰੂ ਤੋਂ ਪ੍ਰਾਪਤ ਗਿਆਨ ਦੀ ਤਲਵਾਰ ਲੈ ਕੇ ਆਪਣੇ ਮਨ ਨਾਲ ਲੜਾਈ, ਕਰਦਾ ਹੈ। ਉਸ ਦੇ ਮਨ ਦਾ ਮਾਇਕ ਫੁਰਨਾ ਮਨ ਵਿੱਚ ਹੀ ਮੁੱਕ ਜਾਂਦਾ ਹੈ, ਮਾਨਸਿਕ ਅਸ਼ਾਂਤੀ ਅਤੇ ਭਟਕਣਾ ਦੂਰ ਹੋ ਜਾਂਦੀ ਹੈ। ਪ੍ਰਭੂ ਨੂੰ ਜੰਗਲ ਵਿੱਚ ਭਾਲਣ ਦੀ ਥਾਂ ਆਪਣੇ ਸਰੀਰ ਨੂੰ ਖੋਜਦਾ ਹੈ ਅਤੇ ਪਰਮਾਤਮਾ ਦਾ ਨਾਮ ਸਰਮਾਇਆ ਪ੍ਰਾਪਤ ਕਰ ਲੈਂਦਾ ਹੈ—

ਅੰਤਰਿ ਅਗਨਿ ਜਲੈ ਭੜਕਾਰੇ॥ ਮਨਮੁਖੁ ਤਕੇ ਕੁੰਡਾ ਚਾਰੇ॥
ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ,
ਸਾਚੇ ਹਾਥਿ ਵਡਾਈ ਹੇ॥੨॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥

(ਮਾਰੂ, ਮ: ੧, ਪੰਨਾ ੧੦੨੨)

ਗੁਰ-ਸ਼ਬਦ ਅਨੁਸਾਰ ਅਜਿਹਾ ਮਨੁੱਖ ਆਪਣੀ ਜੀਵਨ ਘਾੜਤ ਘੜਦਾ ਹੋਇਆ ਦਿਨ ਰਾਤ ਪਰਮਾਤਮਾ ਦੇ ਗੁਣ ਗਾਉਂਦਾ ਹੈ। ਉਸ ਦਾ ਤਨ ਮਨ ਹਰਿਆ ਹੋ ਜਾਂਦਾ ਹੈ। ਉਹ ਮਨ ਨੂੰ ਵੱਸ ਵਿੱਚ ਕਰ ਲੈਂਦਾ ਹੈ, ਮਨ ਦੇ ਪਿੱਛੇ ਨਹੀਂ ਲੱਗਦਾ। ਉਸ ਦੇ ਅੰਦਰੋਂ ਆਤਮਿਕ ਜੀਵਨ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ—

ਸਭ ਦਿਨਸੁ ਰੈਣਿ ਗੁਣ ਉਚਰੈ,
ਹਰਿ ਹਰਿ ਹਰਿ ਉਰਿ ਲਿਵ ਲਾਗੁ॥
ਸਭੁ ਤਨੁ ਮਨੁ ਹਰਿਆ ਹੋਇਆ,

ਮਨੁ ਖਿੜਿਆ ਹਰਿਆ ਬਾਗੁ ॥
ਅਗਿਆਨੁ ਅੰਧੇਰਾ ਮਿਟਿ ਗਇਆ ॥
ਗੁਰ ਚਾਨਣੁ ਗਿਆਨੁ ਚਰਾਗੁ ॥

(ਬਿਲਾਵਲੁ ਕੀ ਵਾਰ, ਸਲੋਕ, ਮ: ੪, ਪੰਨਾ ੮੪੯)

ਮਨਮੁਖੁ ਕਾਇਰੁ ਕਰੂਪੁ ਹੈ, ਬਿਨ ਨਾਵੈ ਨਕੁ ਨਾਹਿ ॥
ਅਨਦਿਨੁ ਧੰਦੈ ਵਿਆਪਿਆ, ਸੁਪਨੈ ਭੀ ਸੁਖੁ ਨਾਹਿ ॥

(ਪੰਨਾ ਪ੯੧)

ਮਨ ਦੇ ਅਧੀਨ ਮਨੁੱਖ ਡਰਾਕਲ ਤੇ ਬੇ-ਸ਼ਕਲ ਹੁੰਦਾ ਹੈ, ਨਾਮ ਤੋਂ ਬਿਨਾਂ ਕਿਤੇ ਉਸ ਨੂੰ ਆਦਰ ਨਹੀਂ ਮਿਲਦਾ, ਹਰ ਵੇਲੇ ਮਾਇਆ ਦੇ ਕਜ਼ੀਏ ਵਿਚ ਰੁੱਝਾ ਰਹਿੰਦਾ ਹੈ ਤੇ ਇਸ ਕਰਕੇ ਉਸ ਨੂੰ ਸੁਪਨੇ ਵਿੱਚ ਭੀ ਸੁਖ ਨਹੀਂ ਹੁੰਦਾ।

ਵਾਹਿਗੁਰੂ ਜੀ ਕਾ ਖਾਲਸਾ

ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ 'ਨਿਰਮਲ ਪੰਥ' ਦੀ ਸੰਪੂਰਨਤਾ ਕਰਕੇ ਇਸ ਨੂੰ 'ਖਾਲਸਾ ਪੰਥ' ਦਾ ਨਾਮ ਦਿੱਤਾ। ਜਿਸ ਨੂੰ ਪਹਿਲਾਂ 'ਸਿੱਖ' ਕਿਹਾ ਜਾਂਦਾ ਸੀ ਉਸ ਨੂੰ 'ਖਾਲਸਾ' ਕਿਹਾ ਜਾਣ ਲੱਗਾ। ਖਾਲਸਾ ਅਧਿਆਤਮਕਤਾ ਦੀ ਟੀਸੀ ਤੇ ਪੁੱਜੇ ਮਨੁੱਖ ਦਾ ਨਾਮ ਸੀ। ਐਸੇ ਖਾਲਸੇ ਨੂੰ ਦਸਮ ਪਿਤਾ ਨੇ ਗੁਰੂ ਦਾ ਰੂਪ ਕਿਹਾ ਹੈ—

ਖਾਲਸਾ ਮੇਰੋ ਰੂਪ ਹੈ ਖ਼ਾਸ॥
ਖ਼ਾਲਸੇ ਮਹਿ ਹਉ ਕਰਉ ਨਿਵਾਸ॥ (ਸਰਬ ਲੋਹ ਗ੍ਰੰਥ)

ਸਿੱਖ ਰਹਿਤ ਮਰਯਾਦਾ ਦਾ ਪਾਲਨ ਕਰਨ ਵਾਲੇ, ਪਵਿੱਤਰਤਾ ਦੀ ਮੂਰਤ, ਛਲ-ਕਪਟ ਤੋਂ ਰਹਿਤ, ਵਿਕਾਰਾਂ ਤੋਂ ਹੀਨ, ਕੂੜ-ਕਿਰਿਆ ਦੇ ਵਿਰੋਧੀ, ਪ੍ਰਭੂ-ਪ੍ਰੇਮ ਵਿੱਚ ਰੰਗੀ ਹੋਈ ਸਖ਼ਸ਼ੀਅਤ ਦਾ ਨਾਮ ਹੈ—ਖਾਲਸਾ। ਇਸ ਰੂਪ ਵਿੱਚ ਖਾਲਸਾ ਪਰਮਾਤਮਾ ਦਾ ਹੀ ਨਿਵਾਜਿਆ ਹੋਇਆ ਹੈ ਅਤੇ ਜੋ ਕੁਝ ਵੀ ਹੈ ਉਹ ਪਰਮਾਤਮਾ ਦੀ ਕ੍ਰਿਪਾ ਨਾਲ ਹੈ। ਪਰਮਾਤਮਾ ਦੀ ਰਜ਼ਾ ਮੰਨਣਾ ਹੀ ਉਸ ਦਾ ਧਰਮ ਹੈ। ਜਿਹੜਾ ਇੱਕ ਪਰਮਾਤਮਾ ਦਾ ਨਾਮ ਦਿਨ ਰਾਤ ਜਪਦਾ ਹੈ, ਇੱਕ ਪਰਮਾਤਮਾ ਤੇ ਹੀ ਪੂਰਨ ਵਿਸ਼ਵਾਸ ਕਰਦਾ ਹੈ, ਜਿਸ ਲਈ ਇੱਕ ਪਰਮਾਤਮਾ ਦੀ ਉਪਾਸਨਾ ਹੀ ਜਪ, ਤਪ ਆਦਿਕ ਹੈ, ਉਹੀ ਗੁਰਸਿੱਖ ਹੈ, ਉਹੀ ਖਾਲਸਾ। ਪਰਮਾਤਮਾ ਨੂੰ ਪਿਆਰ ਕਰਨ ਵਾਲੇ ਨੂੰ ਆਪਣੇ ਅੰਦਰ ਤੇ ਬਾਹਰ ਹਰ ਥਾਂ, ਉਚ-ਨੀਚ, ਅਮੀਰ-ਗਰੀਬ ਹਰੇਕ ਜੀਵ ਵਿੱਚ ਪਰਮਾਤਮਾ ਦੀ ਹੀ ਜੋਤਿ ਦਿਸਦੀ ਹੈ—

ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈਂ, ਤਬ ਖਾਲਸ ਤਾਹਿ ਨਖਾਲਸ ਜਾਨੈ॥

(੩੩ ਸਵੈਯੇ)

ਦੇਵੀ-ਦੇਵਤਾ, ਦੇਹਧਾਰੀ ਗੁਰੂਆਂ, ਬਣਾਉਟੀ ਸੰਤਾਂ, ਮੜ੍ਹੀ-ਮਸਾਣ ਆਦਿ ਦੀ ਪੂਜਾ ਗੁਰਮਤਿ ਵਿੱਚ ਵਰਜਿਤ ਹੈ—

ਦੂਬਿਧਾ ਨ ਪੜਉ, ਹਰਿ ਬਿਨ ਹੋਰੁ ਨ ਪੂਜਉ,
ਮੜੈ ਮਸਾਣਿ ਨ ਜਾਈ॥ (ਸੋਰਠਿ, ਮ: ੧, ਪੰਨਾ ੬੩੪)

ਗੁਰਸਿੱਖ ਖਾਲਸੇ ਲਈ ਬਾਣੀ ਹੀ 'ਗੁਰੂ' ਹੈ। ਗੁਰਵਾਕ ਹਨ—

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ॥

(ਨਟ, ਮ: ੪, ਪੰਨਾ ੯੮੨)

ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ॥

(ਮ: ੩, ਪੰਨਾ ੬੪੬)

ਗੁਰੂ ਦੀ ਮਤਿ 'ਤੇ ਚੱਲਣਾ ਹੀ ਗੁਰਸਿੱਖ ਦਾ ਧਰਮ ਹੈ—

ਗੁਰਸਿਖ ਮੀਤ ਚਲਹੁ ਗੁਰ ਚਾਲੀ॥

ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

(ਧਨਾਸਰੀ, ਮ: ੪, ਪੰਨਾ ੬੬੭)

ਗੁਰਸਿੱਖ-ਖਾਲਸਾ ਬਾਣੀ ਪੜ੍ਹਦਾ ਹੈ, ਬਾਣੀ ਉੱਤੇ ਸ਼ਰਧਾ ਅਤੇ ਵਿਸ਼ਵਾਸ ਰੱਖਦਾ ਹੈ। ਗੁਰੂ ਸਾਹਿਬਾਨ ਨੇ ਬਾਣੀ ਨੂੰ ਨਿਰੋਲ ਸੱਚ ਸਮਝਣ ਲਈ ਤਾਕੀਦ ਕੀਤੀ ਹੈ—

ਅਨਦਿਨੁ ਨਾਮੁ ਜਪਹੁ ਗੁਰਸਿਖਹੁ,

ਹਰਿ ਕਰਤਾ ਸਤਿਗੁਰੁ ਘਰੀ ਵਸਾਏ॥

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,

ਹਰਿ ਕਰਤਾ ਆਪਿ ਮੁਹਹੁ ਕਢਾਏ॥ (ਮ: ੪, ਪੰਨਾ ੩੦੮)

ਗੁਰ-ਸ਼ਬਦ ਦੀ ਵਿਚਾਰ ਕੀਤਿਆਂ ਹੀ ਗੁਰਮੁਖ ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ ਪੀਂਦਾ ਹੈ—

ਗੁਰਮੁਖਿ ਅੰਮ੍ਰਿਤੁ ਪੀਵਣਾ, ਨਾਨਕ ਸਬਦੁ ਵੀਚਾਰਿ॥

(ਮ: ੩, ਪੰਨਾ ੬੪੬)

ਜਿਹੜਾ ਮਨੁੱਖ ਗੁਰੂ ਦੀ ਮਤਿ ਤੇ ਚਲਦਾ ਹੈ ਉਹ ਹਿਰਦੇ ਵਿੱਚ ਪ੍ਰਭੂ ਦਾ ਡਰ ਰੱਖਦਾ ਹੈ, ਆਪਣੇ ਆਪੇ ਦੀ ਖੋਜ ਕਰਦਾ ਹੈ ਅਤੇ ਬਾਹਰ ਭਟਕਣੋਂ ਹਟ ਜਾਂਦਾ ਹੈ—

ਗੁਰਮੁਖਿ ਹੋਇ ਸੁ ਭਉ ਕਰੇ, ਆਪਣਾ ਆਪੁ ਪਛਾਣੈ॥

ਗੁਰ ਪਰਸਾਦੀ ਜੀਵਤੁ ਮਰੈ, ਤਾ ਮਨ ਹੀ ਤੇ ਮਨੁ ਮਾਨੈ॥

(ਸਲੋਕ, ਮ: ੩, ਪੰਨਾ ੬੪੭)

ਜਦੋਂ ਗੁਰਸਿੱਖ ਗੁਰ-ਸ਼ਬਦ ਦੇ ਰਾਹੀਂ ਹਉਮੈਂ ਸਾੜਦਾ ਹੈ, ਉਸ ਦਾ ਮਨ, ਤਨ ਪਵਿੱਤਰ ਹੋ ਜਾਂਦਾ ਹੈ। ਗੁਰਵਾਕ ਹੈ—

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ, ਹਉਮੈ ਸਬਦਿ ਜਲਾਏ॥

ਤਨੁ ਮਨੁ ਨਿਰਮਲੁ, ਨਿਰਮਲ ਬਾਣੀ, ਸਾਚੈ ਰਹੈ ਸਮਾਏ॥

(ਰਾਮਕਲੀ, ਮ: ੧, ਸਿਧ ਗੋਸਟਿ, ਪੰਨਾ, ੯੪੬)

ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ—

ਸੇ ਗੁਰਸਿਖ ਧਨੁ ਧੰਨੁ ਹੈ,

ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ, ਤਿਨਿ ਹੰਉਮੈ ਦੁਬਿਧਾ ਭੰਨੀ॥

(ਵਡਹੰਸ ਕੀ ਵਾਰ, ਮ: ੪, ਪੰਨਾ ੫੯੦)

ਗੁਰੂ ਦੇ ਉਪਦੇਸ਼ ਨਾਲ ਮਨੁੱਖ ਗੁਰੂ ਦੇ ਹੁਕਮ ਵਿੱਚ ਤੁਰ ਕੇ ਮਨ ਨੂੰ ਵੱਸ ਵਿੱਚ ਕਰ ਲੈਂਦਾ ਹੈ, ਮਾਇਆ ਵੱਲ ਦੌੜਦੇ ਮਨ ਨੂੰ ਰੋਕ ਰੱਖਦਾ ਹੈ, ਮਨ ਦੀ ਦੁਬਿਧਾ ਖਤਮ ਹੋ ਜਾਂਦੀ ਹੈ—

ਨਦਰਿ ਕਰੇ ਤਾ ਸਤਿਗੁਰੁ ਮੇਲੇ,

ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ॥

ਆਪੈ ਆਪੁ ਖਾਇ ਤਾ ਨਿਰਮਲੁ ਹੋਵੈ, ਧਾਵਤੁ ਵਰਜਿ ਰਹਾਏ॥

(ਰਾਮਕਲੀ, ਮ: ੧, ਸਿਧ ਗੋਸਟਿ, ਪੰਨਾ ੯੪੫)

ਗੁਰੂ ਨੇ ਪਰਮਾਤਮਾ ਦੇ ਰਾਹ ਉੱਤੇ ਤੁਰਨ ਦੀ ਜਾਚ ਸਿਖਾਈ ਹੈ ਅਤੇ ਆਖਿਆ ਹੈ, ਹੇ ਗੁਰਸਿਖੋ! ਆਪਣੇ ਅੰਦਰੋਂ ਛਲ-ਕਪਟ ਦੂਰ ਕਰੋ। ਨਿਰਛਲ ਹੋ ਕੇ ਪਰਮਾਤਮਾ ਦੇ ਸਿਮਰਨ ਰੂਪੀ ਕਮਾਈ ਕਰੋ। ਇੰਝ ਕੀਤਿਆਂ ਨਿਹਾਲ ਹੋ ਜਾਈਦਾ ਹੈ—

ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ,

ਗੁਰਿ ਚਾਲ ਦਿਖਾਈ ਹਰਿ ਚਾਲ॥

ਅੰਦਰਿ ਕਪਟੁ ਚੁਕਾਵਹੁ ਮੇਰੇ ਗੁਰ ਸਿਖਹੁ,

ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ, ਨਿਹਾਲ ਨਿਹਾਲ ਨਿਹਾਲ॥

(ਨਟ ਨਾਰਾਇਨ, ਮ: ੪, ਪੰਨਾ ੯੭੮)

ਜਿਹੜਾ ਹਿਰਦੇ ਵਿੱਚ ਕਪਟ ਰੱਖ ਕੇ ਮੰਦੇ ਕਰਮ ਕਰਦਾ ਹੈ ਪਰ ਜਗਤ ਨੂੰ ਆਪਣੇ ਜੀਵਨ ਦਾ ਹੋਰ ਪਾਸਾ ਵਿਖਾਉਂਦਾ ਹੈ, ਉਹ ਖਾਲਸਾ ਨਹੀਂ ਹੋ ਸਕਦਾ। ਜਿਸ ਦੇ ਸਰੀਰ ਉੱਤੇ ਧਾਰਮਿਕ ਪੋਸ਼ਾਕ ਹੈ ਪਰ ਹਿਰਦੇ ਵਿੱਚ ਲੋਭ ਹੈ, ਨਿੰਦਾ ਹੈ, ਈਰਖਾ ਹੈ, ਲੋਕ ਵਿਖਾਵੇ ਲਈ ਗਿਆਨ ਦੀਆਂ ਗੱਲਾਂ ਕਰਦਾ ਹੈ ਪਰ ਉਹਨਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਂਦਾ ਨਹੀਂ, ਬਾਹਰਲੇ ਧਾਰੇ ਹੋਏ ਚਿਹਨ ਹੋਰ ਹਨ ਪਰ ਅਸਲੀ ਜ਼ਿੰਦਗੀ ਕੁਝ ਹੋਰ ਹੈ, ਐਸਾ ਮਨੁਖ ਖਾਲਸਾ ਨਹੀਂ, ਪੰਖਡੀ ਹੈ—

ਰਹਤ ਅਵਰ ਕਛੁ ਅਵਰ ਕਮਾਵਤ॥

ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥

(ਗਉੜੀ, ਸੁਖਮਨੀ, ਮ: ੫, ਪੰਨਾ ੧੬੯)

ਕਰੈ ਦੁਹਕਰਮ, ਦਿਖਾਵੈ ਹੋਰੁ॥ ਰਾਮ ਕੀ ਦਰਗਹ ਬਾਧਾ ਚੋਰੁ॥

(ਗਉੜੀ, ਮ: ੫, ਪੰਨਾ ੧੯੪)

ਐਸੇ ਪਖੰਡੀ ਮਨੁੱਖ ਦੇ ਸਾਰੇ ਕਰਮ ਲੋਕਾਚਾਰ ਬਣ ਕੇ ਰਹਿ ਜਾਂਦੇ ਹਨ। ਉਹ ਪਾਠ ਕਰਦਾ ਹੋਇਆ, ਕੀਰਤਨ ਸੁਣਦਾ ਹੋਇਆ ਵੀ ਨਾਮ ਦਾ ਫਲ ਪ੍ਰਾਪਤ ਨਹੀਂ ਕਰਦਾ, ਪਰਮਾਤਮਾ ਦੇ ਨੇੜੇ ਨਹੀਂ ਹੋ ਸਕਦਾ। ਗੁਰਵਾਕ ਹਨ—

ਪਾਖੰਡ ਦ੍ਰਿਸਟਿ, ਮਨਿ ਕਪਟੁ ਕਮਾਹਿ॥

ਤਿਨ ਕੈ ਰਮਈਆ ਨੇੜਿ ਨਾਹਿ॥ (ਬਸੰਤੁ, ਮ: ੩, ਪੰਨਾ ੧੧੬੯)

ਭੇਖ ਦਿਖਾਵੈ ਸਚੁ ਨ ਕਮਾਵੈ॥ ਕਹਤੋ ਮਹਲੀ ਨਿਕਟਿ ਨ ਆਵੈ॥

(ਸੂਹੀ, ਮ: ੫, ਪੰਨਾ ੭੩੮)

ਅੰਤਰਿ ਕਪਟੁ ਭਗਉਤੀ ਕਹਾਏ॥

ਪਾਖੰਡਿ ਪਾਰਬ੍ਰਹਮ ਕਦੇ ਨ ਪਾਏ॥ (ਮ: ੩, ਪੰਨਾ ੮੮)

ਛਲ-ਕਪਟ ਤੋਂ ਰਹਿਤ, ਨਿਰਮਲ ਚਿਤ ਨਾਲ ਪਰਮਾਤਮਾ ਦਾ ਨਾਮ ਜਪਣਾ ਖਾਲਸੇ ਦੇ ਜੀਵਨ ਦਾ ਆਧਾਰ ਹੈ। ਇਸ ਆਧਾਰ ਤੇ ਹੀ ਉਸ ਦੇ ਜੀਵਨ ਦੀ ਉਸਾਰੀ ਹੁੰਦੀ ਹੈ। ਗੁਰੂ ਰਾਮਦਾਸ ਜੀ ਗੁਰਸਿੱਖ ਦੀ ਜੀਵਨ-ਜਾਚ ਦੱਸਦੇ ਹੋਏ ਫੁਰਮਾਉਂਦੇ ਹਨ—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ,
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ॥ (ਮ: ੪, ਪੰਨਾ ੩੦੫)

ਭਾਵ ਗੁਰਸਿੱਖ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਹਰਿ ਨਾਮ ਦਾ ਸਿਮਰਨ ਕਰਦਾ ਹੈ। ਇਸ਼ਨਾਨ ਕਰਕੇ ਸਤਿਗੁਰੂ ਦੇ ਉਪਦੇਸ਼ ਦੁਆਰਾ ਅੰਮ੍ਰਿਤਮਈ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ। ਇਸ ਤਰ੍ਹਾਂ ਉਸ ਦੇ ਸਾਰੇ ਪਾਪ ਵਿਕਾਰ ਲਹਿ ਜਾਂਦੇ ਹਨ। ਉਸ ਦਾ ਮਨ ਸ਼ਾਂਤ ਰਹਿੰਦਾ ਹੈ, ਵਿਕਾਰਾਂ ਵੱਲ ਨਹੀਂ ਦੌੜਦਾ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਤੇ ਸਾਰਾ ਦਿਨ ਕਿਰਤ ਕਾਰ ਕਰਦਿਆਂ ਹੋਇਆਂ ਵੀ ਪ੍ਰਭੂ ਨੂੰ ਯਾਦ ਰੱਖਦਾ ਹੈ।

ਨਿਤ ਨਾਮ ਜਪਣ ਨਾਲ ਕਾਮ, ਕ੍ਰੋਧ ਆਦਿਕ ਵਿਕਾਰ ਸ਼ਾਂਤ ਹੋ ਜਾਂਦੇ ਹਨ— ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ॥ (੭੪੨)

ਸਾਰਾ ਦਿਨ ਪ੍ਰਭੂ ਨੂੰ ਯਾਦ ਕਰਨ ਦਾ ਭਾਵ ਹੈ ਪ੍ਰਭੂ ਦੇ ਪਿਆਰ ਅਤੇ ਡਰ ਦਬ ਵਿੱਚ ਰਹਿਣਾ। ਜਿਹੜਾ ਗੁਰਸਿੱਖ ਪ੍ਰਭੂ ਦਾ ਨਾਮ-ਜਲ ਪੀ ਕੇ ਆਤਮਿਕ ੀਵਨ ਜੀਉਂਦਾ ਹੈ, ਉਹ ਮਨ ਵਿੱਚੋਂ ਖੁਦਗਰਜ਼ੀ ਦੂਰ ਕਰ ਲੈਂਦਾ ਹੈ, ਮੰਦੇ ਕਰਮ ਹੀਂ ਕਰਦਾ ਅਤੇ ਵਿਤਕਰਾ ਮਿਟਾ ਦਿੰਦਾ ਹੈ। ਸਤਿਗੁਰ ਦੇ ਸ਼ਬਦ ਅਨੁਸਾਰ ੀਵਨ-ਘਾੜਤ ਘੜ ਕੇ ਮਾਨੋ ਦੁੱਖ ਰੂਪੀ ਲੋਹਾ ਚਬਾ ਲੈਂਦਾ ਹੈ—

ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥

ਜਗੁ ਕਰੜਾ ਮਨਮੁਖੁ ਗਾਵਾਰੁ॥ ਸਬਦੁ ਕਮਾਈਐ ਖਾਈਐ ਸਾਰੁ॥

(ਰਾਮਕਲੀ, ਮ: ੧, ਪੰਨਾ ੯੪੩)

ਨਾਮ ਰੂਪੀ ਅੰਮ੍ਰਿਤ ਪੀ ਲੈਣ ਵਾਲਾ ਜੀਵ ਹਰੇਕ ਵਿੱਚ ਸਿਰਜਣਹਾਰ ਰਮਾਤਮਾ ਨੂੰ ਹੀ ਵੇਖਦਾ ਹੈ—

ਅੰਮ੍ਰਿਤੁ ਪੀਆ ਸਤਿਗੁਰਿ ਦੀਆ॥

ਅਵਰੁ ਨ ਜਾਣਾ ਦੂਆ ਤੀਆ॥

(ਮਾਰੂ, ਮ: ੧, ਦਖਣੀ, ਪੰਨਾ ੧੦੩੪)

ਐਸਾ ਗੁਰਸਿੱਖ ਹੀ ਖਾਲਸਾ ਹੈ। ਦਸਮ-ਪਾਤਸ਼ਾਹ ਦੇ ਬਚਨ ਹਨ—

ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥

ਪ੍ਰਭੁ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਿਨ ਭੇਵ॥

(ਸਰਬ ਲੋਹ ਗ੍ਰੰਥ)

ਗੁਰੂ ਸਾਹਿਬਾਨ ਨੇ ਗੁਰਸਿੱਖ ਦੀ ਜੀਵਨ ਜਾਚ ਨਿਰਧਾਰਿਤ ਕਰਨ ਵੇਲੇ ਿਹਨਤ ਦੀ ਕਮਾਈ ਕਰਕੇ ਉਸ ਵਿੱਚੋਂ ਲੋੜਵੰਦਾਂ ਦੀ ਸੇਵਾ ਕਰਨ ਦਾ ਆਦੇਸ਼ ੱਤਾ ਹੈ। ਇਸ ਨਾਲ ਖਾਲਸੇ ਦੀ ਜੀਵਨ ਉਸਾਰੀ ਮਜ਼ਬੂਤ ਬਣਦੀ ਹੈ। ਗੁਰ-ਾਕ ਹਨ—

ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕ ਰਾਹੁ ਪਛਾਣਹਿ ਸੇਇ॥

(ਸਾਰੰਗ ਕੀ ਵਾਰ, ਸਲੋਕ, ਮ: ੧, ਪੰਨਾ ੧੨੪੫)

ਬਣਾਉਟੀ ਭੇਖ ਧਾਰਨ ਕਰਕੇ ਦੂਜਿਆਂ ਦੀ ਕਮਾਈ ਤੇ ਜੀਵਨ ਬਤੀਤ ਰਨ ਵਾਲਾ ਕੋਈ ਵੀ ਮਨੁੱਖ ਗੁਰਸਿੱਖ ਜਾਂ ਖਾਲਸਾ ਅਖਵਾਉਣ ਦਾ ਅਧਿਕਾਰੀ ਹੀਂ ਹੋ ਸਕਦਾ।

ਖਾਲਸਾ ਤੀਰਥ ਇਸ਼ਨਾਨ, ਵਰਤ, ਪੂਜਾ ਆਦਿਕ ਕੋਰੇ ਧਾਰਮਿਕ-ਕਰਮਾਂ ੱਚ ਵਿਸ਼ਵਾਸ ਨਹੀਂ ਕਰਦਾ। ਨਾਮ ਤੋਂ ਬਿਨਾਂ ਇਹ ਕਰਮ ਹਉਮੈ ਆਦਿਕ ਕਾਰਾਂ ਦੀ ਮੈਲ ਨੂੰ ਹੀ ਵਧਾਉਂਦੇ ਹਨ—

ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ॥

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੈ॥

(ਸੂਹੀ, ਮ: ੫, ਪੰਨਾ ੭੪੭)

ਨਿਤ ਨਿਤ ਕਾਇਆ ਮਜਨੁ ਕੀਆ,
ਨਿਤ ਮਲਿ ਮਲਿ ਦੇਹ ਸਵਾਰੇ॥
ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ,
ਸਭ ਫੋਕਟ ਚਾਰ ਸੀਗਾਰੇ॥

(ਨਟ, ਮ: ੪, ਪੰਨਾ ੯੮੩)

ਕਿਆ ਜਪੁ, ਕਿਆ ਤਪੁ, ਕਿਆ ਬ੍ਰਤ ਪੂਜਾ॥
ਜਾ ਕੈ ਰਿਦੈ ਭਾਉ ਹੈ ਦੂਜਾ॥ (ਕਬੀਰ ਜੀ, ਗਉੜੀ, ਪੰਨਾ ੩੨੪)

ਪੂਜਾ ਅਰਚਾ ਬੰਦਨ ਡੰਡਉਤ, ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ,
ਨਹ ਮਿਲਿਐ ਇਹ ਜੁਗਤਾ॥

(ਸੋਰਠਿ, ਮ: ੫, ਪੰਨਾ ੬੪੨)

ਵਰਤ ਰੱਖਣੇ ਗੁਰਮਤਿ ਦੇ ਵਿਰੁੱਧ ਹਨ। ਅੰਨ ਆਦਿਕ ਤਿਆਗਣ ਦੀ ਥਾਂ ਕਾਮੁ, ਕ੍ਰੋਧ ਆਦਿਕ ਵਿਕਾਰਾਂ ਨੂੰ ਤਿਆਗਣਾ ਚਾਹੀਦਾ ਹੈ—

ਤਿਆਗਨਾ ਤਿਆਗਨੁ ਨੀਕਾ, ਕਾਮੁ ਕ੍ਰੋਧੁ ਲੋਭੁ ਤਿਆਗਨਾ।

(ਪੰਨਾ ੧੦੧੮)

ਗੁਰੂ ਅਰਜਨ ਦੇਵ ਜੀ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਉਹ ਧਾਰਮਿਕ ਉੱਦਮ ਕਰੋ, ਜਿਸ ਦੇ ਕਰਨ ਨਾਲ ਮਨ ਨੂੰ ਵਿਕਾਰਾਂ ਦੀ ਮੈਲ ਨਾ ਲੱਗ ਸਕੇ ਅਤੇ ਇਹ ਮਨ ਪਰਮਾਤਮਾ ਦੀ ਸਿਫਤਿ-ਸਾਲਾਹ ਵਿੱਚ ਟਿਕ ਕੇ ਵਿਕਾਰਾਂ ਦੇ ਹਮਲਿਆਂ ਤੋਂ ਸੁਚੇਤ ਰਹੇ—

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥੧॥ ਰਹਾਉ॥
ਏਕੋ ਸਿਮਰਿ ਨ ਦੂਜਾ ਭਾਉ॥ ਸੰਤ ਸੰਗਿ ਜਪਿ ਕੇਵਲ ਨਾਉ॥
ਕਰਮ ਧਰਮ ਨੇਮ ਬ੍ਰਤ ਪੂਜਾ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥

(ਗਉੜੀ, ਮ: ੫, ਪੰਨਾ ੧੯੯)

ਖਾਲਸੇ ਲਈ ਸੱਚ ਨੂੰ ਧਾਰਨ ਕਰਨਾ ਵਰਤ, ਸੰਤੋਖ ਰੂਪੀ ਤੀਰਥ, ਦਇਆ ਰੂਪੀ ਦੇਵਤਾ, ਖਿਮਾ ਰੂਪੀ ਮਾਲਾ ਅਤੇ ਪ੍ਰਭੂ ਦਾ ਧਿਆਨ ਤੀਰਥਾਂ ਦਾ ਇਸ਼ਨਾਨ ਹੈ—

ਸਚੁ ਵਰਤੁ, ਸੰਤੋਖੁ ਤੀਰਥੁ, ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ, ਖਿਮਾ ਜਪਮਾਲੀ, ਤੇ ਮਾਣਸ ਪਰਧਾਨ॥

(ਸਾਰੰਗ ਕੀ ਵਾਰ, ਸਲੋਕ ਮ: ੧, ਪੰਨਾ ੧੨੪੫)

ਗੁਰੂ ਅਰਜਨ ਦੇਵ ਜੀ ਦਾ ਵਿਚਾਰ ਹੈ ਪਰਮਾਤਮਾ ਨਾਲ ਪਿਆਰ ਕਰਨਾ ਹੀ ਤੀਰਥ ਇਸ਼ਨਾਨ, ਦਾਨ, ਪੁੰਨ ਅਤੇ ਤਪ ਕਰਨਾ ਹੈ ਕਿਉਂਕਿ ਪਰਮਾਤਮਾ ਨੂੰ ਪਿਆਰ ਕਰਨ ਵਾਲਾ ਸ਼ੁੱਭ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਉਸ ਦੇ ਅੰਦਰੋਂ ਕਾਮ, ਕ੍ਰੋਧ, ਅਹੰਕਾਰ, ਈਰਖਾ ਅਤੇ ਮਾਇਆ ਦੀ ਤ੍ਰਿਸ਼ਨਾ ਆਦਿਕ ਸਾਰੀ ਅਸੁਰੀ ਸੰਪਦਾ ਨਸ਼ਟ ਹੋ ਜਾਂਦੀ ਹੈ। ਗੁਰ-ਵਾਕ ਹੈ—

ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ,
ਬਿਨਸਿ ਜਾਹਿ ਹਰਿ ਨਾਮੁ ਉਚਾਰੀ॥
ਇਸਨਾਨ ਦਾਨ ਤਾਪਨ ਸੁਚਿ ਕਿਰਿਆ,
ਚਰਣ ਕਮਲ ਹਿਰਦੈ ਪ੍ਰਭ ਧਾਰੀ॥

(ਸਵਯੇ, ਸ੍ਰੀ ਮੁਖਵਾਕ, ਮ: ੫, ਪੰਨਾ ੧੩੮੯)

ਗੁਰਮਤਿ ਅਨੁਸਾਰ ਐਸੇ ਕਰਮ ਖਾਲਸੇ ਲਈ ਵਿਵਰਜਿਤ ਹਨ ਜਿਨ੍ਹਾਂ ਦੇ ਕਰਨ ਨਾਲ ਖਾਲਸਾ ਪਵਿੱਤਰ ਨਹੀਂ ਰਹਿ ਜਾਂਦਾ, ਉਸ ਨੂੰ ਵਿਕਾਰਾਂ ਦੀ ਮੈਲ ਲੱਗ ਜਾਂਦੀ ਹੈ। ਨਿੰਦਾ ਇੱਕ ਐਸਾ ਵਿਕਾਰ ਹੈ, ਜਿਹੜਾ ਆਤਮਿਕ ਸ਼ਾਂਤੀ ਨੂੰ ਨਸ਼ਟ ਕਰ ਦਿੰਦਾ ਹੈ। ਨਿੰਦਕ ਦੇ ਜੀਵਨ ਦਾ ਮਾਰਗ ਅੱਗ ਦੀ ਨਦੀ ਵਿੱਚੋਂ ਹੋ ਕੇ ਨਿਕਲਦਾ ਹੈ। ਇਸ ਲਈ ਕਿਹਾ ਗਿਆ ਹੈ—

ਖਾਲਸਾ ਸੋਇ ਜੁ ਨਿੰਦਾ ਤਿਆਗੈ।

ਪਰਾਇਆ ਹੱਕ ਮਾਰਨਾ ਪਾਪ ਹੈ। ਜਿਹੜੇ ਮਨੁੱਖ ਹਰਾਮ ਦੀ ਕਮਾਈ ਖਾਂਦੇ ਹਨ, ਉਹਨਾਂ ਦਾ ਮਨ ਕਿਵੇਂ ਪਵਿੱਤਰ ਹੋ ਸਕਦਾ ਹੈ? ਜੇਕਰ ਜਾਮੇ ਨੂੰ ਖ਼ੂਨ ਲੱਗਾ ਹੋਵੇ ਤਾਂ ਅਪਵਿੱਤਰ ਮੰਨਿਆ ਜਾਂਦਾ ਹੈ, ਰਿਸ਼ਵਤ ਲੈ ਕੇ ਦੂਜਿਆਂ ਦਾ ਖ਼ੂਨ ਪੀਣ ਵਾਲਾ ਤਾਂ ਸਦਾ ਹੀ ਅਪਵਿੱਤਰ ਹੈ। ਗੁਰਵਾਕ ਹੈ—

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

(ਸਲੋਕ, ਮ: ੧, ਪੰਨਾ ੧੪੧)

ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ॥

(ਸਲੋਕ, ਮ: ੧, ਪੰਨਾ ੧੪੦)

ਪਰਮਾਤਮਾ ਸਦਾ ਪਵਿੱਤਰ ਹੈ। ਉਹ ਅਪਵਿੱਤਰ ਮਨ ਵਾਲੇ ਮਨੁੱਖ ਦੇ ਨੇੜੇ ਕਿਵੇਂ ਹੋ ਸਕਦਾ ਹੈ? ਐਸੇ ਮਨੁੱਖ ਨੂੰ ਪਰਮਾਤਮਾ ਸਦਾ ਦੂਰ ਹੀ ਪ੍ਰਤੀਤ ਹੁੰਦਾ ਹੈ। ਭੈੜੀ ਮਤਿ ਮਨੁੱਖ ਦੇ ਅੰਦਰ ਮਾਨੋ ਮਿਰਾਸਣ ਹੈ, ਬੇਰਹਮੀ ਕਸਾਇਣ ਅਤੇ ਪਰ

ਨਿੰਦਾ ਅੰਦਰ ਦੀ ਚੂਹੜੀ ਹੈ—

ਕੁਬੁਧਿ ਡੂਮਣੀ, ਕੁਦਇਆ ਕਸਾਇਣਿ,
ਪਰ ਨਿੰਦਾ ਘਟ ਚੂਹੜੀ, ਮੁਠੀ ਕ੍ਰੋਧਿ ਚੰਡਾਲਿ॥

(ਸਲੋਕ, ਮ: ੧, ਪੰਨਾ ੯੧)

ਅਕ੍ਰਿਤਘਣਤਾ ਖਾਲਸੇ ਦੇ ਸੁਭਾਅ ਵਿੱਚ ਨਹੀਂ ਹੁੰਦੀ। ਅਕ੍ਰਿਤਘਣ ਧਰਤੀ ਦੇ ਭਾਰ ਹੁੰਦੇ ਹਨ। ਉਹ ਪਰਮਾਤਮਾ ਵੱਲੋਂ ਮਾਰੇ ਹੋਏ, ਦੁੱਖ ਰੂਪ ਘੋਰ ਨਰਕ ਵਿੱਚ ਪੈਂਦੇ ਹਨ—

ਨਰਕ ਘੋਰ ਬਹੁ ਦੂਖ ਘਣੇ, ਅਕ੍ਰਿਤਘਣਾ ਕਾ ਥਾਨੁ॥
ਤਿਨਿ ਪ੍ਰਭਿ ਮਾਰੇ ਨਾਨਕਾ, ਹੋਇ ਹੋਇ ਮੁਏ ਹਰਾਮ॥

(ਸਲੋਕ, ਮ: ੫, ਪੰਨਾ ੩੧੫)

ਖਾਲਸਾ ਭਾਣਾ ਮੰਨਣ ਵਾਲਾ ਪਰਮਾਤਮਾ ਦਾ ਨਿਮਰ-ਸੁਭਾਅ ਸੇਵਕ ਹੈ। ਪਰਮਾਤਮਾ ਜਿਹੋ ਜਿਹਾ ਵੀ ਹੁਕਮ ਕਰਦਾ ਹੈ ਉਹ ਉਸ ਹੁਕਮ ਤੋਂ ਕਦੇ ਮੂੰਹ ਨਹੀਂ ਮੋੜਦਾ। ਜੇ ਪ੍ਰਭੂ ਦੇ ਹੁਕਮ ਵਿੱਚ ਭੁੱਖ-ਨੰਗ ਆ ਗਈ ਤਾਂ ਉਸ ਨੂੰ ਵੀ ਉਸ ਨੇ ਸੁੱਖ ਮੰਨ ਲਿਆ। ਗੁਰ-ਵਾਕ ਹੈ—

ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ,
ਉਠਿ ਉਆਹੂ ਕਉ ਦਉਰਿਓ॥ ੨ ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ, ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ, ਸੋ ਮਾਥੇ ਲੈ ਮਾਨਿਓ॥

(ਮਾਰੂ, ਮ: ੫, ਪੰਨਾ ੧੦੦੦)

ਸ਼ਰਾਬ ਖਾਲਸੇ ਲਈ ਵਿਵਰਜਿਤ ਹੈ। ਇਸ ਦੇ ਪੀਣ ਨਾਲ ਮਨ ਵਿੱਚ ਵਿਕਾਰ ਪੈਦਾ ਹੁੰਦੇ ਹਨ। ਆਪਣੇ-ਪਰਾਏ ਦੀ ਪਛਾਣ ਨਹੀਂ ਰਹਿੰਦੀ। ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਅਤੇ ਪਰਮਾਤਮਾ ਵਿਸਰ ਜਾਂਦਾ ਹੈ—

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥

(ਬਿਹਾਗੜੇ ਕੀ ਵਾਰ, ਸਲੋਕ, ਮ: ੩, ਪੰਨਾ ੫੫੪)

ਅੰਮ੍ਰਿਤਧਾਰੀ ਗੁਰਸਿੱਖ ਦੀ 'ਖਾਲਸਾ' ਤੋਂ ਬਿਨਾਂ ਹੋਰ ਕੋਈ ਜਾਤਿ ਨਹੀਂ ਹੁੰਦੀ। ਸਾਰਿਆਂ ਵਿੱਚ ਪ੍ਰਭੂ ਦੀ ਜੋਤਿ ਹੈ। ਇਸ ਲਈ ਕੋਈ ਮਨੁੱਖ ਉੱਚਾ ਜਾਂ ਨੀਵਾਂ ਨਹੀਂ। ਸਾਰਿਆਂ ਵਿੱਚ ਸਰੀਰ ਇੱਕੋ ਜਿਹੇ ਪੰਜ ਤੱਤਾਂ ਨਾਲ ਬਣਿਆ

ਹੋਇਆ ਹੈ। ਉੱਚਾ ਤਾਂ ਉਹ ਮਨੁੱਖ ਹੈ ਜਿਹੜਾ ਪ੍ਰਭੂ ਭਗਤੀ ਦੁਆਰਾ ਆਪਣਾ ਆਤਮਿਕ ਜੀਵਨ ਉੱਚਾ ਬਣਾ ਲੈਂਦਾ ਹੈ ਅਤੇ ਪ੍ਰਭੂ ਦੀ ਰਜ਼ਾ ਵਿੱਚ ਤੁਰਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਵਾਲੇ ਨੂੰ ਸਾਰਿਆਂ ਜੀਵਾਂ ਵਿੱਚ ਪਰਮਾਤਮਾ ਹੀ ਵਸਦਾ ਦਿਸਦਾ ਹੈ। ਜਾਤਿ ਦਾ ਅਹੰਕਾਰ ਕਰਨਾ ਮਹੁਰੇ (ਜ਼ਹਿਰ) ਸਮਾਨ ਹੈ। ਇਹ ਮਹੁਰਾ ਮਨੁੱਖ ਦੇ ਆਤਮਿਕ ਜੀਵਨ ਨੂੰ ਖਤਮ ਕਰ ਦਿੰਦਾ ਹੈ। ਜਿਸ ਕੋਲ ਮਹੁਰਾ ਹੋਵੇਗਾ, ਚਾਹੇ ਉਹ ਕਿਸੇ ਵੀ ਜਾਤਿ ਦਾ ਹੋਵੇਗਾ, ਜੇਕਰ ਮਹੁਰਾ ਖਾਵੇਗਾ ਤਾ ਮਰੇਗਾ ਹੀ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—

ਜਾਤੀ ਦੈ ਕਿਆ ਹਥਿ, ਸਚੁ ਪਰਖੀਐ॥
ਮਹੁਰਾ ਹੋਵੈ ਹਥਿ, ਮਰੀਐ ਚਖੀਐ॥
ਸਚੇ ਕੀ ਸਿਰਕਾਰ, ਜੁਗੁ ਜੁਗੁ ਜਾਣੀਐ॥
ਹੁਕਮੁ ਮੰਨੇ ਸਿਰਦਾਰੁ, ਦਰਿ ਦੀਬਾਣੀਐ॥

(ਮਾਝ ਕੀ ਵਾਰ, ਮ: ੧, ਪੰਨਾ ੧੪੨)

ਖਾਲਸਾ ਵਹਿਮ-ਭਰਮ, ਸ਼ਗਨ-ਅਪਸ਼ਗਨ, ਦਿਨ-ਮਹੂਰਤ, ਜੰਤ੍ਰ-ਮੰਤ੍ਰ, ਧਾਗੇ-ਤਵੀਤ ਆਦਿਕ ਵਿੱਚ ਵਿਸ਼ਵਾਸ ਨਹੀਂ ਕਰਦਾ। ਇਹ ਅਗਿਆਨਤਾ ਦੇ ਉਸ ਹਨੇਰੇ ਰਸਤੇ 'ਤੇ ਲੈ ਜਾਂਦੇ ਹਨ, ਜਿਹੜਾ ਪਰਮਾਤਮਾ ਵੱਲ ਨਹੀਂ ਜਾਂਦਾ। ਪਰਮਾਤਮਾ ਦਾ ਸਿਮਰਨ ਕਰਨ ਵਾਲੇ ਲਈ ਇਹ ਨਿਰਾਰਥਕ ਹਨ—

ਖਾਲਸਾ ਖਾਸ ਕਹਾਵੈ ਸੋਈ, ਜਾਂ ਕੇ ਹਿਰਦੇ ਭਰਮ ਨ ਹੋਈ॥
ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ॥

(ਗੁਰ ਸੋਭਾ 'ਚੋਂ)

ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰ॥

(ਰਾਮਕਲੀ, ਮ: ੧, ੯੦੪)

ਥਿਤੀ ਵਾਰ ਸੇਵਹਿ ਮੁਗਧ ਗਵਾਰ॥

(ਬਿਲਾਵਲੁ, ਮ ੩, ਪੰਨਾ ੮੪੩)

ਸਗੁਨ ਅਪਸਗੁਨ ਤਿਸ ਕਉ ਲਗਹਿ, ਜਿਸੁ ਚੀਤਿ ਨ ਆਵੈ॥

(ਆਸਾ, ਮ: ੫, ੪੦੧)

ਅਉਖਧ ਮੰਤ੍ਰ ਤੰਤ ਸਭਿ ਛਾਰੁ॥
ਕਰਣੈਹਾਰੁ ਰਿਦੇ ਮਹਿ ਧਾਰੁ॥

(ਗਉੜੀ, ਮ: ੫, ਪੰਨਾ ੧੯੬)

ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਤਵੀਤ ਅਤੇ ਜੰਤ੍ਰ ਆਦਿਕ ਦੀ ਸ਼ਕਲ ਵਿੱਚ ਵੇਚਦੇ ਹਨ, ਉਹਨਾਂ ਦਾ ਜੀਉਣਾ ਫਿਟਕਾਰਯੋਗ ਹੈ। ਉਹ ਆਪ ਹੀ ਬੰਦਗੀ

ਦੇ ਸਹੀ ਰਾਹ ਤੋਂ ਖੁੰਝ ਜਾਂਦੇ ਹਨ, ਦੂਜਿਆਂ ਦਾ ਕਲਿਆਣ ਕਿਵੇਂ ਕਰ ਸਕਦੇ ਹਨ? ਗੁਰਵਾਕ ਹੈ—

ਧ੍ਰਿਗੁ ਤਿਨਾ ਕਾ ਜੀਵਿਆ, ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ, ਖਲਵਾੜੇ ਕਿਆ ਥਾਉ॥

(ਸਾਰੰਗ ਕੀ ਵਾਰ, ਸਲੋਕ ਮ: ੧, ਪੰਨਾ ੧੨੪੫)

ਪਰ ਅਫਸੋਸ ਹੈ, ਅੱਜ ਸਿੱਖ ਸਮਾਜ ਵਹਿਮਾਂ-ਭਰਮਾਂ ਅਤੇ ਫੋਕੇ ਕਰਮ-ਕਾਂਡਾਂ ਦੇ ਪੰਜੇ ਵਿੱਚ ਕੈਦ ਹੁੰਦਾ ਜਾ ਰਿਹਾ ਹੈ। ਨਿੱਤ ਦੇ ਕਾਰ-ਵਿਹਾਰ ਵਿੱਚ ਬ੍ਰਾਹਮਣਾਂ ਵਾਲੀਆਂ ਰੀਤੀਆਂ ਵਧਦੀਆਂ ਜਾ ਰਹੀਆਂ ਹਨ। ਬਣਾਉਟੀ ਗੁਰੂਆਂ, ਸੰਤਾਂ, ਫਕੀਰਾਂ, ਜੋਤਸ਼ੀਆਂ ਦੇ ਦੁਆਰਿਆਂ ਚੇ ਭਟਕਣਾ, ਕਰਵਾ ਚੌਥ ਆਦਿਕ ਵਰਤ ਰੱਖਣੇ, ਤਵੀਤ-ਮੰਤਰ ਆਦਿਕ ਤੇ ਵਿਸ਼ਵਾਸ ਕਰਨਾ, ਸ਼ਗਨ-ਅਪਸ਼ਗਨ, ਥਿਤ-ਵਾਰ, ਮਹੂਰਤ ਵਿਚਾਰਨਾ, ਜੋਤਿ ਜਗਾਉਣਾ, ਅਖੰਡ ਪਾਠ ਵੇਲੇ ਪਾਣੀ ਦਾ ਘੜਾ ਅਤੇ ਲਾਲ ਕੱਪੜੇ ਵਿੱਚ ਨਾਰੀਅਲ ਲਪੇਟ ਕੇ ਰੱਖਣਾ, ਸ਼ਰਾਧ ਕਰਨੇ ਆਦਿਕ ਕਰਮ ਨਿੱਤ ਦੇ ਜੀਵਨ ਵਿੱਚ ਸ਼ਾਮਿਲ ਹੋ ਚੁੱਕੇ ਹਨ। ਗੁਰੂ ਜੀ ਨੇ ਤਾਂ ਤਾੜਨਾ ਕੀਤੀ ਸੀ—

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈ ਨ ਕਰੋਂ ਇਨ ਕੀ ਪ੍ਰਤੀਤ॥

ਅੱਜ ਅਸੀਂ ਸਿਧਾਂਤਹੀਣ ਅਤੇ ਤੇਜਹੀਣ ਹੁੰਦੇ ਜਾ ਰਹੇ ਹਾਂ। ਪਾਠ ਕਰਦਿਆਂ, ਕੀਰਤਨ ਸੁਣਦਿਆਂ ਵੀ ਅਸੀਂ ਮਾਨਸਿਕ ਤਨਾਅ ਤੋਂ ਮੁਕਤ ਨਹੀਂ ਹੁੰਦੇ। ਵੱਡੇ ਵੱਡੇ ਕੀਰਤਨ ਦਰਬਾਰ, ਨਗਰ ਕੀਰਤਨ ਆਦਿਕ ਸਿਰਫ ਲੋਕਾਚਾਰ ਬਣ ਕੇ ਰਹਿ ਗਏ ਹਨ। ਕਾਮ, ਕ੍ਰੋਧ, ਲੋਭ ਦੇ ਵੱਸ ਹੋ ਕੇ ਨਿੱਤ ਉਹੀ ਕੰਮ ਕਰਦੇ ਹਾਂ, ਜਿਹੜੇ ਵਿਕਾਰਾਂ ਦੀ ਮੈਲ ਨੂੰ ਵਧਾਉਂਦੇ ਹਨ। ਆਪਸੀ ਭੇਦ-ਭਾਵ, ਮੇਰ-ਤੇਰ, ਵਿਤਕਰਾ, ਈਰਖਾ ਨੇ ਸਹੀ ਰਸਤੇ ਦੀ ਪਕੜ ਢਿੱਲੀ ਕਰ ਦਿੱਤੀ ਹੈ। ਖਾਲਸੇ ਵਿੱਚ ਤਾਂ ਗੁਰੂ ਹੈ। ਜਿੱਥੇ ਗੁਰੂ ਹੋਵੇ, ਉੱਥੇ ਮੇਰ-ਤੇਰ, ਖੁਦਗਰਜ਼ੀ, ਕ੍ਰੋਧ, ਈਰਖਾ ਅਤੇ ਆਚਰਣਕ ਗਿਰਾਵਟ ਨਹੀਂ ਹੋ ਸਕਦੀ। ਜਿਸ ਵਿੱਚ ਇਹ ਸਭ ਔਗੁਣ ਹਨ, ਉਹ ਖਾਲਸਾ ਨਹੀਂ। ਇਸ ਸਭ ਦਾ ਕਾਰਨ ਹੈ—ਬਾਣੀ ਦੀ ਸਹੀ ਵਿਚਾਰ ਦੀ ਘਾਟ। ਜ਼ਰੂਰਤ ਹੈ ਨਿੱਤ ਦੇ ਕਾਰ-ਵਿਹਾਰ ਵਿੱਚ ਬਾਣੀ ਦੇ ਉਪਦੇਸ਼ ਨੂੰ ਲਾਗੂ ਕਰਨ ਦੀ। ਇਸ ਦੇ ਨਾਲ ਹੀ ਆਪੇ ਦੀ ਵੀਚਾਰ ਜ਼ਰੂਰੀ ਹੈ। ਜੇਕਰ ਅਸੀਂ ਸਾਰੇ ਹੀ ਆਪੇ ਦੀ ਵੀਚਾਰ ਕਰੀਏ ਅਤੇ ਧਨ, ਮਾਣ ਜਾਂ ਚੌਧਰ ਦੀ ਚਾਹ 'ਤੋਂ ਖਾਲਸਈ ਸਿਧਾਂਤਾਂ ਨੂੰ ਨਿਛਾਵਰ ਨਾ ਕਰਨ ਦਾ ਬੀੜਾ ਚੁੱਕ ਲਈਏ ਤਾਂ ਹਰੇਕ 'ਸਿੱਖ' ਵਾਹਿਗੁਰੂ ਜੀ ਦਾ 'ਖਾਲਸਾ' ਆਖਵਾਉਣ ਦਾ ਅਧਿਕਾਰੀ ਹੋ ਸਕਦਾ ਹੈ।

☬

ਖ਼ਾਲਸਾ ਸੋਇ ਜੁ ਨਿੰਦਾ ਤਿਆਗੇ

ਖਾਲਸਾ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਖ਼ਾਸ ਰੂਪ ਹੈ। ਖ਼ਾਲਸਾ ਪਵਿੱਤਰਤਾ ਦੀ ਮੂਰਤ ਹੈ, ਵਿਕਾਰਾਂ ਤੋਂ ਰਹਿਤ ਅਤੇ ਕੂੜ-ਕ੍ਰਿਆ ਦਾ ਵਿਰੋਧੀ ਹੈ। ਕਾਮ, ਕ੍ਰੋਧ, ਲੋਭ, ਮੋਹ, ਨਿੰਦਾ ਆਦਿਕ ਖਾਲਸੇ ਲਈ ਵਿਵਰਜਿਤ ਹਨ। ਨਿੰਦਾ ਇੱਕ ਐਸਾ ਵਿਕਾਰ ਹੈ, ਜੋ ਮਨ ਨੂੰ ਮੈਲਾ ਕਰ ਦਿੰਦਾ ਹੈ। ਨਿੰਦਕ ਦੂਜਿਆਂ ਦੇ ਅਨੇਕਾਂ ਜਨਮਾਂ ਦੇ ਕੀਤੇ ਪਾਪਾਂ ਦੀ ਮੈਲ ਧੋ ਦਿੰਦਾ ਹੈ, ਪਰ ਉਹੀ ਮੈਲ ਨਿੰਦਕ ਆਪਣੇ ਮਨ ਦੇ ਅੰਦਰ ਸੰਸਕਾਰਾਂ ਦੇ ਰੂਪ ਵਿੱਚ ਇਕੱਠੀ ਕਰ ਲੈਂਦਾ ਹੈ—

ਜਨਮ ਜਨਮ ਕੀ ਮਲੁ ਧੋਵੈ ਪਰਾਈ, ਆਪਣਾ ਕੀਤਾ ਪਾਵੈ॥
ਈਹਾ ਸੁਖੁ ਨਹੀ ਦਰਗਹ ਢੋਈ, ਜਮਪੁਰਿ ਜਾਇ ਪਚਾਵੈ॥

(ਆਸਾ, ਮ: ੫, ਪੰਨਾ ੩੮੦)

ਨਿੰਦਾ ਕਰਨ ਵਾਲਾ ਖ਼ਾਲਸਾ ਨਹੀਂ ਹੋ ਸਕਦਾ। ਨਿੰਦਾ ਦਾ ਮੂਲ ਈਰਖਾ ਹੈ। ਜਿਹੜਾ ਮਨੁੱਖ ਦੂਸਰੇ ਦੀ ਵਡਿਆਈ ਸਹਿ ਨਹੀਂ ਸਕਦਾ ਉਹ ਈਰਖਾ ਦੀ ਅੱਗ ਵਿੱਚ ਸੜ ਕੇ ਨਿੰਦਕ ਬਣ ਜਾਂਦਾ ਹੈ। ਨਿੰਦਕ ਨੂੰ ਆਤਮਿਕ ਸ਼ਾਂਤੀ ਨਹੀਂ ਪ੍ਰਾਪਤ ਹੁੰਦੀ। ਐਸੇ ਮਨੁੱਖ ਦੇ ਜੀਵਨ ਦਾ ਮਾਰਗ ਅੱਗ ਦੀ ਨਦੀ ਵਿੱਚੋਂ ਹੋ ਕੇ ਨਿਕਲਦਾ ਹੈ, ਜਿੱਥੇ ਉਹ ਲਾਟਾਂ ਨਿਕਲਦੀਆਂ ਹਨ ਜੋ ਆਤਮਿਕ ਜੀਵਨ ਨੂੰ ਨਸ਼ਟ ਕਰ ਦਿੰਦੀਆਂ ਹਨ—

ਨਿੰਦਾ ਕਰਦਾ ਪਚਿ ਮੁਆ, ਵਿਚਿ ਦੇਹੀ ਭਖੈ॥
ਸਚੈ ਸਾਹਿਬ ਮਾਰਿਆ, ਕਉਣੁ ਤਿਸ ਨੋ ਰਖੈ॥

(ਗਉੜੀ ਕੀ ਵਾਰ, ਮ: ੪, ਪੰਨਾ ੩੧੫)

ਛੋਡਿਹੁ ਨਿੰਦਾ ਤਾਤਿ ਪਰਾਈ॥
ਪੜਿ ਪੜਿ ਦਝਹਿ, ਸਾਤਿ ਨ ਆਈ॥

(ਮਾਰੂ ਸੋਲਹੇ ਮ: ੧, ਪੰਨਾ ੧੦੨੬)

ਜਿਹੜੇ ਮਨੁੱਖ ਸਤਿਗੁਰੂ ਦੀ ਸੇਵਾ ਤੋਂ ਸੱਖਣੇ ਰਹਿੰਦੇ ਹਨ, ਹਰ ਵੇਲੇ ਖਾਣ-ਪੀਣ ਅਤੇ ਸੋਹਣੇ ਕੱਪੜੇ ਪਹਿਨਣ ਆਦਿਕ ਦੇ ਸੁਆਦ ਵਿੱਚ ਲੱਗੇ ਰਹਿੰਦੇ ਹਨ, ਸਾਹਮਣੇ ਮਿੱਠੀਆਂ ਗੱਲਾਂ ਕਰਦੇ ਹਨ, ਪਰ ਪਿਛੋਂ ਨਿੰਦਾ ਕਰਦੇ ਹਨ, ਉਹਨਾਂ ਦੇ ਮੂੰਹ ਦੇ ਅੰਦਰ ਮਾਨੋ ਜ਼ਹਿਰ ਭਰਿਆ ਰਹਿੰਦਾ ਹੈ ਜਿਸਨੂੰ ਉਹ ਕੱਢਦੇ ਰਹਿੰਦੇ ਹਨ। ਇਹੋ ਜਿਹੇ ਮਨੁੱਖ ਪਰਮਾਤਮਾ ਦੇ ਨੇੜੇ ਨਹੀਂ ਹੋ ਸਕਦੇ। ਗੁਰਵਾਕ ਹੈ--

ਓਇ ਹਾਜਰੁ ਮਿਠਾ ਬੋਲਦੇ, ਬਾਹਰਿ ਵਿਸੁ ਕਢਹਿ ਮੁਖਿ ਘੋਲੇ॥
ਮਨਿ ਖੋਟੇ ਦਯਿ ਵਿਛੋੜੇ॥ (ਗਉੜੀ ਕੀ ਵਾਰ, ਮ: ੪, ਪੰਨਾ ੩੦੬)

ਜਿਸਦੇ ਹਿਰਦੇ ਵਿੱਚ ਨਿੰਦਾ ਦਾ ਜ਼ਹਿਰ ਹੋਵੇ ਪਰ ਮੂੰਹੋਂ ਮਿੱਠਾ ਬੋਲਦਾ ਹੋਵੇ, ਇਹੋ ਜਿਹਾ ਖੋਟਾ ਮਨੁੱਖ ਜੇਕਰ ਸੋਨੇ ਨੂੰ ਹੱਥ ਪਾਵੇ ਉਹ ਵੀ ਸੁਆਹ ਨਾਲ ਰਲ ਜਾਂਦਾ ਹੈ। ਐਸੇ ਮਨੁੱਖ ਦੀ ਕੋਈ ਸਹਾਇਤਾ ਨਹੀਂ ਕਰਦਾ—

ਓਸੁ ਅਗੈ ਪਿਛੈ ਢੋਈ ਨਾਹੀ,

ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ॥
ਜੇ ਸੁਇਨੇ ਨੋ ਓਹੁ ਹਥੁ ਪਾਏ,
ਤਾ ਖੇਹੂ ਸੇਤੀ ਰਲਿ ਗਇਆ॥

(ਗਉੜੀ ਕੀ ਵਾਰ, ਮ: ੪, ਪੰਨਾ ੩੦੭)

ਨਿੰਦਕ ਦੂਜਿਆਂ ਦੇ ਪਾਪਾਂ ਦਾ ਭਾਰ ਆਪਣੇ ਸਿਰ ਤੇ ਲੈ ਲੈਂਦਾ ਹੈ—ਨਿੰਦਾ ਕਰਹਿ ਸਿਰਿ ਭਾਰੁ ਉਠਾਏ॥ ਮਾਇਆ ਵਿੱਚ ਲਿਪਤ ਮਨਮੁਖ ਲੋਭ ਦੇ ਅਧੀਨ ਹੋ ਕੇ ਛਲ ਵਿੱਚ ਹੀ ਆਪਣੇ ਜੀਵਨ ਦਾ ਆਸਰਾ ਲੱਭਦੇ ਹਨ। ਉਹ ਸਿਮਰਨ ਤੋਂ ਵਾਂਝੇ ਰਹਿਣ ਕਰਕੇ ਨਿੰਦਾ ਆਦਿਕ ਕਾਰਨ ਕੁਰਾਹੇ ਪੈ ਕੇ ਜਨਮ-ਮਰਣ ਦੇ ਗੇੜ ਵਿੱਚ ਪੈ ਜਾਂਦੇ ਹਨ—

ਸਾਕਤ ਕੂੜ ਕਪਟ ਮਹਿ ਟੇਕਾ॥ ਅਹਿਨਿਸਿ ਨਿੰਦਾ ਕਰਹਿ ਅਨੇਕਾ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ, ਗ੍ਰਭ ਜੋਨੀ ਨਰਕ ਮਝਾਰਾ ਹੇ॥

(ਮਾਰੂ, ਸੋਲਹੇ, ਮ: ੧, ਪੰਨਾ ੧੦੩੦)

ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ॥
ਅੰਤਰਿ ਲੋਭੁ ਭਉਕੈ ਜਿਸੁ ਕੁਤਾ॥
ਜਮਕਾਲੁ ਤਿਸੁ ਕਦੇ ਨ ਛੋਡੈ, ਅੰਤਿ ਗਇਆ ਪਛੁਤਾਈ ਹੇ॥

(ਰਾਗੁ ਮਾਰੂ, ਸੋਲਹੇ, ਮ: ੩, ਪੰਨਾ ੧੦੪੬)

ਨਿੰਦਕ ਜਿਸ ਕਿਸੇ ਦਾ ਦੋਸ਼ ਵੇਖ ਕੇ ਖੁਸ਼ ਹੁੰਦਾ ਹੈ ਪਰ ਕਿਸੇ ਦਾ ਭਲਾ ਨਹੀਂ ਵੇਖ ਸਕਦਾ। ਅੱਠੇ ਪਹਿਰ ਬੁਰਾ ਸੋਚਦਾ ਰਹਿੰਦਾ ਹੈ ਅਤੇ ਬੁਰਾ ਸੋਚਦੇ ਸੋਚਦੇ ਹੀ ਮਰ ਜਾਂਦਾ ਹੈ—

ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ, ਭਲੋ ਦੇਖਿ ਦੁਖ ਭਰੀਐ॥
ਆਠ ਪਹਰ ਚਿਤਵੈ ਨਹੀ ਪਹੁਚੈ, ਬੁਰਾ ਚਿਤਵਤ ਚਿਤਵਤ ਮਰੀਐ॥
ਨਿੰਦਕੁ ਪ੍ਰਭੂ ਭੁਲਾਇਆ, ਕਾਲੁ ਨੇਰੈ ਆਇਆ,
ਹਰਿ ਜਨ ਸਿਉ ਬਾਦੁ ਉਠਰੀਐ॥

(ਬਿਲਾਵਲੁ, ਮ: ੫, ਪੰਨਾ ੮੨੩)

ਉਹ ਅੰਦਰੋਂ ਬੜਾ ਦੁਖੀ ਰਹਿੰਦਾ ਹੈ, ਬੜਾ ਵਿਲਕਦਾ ਹੈ, ਪਰ ਪ੍ਰਭੂ ਨੂੰ ਭੁੱਲ ਜਾਣ ਕਰਕੇ ਭਗਤ ਜਨਾਂ ਦੀ ਨਿੰਦਾ ਦਾ ਦੁੱਖ-ਰੂਪ ਫਲ ਉਸਨੂੰ ਭੋਗਣਾ ਪੈਂਦਾ ਹੈ—

ਅਰੜਾਵੈ ਬਿਲਲਾਵੈ ਨਿੰਦਕੁ॥ ਪਾਰਬ੍ਰਹਮ ਪਰਮੇਸਰੁ ਬਿਸਰਿਆ,
ਅਪਣਾ ਕੀਤਾ ਪਾਵੈ ਨਿੰਦਕੁ॥ ੧॥ ਰਹਾਉ॥
ਜੇ ਕੋਈ ਉਸ ਕਾ ਸੰਗੀ ਹੋਵੈ, ਨਾਲੇ ਲਏ ਸਿਧਾਵੈ॥
ਅਣਹੋਦਾ ਅਜਗਰੁ ਭਾਰੁ ਉਠਾਏ, ਨਿੰਦਕੁ ਅਗਨੀ ਮਾਹਿ ਜਲਾਵੈ॥

(ਆਸਾ, ਮ: ੫, ਪੰਨਾ ੩੭੩)

ਕਿਸੇ ਭਗਤ ਜਾਂ ਗੁਰਮੁਖ ਉੱਤੇ ਦੂਸ਼ਣ ਲਾਉਣ ਨਾਲ, ਉਹਨਾਂ ਉੱਤੇ ਚਿੱਕੜ

ਸੁੱਟਣ ਨਾਲ ਮਨੁੱਖ ਆਪ ਹੀ ਦੂਸ਼ਣਾ ਨਾਲ ਭਰ ਜਾਂਦਾ ਹੈ। ਉਸ ਦਾ ਆਚਰਣ ਪਤਿਤ ਹੋ ਜਾਂਦਾ ਹੈ। ਨਿੰਦਕ ਬੇਸ਼ੱਕ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਵੇ, ਖੂਹ ਜਾਂ ਤਲਾਬ ਲਗਵਾ ਦੇਵੇ, ਭੂਮੀ-ਦਾਨ, ਭੋਜਨ ਦਾਨ ਕਰੇ ਜਾਂ ਦੂਜਿਆਂ ਦੇ ਅਨੇਕਾਂ ਕੰਮ ਵੀ ਸਵਾਰ ਦੇਵੇ, ਪਰ ਉਹ ਸੰਸਾਰ ਸਾਗਰ ਤੋਂ ਤਰ ਨਹੀਂ ਸਕਦਾ। ਉਹ ਹਮੇਸ਼ਾ ਦੁੱਖ ਹੀ ਸਹਿੰਦਾ ਰਹਿੰਦਾ ਹੈ—

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥
ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥

(ਗੌਂਡ, ਬਾਣੀ ਰਵਿਦਾਸ ਜੀਉ ਕੀ, ਪੰਨਾ ੮੭੫)

ਜਿਹਨਾਂ ਮਨਮੁਖਾਂ ਦੇ ਮਨ ਵਿੱਚ ਦੂਜਿਆਂ ਦੀ ਨਿੰਦਾ ਕਰਨ ਦਾ ਭੈੜਾ ਸੁਭਾਵ ਹੁੰਦਾ ਹੈ, ਉਹਨਾਂ ਦੀ ਕੋਈ ਇੱਜ਼ਤ ਨਹੀਂ ਹੁੰਦੀ। ਉਹ ਸਦਾ ਦੁਖੀ ਰਹਿੰਦੇ ਹਨ। ਜਦੋਂ ਉਹ ਨਿੰਦਿਆ ਕਰਕੇ ਦੂਸਰਿਆਂ ਦਾ ਇੱਜ਼ਤ, ਰੂਪ, ਧਨ ਚੁਰਾਉਂਦੇ ਹਨ, ਉਹਨਾਂ ਦੇ ਆਪਣੇ ਅੰਦਰੋਂ ਨਾਮ-ਧਨ ਚੋਰੀ ਹੋ ਜਾਂਦਾ ਹੈ—

ਜਿਨ ਅੰਦਰਿ ਨਿੰਦਾ ਦੁਸਟੁ ਹੈ, ਨਕ ਵਢੇ ਨਕ ਵਢਾਇਆ॥
ਮਹਾ ਕਰੂਪ ਦੁਖੀਏ ਸਦਾ, ਕਾਲੇ ਮੁਹ ਮਾਇਆ॥
ਭਲਕੇ ਉਠਿ ਨਿਤ ਪਰ ਦਰਬੁ ਹਿਰਹਿ, ਹਰਿ ਨਾਮੁ ਚੁਰਾਇਆ॥
ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ,
ਰਖਿ ਲੇਹੁ ਹਰਿ ਰਾਇਆ॥

(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੪)

ਜਿਵੇਂ ਕੱਲਰ ਦੀ ਕੰਧ ਡਿੱਗ ਪੈਂਦੀ ਹੈ, ਇਸੇ ਤਰ੍ਹਾਂ ਨਿੰਦਕ ਨਸ਼ਟ ਹੋ ਜਾਂਦੇ ਹਨ—

ਨਿੰਦਕੁ ਐਸੇ ਹੀ ਝਰਿ ਪਰੀਐ॥
ਇਹ ਨੀਸਾਨੀ ਸੁਨਹੁ ਤੁਮ ਭਾਈ, ਜਿਉ ਕਾਲਰ ਭੀਤਿ ਗਿਰੀਐ॥

(ਬਿਲਾਵਲ, ਮ: ੫, ਪੰਨਾ ੮੨੩)

ਨਿੰਦਾ ਕਰਨ ਵਾਲੇ ਮਨੁੱਖ ਨੂੰ ਸਾਰਾ ਜਗਤ ਫਿਟਕਾਰਾਂ ਪਾਉਂਦਾ ਹੈ। ਨਿੰਦਾ ਕਰਨ ਨਾਲ ਨਿੰਦਕ ਦਾ ਆਪਣਾ ਆਚਰਣ ਵੀ ਪਤਿਤ ਹੋ ਜਾਂਦਾ ਹੈ। ਨਿੰਦਕ ਦੀ ਗੱਲ ਨੂੰ ਕੋਈ ਸੱਚ ਨਹੀਂ ਮੰਨਦਾ, ਉਹ ਬਾਅਦ ਵਿੱਚ ਆਪ ਸ਼ਰਮਿੰਦਾ ਹੁੰਦਾ ਹੈ ਅਤੇ ਅਫਸੋਸ ਕਰਦਾ ਹੈ ਪਰ ਆਪਣੇ ਬਣਾਏ ਜਾਲ ਵਿੱਚੋਂ ਨਿਕਲ ਨਹੀਂ ਸਕਦਾ। ਲੋਕਾਂ ਵੱਲੋਂ ਦੁਰਕਾਰਿਆ ਜਾਂਦਾ ਹੈ—

ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥
ਨਿੰਦਕ ਕਾ ਮੈਲਾ ਆਚਾਰੁ॥ ਨਿੰਦਕ ਕਾ ਕਹਿਆ ਕੋਇ ਨ ਮਾਨੈ॥
ਨਿੰਦਕ ਝੂਠੁ ਬੋਲਿ ਪਛੁਤਾਨੇ॥ ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥
ਨਿੰਦਕ ਕਉ ਦਈ ਛੋਡੈ ਨਾਹਿ॥ (ਭੈਰਉ, ਮ: ੫, ਪੰਨਾ ੧੧੫੧)

ਨਿੰਦਾ ਸੁਣਨੀ ਵੀ ਪਾਪ ਹੈ। ਪਰਮਾਤਮਾ ਨੇ ਕੰਨ ਗੁਰਬਾਣੀ (ਪ੍ਰਭੂ ਦੀ ਸਿਫ਼ਤ ਸਲਾਹ) ਸੁਣਨ ਲਈ ਦਿੱਤੇ ਹਨ, ਨਿੰਦਾ ਸੁਣਨ ਲਈ ਨਹੀਂ। ਸੱਚੀ ਬਾਣੀ ਦੇ ਸੁਣਨ ਨਾਲ ਮਨ-ਤਨ ਖਿੜ ਜਾਂਦਾ ਹੈ, ਮਨੁੱਖ ਸ਼ੁਭ ਗੁਣਾਂ ਨੂੰ ਧਾਰਨ ਕਰਨ ਦਾ ਜਤਨ ਕਰਦਾ ਹੈ ਅਤੇ ਜਨਮ ਜਨਮ ਦੇ ਪਾਪ ਮਿਟ ਜਾਂਦੇ ਹਨ। ਨਿੰਦਾ ਸੁਣਨ ਵਾਲੇ ਕੰਨ ਵਿਅਰਥ ਹਨ—

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥

ਇਸ ਲਈ ਨਿੰਦਾ ਕਰਨ ਵਾਲਾ ਗੁਰਸਿੱਖ ਜਾਂ ਖ਼ਾਲਸਾ ਨਹੀਂ ਹੋ ਸਕਦਾ। ਨਿੰਦਾ ਆਦਿਕ ਵਿਕਾਰਾਂ ਨੂੰ ਤਿਆਗਣ ਵਿੱਚ ਹੀ ਮਨੁੱਖ ਦਾ ਕਲਿਆਣ ਹੈ। ਨਿੰਦਾ ਛੱਡ ਕੇ ਪਰਮਾਤਮਾ ਦੀ ਸਿਫਤਿ ਸਾਲਾਹ ਦੀ ਬਾਣੀ ਪੜ੍ਹਨੀ ਚਾਹੀਦੀ ਹੈ। ਗੁਰਮੁਖਾਂ ਦੀ ਸੰਗਤਿ ਨਿੰਦਾ ਦੇ ਸੁਭਾਉ ਨੂੰ ਬਦਲਣ ਵਿੱਚ ਸਹਾਇਤਾ ਕਰਦੀ ਹੈ—ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿੰਦਾਰਨਾ॥ ਨਿੰਦਕ ਵੱਡਾ ਪਾਪੀ ਹੁੰਦਾ ਹੋਇਆ ਵੀ ਜੇਕਰ ਸਤਿਗੁਰੂ ਦੀ ਸ਼ਰਣ ਵਿੱਚ ਆ ਜਾਂਦਾ ਹੈ ਤਾਂ ਸਤਿਗੁਰੂ ਉਸ ਦੇ ਪਿਛਲੇ ਆਉਗੁਣਾਂ ਨੂੰ ਬਖਸ਼ ਲੈਂਦੇ ਹਨ—

ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ,
ਤਾ ਪਿਛਲੇ ਅਉਗਣ ਬਖਸਿ ਲਇਆ॥
ਜਨ ਨਾਨਕ ਅਨਦਿਨੁ ਨਾਮੁ ਧਿਆਇਆ,
ਹਰਿ ਸਿਮਰਤ ਕਿਲਵਿਖ ਪਾਪ ਗਇਆ॥

(ਗਉੜੀ ਕੀ ਵਾਰ, ਮ: ੪, ਪੰਨਾ ੩੦੭)

ਜਿਹੜਾ ਮਨੁੱਖ ਗੁਰੂ ਦੀ ਸ਼ਰਣ ਵਿੱਚ ਆ ਕੇ ਜੀਵਨ ਨੂੰ ਗੁਰ-ਸ਼ਬਦ ਅਨੁਸਾਰ ਢਾਲਦਾ ਹੈ, ਉਹ ਆਤਮਿਕ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ। ਫਿਰ ਉਹ ਨਾ ਕਿਸੇ ਦੀ ਖੁਸ਼ਾਮਦ ਕਰਦਾ ਹੈ, ਨਾ ਕਿਸੇ ਦੀ ਨਿੰਦਾ ਕਰਦਾ ਹੈ—

ਗੁਰਮੁਖਿ ਬੂਝੈ ਸਬਦਿ ਪਤੀਜੈ॥ ਉਸਤਤਿ ਨਿੰਦਾ ਕਿਸ ਕੀ ਕੀਜੈ॥

(ਰਾਗੁ ਮਾਰੂ, ਸੋਲਹੇ, ਮ: ੧, ਪੰਨਾ ੧੦੪੧)

ਕਿਉਂਕਿ ਜਦੋਂ ਮਨੁੱਖ ਪਰਮਾਤਮਾ ਨੂੰ ਅੰਗ-ਸੰਗ ਵੱਸਦਾ ਵੇਖਦਾ ਹੈ ਤਾਂ ਉਹ ਬਾਹਰ ਦੀ ਸੁੱਚ ਦੇ ਨਾਲ ਹੀ ਅੰਦਰ ਦੀ ਪਵਿਤਰਤਾ ਕਾਇਮ ਰੱਖਣ ਲਈ, ਸਭ ਤੋਂ ਪਹਿਲਾਂ ਦੂਜਿਆਂ ਦੇ ਐਬ ਲੱਭਣੇ ਛੱਡ ਦਿੰਦਾ ਹੈ। ਇਸ ਤਰ੍ਹਾਂ ਉਸਦੇ ਆਪਣੇ ਮਨ ਦੀ ਸਾਰੀ ਚਿੰਤਾ ਦੂਰ ਹੋ ਜਾਂਦੀ ਹੈ। ਫਿਰ ਉਹ ਆਪਣੇ ਅੰਦਰੋਂ ਲੋਭ ਅਤੇ ਮੋਹ ਵੀ ਦੂਰ ਕਰ ਲੈਂਦਾ ਹੈ। ਗੁਰਵਾਕ ਹੈ—

ਪ੍ਰਥਮੇ ਛੋਡੀ ਪਰਾਈ ਨਿੰਦਾ॥ ਉਤਰਿ ਗਈ ਸਭ ਮਨ ਕੀ ਚਿੰਦਾ॥
ਲੋਭੁ ਮੋਹੁ ਸਭੁ ਕੀਨੋ ਦੂਰਿ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ॥

(ਭੈਰਉ, ਮ: ੫, ਪੰਨਾ ੧੧੪੭)

ਐਸਾ ਮਨੁੱਖ ਹੀ ਖ਼ਾਲਸਾ ਹੈ।

☬

ਮੂਏ ਬਿਨੁ ਜੀਵਨੁ ਨਾਹੀ

ਮਨੁੱਖੀ ਜੀਵਨ ਪ੍ਰਾਪਤ ਕਰਕੇ ਜਿਹੜਾ ਜੀਵ ਆਤਮਿਕ ਜੀਵਨ ਦੀ ਰਾਹ ਤੇ ਨਹੀਂ ਚਲਦਾ, ਉਸਦਾ ਜੀਵਨ ਵਿਅਰਥ ਬੀਤ ਜਾਂਦਾ ਹੈ। ਉਹ ਮਾਨੋਂ ਰਤਨ ਅਤੇ ਜਵਾਹਰ ਖਰੀਦਣ ਲਈ ਆਉਂਦਾ ਹੈ ਪਰ ਕੱਲਰ ਲੱਦ ਕੇ ਲੈ ਜਾਂਦਾ ਹੈ। ਅਜਿਹੇ ਮਨੁੱਖਾਂ ਬਾਰੇ ਸਤਿਗੁਰੂ ਜੀ ਫਰਮਾਉਂਦੇ ਹਨ—

ਮਰਿ ਨ ਜਾਹੀ ਜਿਨਾ ਬਿਸਰਤ ਰਾਮ॥
ਨਾਮ ਬਿਹੂਨ ਜੀਵਨ ਕਉਨ ਕਾਮ॥

(ਗਉੜੀ, ਮ: ੫, ਪੰਨਾ ੧੮੮)

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ॥੧॥
ਰੇ ਮੂੜੇ ਤੂ ਹੋਛੈ ਰਸਿ ਲਪਟਾਇਓ॥
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ, ਬਿਖਿਆ ਸਿਉ ਉਰਝਾਇਓ॥੧॥ਰਹਾਉ॥
ਰਤਨ ਜਵੇਹਰ ਬਨਜਨਿ ਆਇਓ, ਕਾਲਰੁ ਲਾਦਿ ਚਲਾਇਓ॥

(ਮਾਰੂ, ਮ: ੫, ਪੰਨਾ ੧੦੧੭)

ਜਿਹੜੇ ਮਨੁੱਖ ਪਰਮਾਤਮਾ ਦੀ ਸਿਫਤਿ ਸਾਲਾਹ ਕਰਦੇ ਹਨ, ਹਿਰਦੇ ਵਿੱਚ ਸਦਾ ਪਰਮਾਤਮਾ ਦਾ ਨਾਮ ਵਸਾਂਦੇ ਹਨ, ਪ੍ਰਭੂ ਤੋਂ ਬਿਨਾਂ ਕਿਸੇ ਹੋਰ ਆਸਰੇ ਦੀ ਭਾਲ ਨਹੀਂ ਕਰਦੇ, ਪ੍ਰਭੂ ਪ੍ਰੇਮ ਵਿੱਚ ਰੰਗੇ ਹੋਏ ਉਹ ਨਿਰਮਲ ਜੀਵਨ ਵਾਲੇ ਬਣ ਕੇ ਆਤਮਿਕ ਜੀਵਨ ਪ੍ਰਾਪਤ ਕਰ ਲੈਂਦੇ ਹਨ। ਗੁਰਵਾਕ ਹੈ—

ਨਾਮੁ ਸਲਾਹਨਿ, ਨਾਮੁ ਮੰਨਿ, ਅਸਥਿਰੁ ਜਗਿ ਸੋਈ॥
ਹਿਰਦੈ ਹਰਿ ਹਰਿ ਚਿਤਵੈ, ਦੂਜਾ ਨਹੀ ਕੋਈ॥
ਰੋਮਿ ਰੋਮਿ ਹਰਿ ਉਚਰੈ, ਖਿਨੁ ਖਿਨੁ ਹਰਿ ਸੋਈ॥
ਗੁਰਮੁਖਿ ਜਨਮੁ ਸਕਾਰਥਾ, ਨਿਰਮਲੁ ਮਲੁ ਖੋਈ॥
ਨਾਨਕ ਜੀਵਦਾ ਪੁਰਖੁ ਧਿਆਇਆ, ਅਮਰਾ ਪਦੁ ਹੋਈ॥

(ਸਾਰਗ ਕੀ ਵਾਰ, ਮ: ੪, ਪੰਨਾ ੧੨੪੭)

ਆਤਮਿਕ ਜੀਵਨ ਤੋਂ ਬਿਨਾਂ ਮਨੁੱਖ ਦੀ ਘਾਲ ਕਮਾਈ ਸਫਲ ਨਹੀਂ ਹੁੰਦੀ। ਉਸਦਾ ਸਰੀਰ ਮਾਇਆ ਦੇ ਤਿੰਨ ਗੁਣਾਂ ਵਿੱਚ ਹੀ ਬੱਝਿਆ ਰਹਿੰਦਾ ਹੈ, ਉਹ ਸਦਾ ਭਟਕਦਾ ਰਹਿੰਦਾ ਹੈ। ਜੀਵਨ ਰਾਹ ਵਿੱਚ ਘੁੱਪ ਹਨੇਰੇ ਤੋਂ ਬਿਨਾਂ ਉਸਨੂੰ ਕੁਝ ਦਿਖਾਈ ਨਹੀਂ ਦਿੰਦਾ। ਵਿਕਾਰਾਂ ਵਿੱਚ ਲਿਪਤ ਹੋਇਆ ਜਦ ਤੱਕ ਜੀਉਂਦਾ ਹੈ, ਦੁਖੀ ਅਤੇ ਅਸ਼ਾਂਤ ਰਹਿੰਦਾ ਹੈ। ਜਦੋਂ ਤੱਕ ਮਨ ਮੋਹ ਅਤੇ ਹੰਕਾਰ ਵਿੱਚ ਲਿਪਤ ਰਹਿੰਦਾ ਹੈ ਪਰਮਾਤਮਾ ਦੀ ਹਜ਼ੂਰੀ ਵਿੱਚ ਬੈਠਣ ਦੀ ਥਾਂ ਨਹੀਂ ਮਿਲਦੀ। ਗੁਰਵਾਕ ਹਨ—

ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥
ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥

(ਧਨਾਸਰੀ, ਮ: ੧, ਪੰਨਾ ੬੬੨)

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ, ਹਉਮੈ ਬਹੁਤੁ ਅਹੰਕਾਰੁ॥
ਸਬਦੈ ਸਾਦੁ ਨ ਆਵਈ, ਨਾਮਿ ਨ ਲਗੈ ਪਿਆਰੁ॥

(ਸਾਰੰਗ ਕੀ ਵਾਰ, ਸਲੋਕ ਮ: ੩, ਪੰਨਾ ੧੨੪੭)

ਇਸੁ ਕਰਤੇ ਕਉ ਕਿਉ ਗਹਿ ਰਾਖਉ, ਅਫਰਿਓ ਤੁਲਿਓ ਨ ਜਾਈ॥
ਮਾਇਆ ਕੇ ਦੇਵਾਨੇ ਪ੍ਰਾਣੀ, ਝੂਠਿ ਠਗਉਰੀ ਪਾਈ॥
ਲਬਿ ਲੋਭਿ ਮੁਹਤਾਜਿ ਵਿਗੂਤੇ, ਇਬ ਤਬ ਫਿਰਿ ਪਛੁਤਾਈ॥
ਏਕੁ ਸਰੇਵੈ ਤਾ ਗਤਿ ਮਿਤਿ ਪਾਵੈ, ਆਵਣੁ ਜਾਣੁ ਰਹਾਈ॥

(ਰਾਮਕਲੀ, ਮ: ੧, ਓਅੰਕਾਰ, ਪੰਨਾ ੯੩੦)

ਆਤਮਿਕ ਜੀਵਨ ਨੂੰ ਪ੍ਰਾਪਤ ਕਰਨ ਲਈ ਆਪਾ-ਭਾਵ ਤਿਆਗਣਾ ਪੈਂਦਾ ਹੈ। ਕਬੀਰ ਜੀ ਦਾ ਕਥਨ ਹੈ—

ਜਿਹ ਬਾਝੁ ਨ ਜੀਆ ਜਾਈ॥ ਜਉ ਮਿਲੈ ਤ ਘਾਲ ਅਘਾਈ॥
ਸਦ ਜੀਵਨੁ ਭਲੋ ਕਹਾਂਹੀ॥ ਮੂਏ ਬਿਨੁ ਜੀਵਨੁ ਨਾਹੀ॥

(ਰਾਗੁ ਸੋਰਠਿ, ਬਾਣੀ ਭਗਤ ਕਬੀਰ ਜੀ ਕੀ ਪੰਨਾ ੬੫੫)

ਜੀਵਤ ਮਰਹੁ, ਮਰਹੁ ਫੁਨਿ ਜੀਵਹੁ, ਪੁਨਰਪਿ ਜਨਮੁ ਨ ਹੋਈ॥

(ਮਾਰੂ, ਕਬੀਰ ਜੀ, ੧੧੦੩)

ਆਪਾ-ਭਾਵ ਤਿਆਗਣ ਦਾ ਅਰਥ ਹੈ—'ਮੈਂ', 'ਮੇਰੀ' ਦੀ ਭਾਵਨਾ ਨੂੰ ਤਿਆਗਣਾ; ਅਥਵਾ, ਅਪਣਤ ਹਉਮੈ ਨੂੰ ਮਾਰਨਾ। ਆਤਮਿਕ ਜੀਵਨ ਦੀ ਰਾਹ ਤੇ ਚੱਲਣ ਲਈ ਪਹਿਲਾ ਹਉਮੈ ਮਾਰਨੀ ਪੈਂਦੀ ਹੈ। ਵਿਕਾਰਗ੍ਰਸਤ ਜੀਵਨ ਤਿਆਗਣਾ ਪੈਂਦਾ ਹੈ। ਪਹਿਲਾਂ ਵਿਕਾਰਾਂ ਵਲੋਂ ਮਰਨਾ ਪੈਂਦਾ ਹੈ, ਫਿਰ ਗੁਰੂ ਦੇ ਘਰ ਵਿੱਚ ਜਨਮ ਹੁੰਦਾ ਹੈ। ਭਟਕਣਾ ਖ਼ਤਮ ਹੋ ਜਾਂਦੀ ਹੈ ਅਤੇ ਗੁਰਮੁਖਾਂ ਵਾਲਾ ਆਤਮਿਕ ਜੀਵਨ ਮਿਲਦਾ ਹੈ—

ਸਤਿਗੁਰ ਕੈ ਜਨਮੇ, ਗਵਨੁ ਮਿਟਾਇਆ॥

(ਰਾਮਕਲੀ, ਮ: ੧, ਸਿਧ ਗੋਸਟਿ ਪੰਨਾ ੯੪੦)

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥

ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ॥

(ਮਾਰੂ ਵਾਰ, ਸਲੋਕ ਮ: ੫, ਪੰਨਾ ੧੧੦੨)

ਹਰਿ ਕੀ ਚਰਣੀ ਲਾਗਿ ਰਹਾ, ਵਿਚਹੁ ਆਪੁ ਗਵਾਇ॥

(ਮਾਰੂ, ਮ: ੩, ਪੰਨਾ ੯੯੪)

ਮਾਇਆ ਦੇ ਵਧੀਕ ਮੋਹ ਵਿੱਚ ਲਿਪਤ ਹੋ ਕੇ ਪ੍ਰਭੂ ਭੁੱਲ ਜਾਂਦਾ ਹੈ ਅਤੇ ਹੰਕਾਰ ਮਨੁੱਖ ਨੂੰ ਤੰਗ ਦਿਲ ਅਤੇ ਥੋੜ੍ਹ-ਵਿਤਾ ਬਣਾ ਦਿੰਦੇ ਹਨ। ਦਇਆ, ਨਿਮ੍ਰਤਾ ਸਾਥੀਆਂ ਲਈ ਪਿਆਰ ਦੀ ਭਾਵਨਾ, ਸਹਿਣਸ਼ੀਲਤਾ ਆਦਿਕ ਗੁਣਾਂ ਦਾ ਅਭਾਵ ਹੋ ਜਾਂਦਾ ਹੈ। ਈਰਖਾ ਅਤੇ ਮੇਰ-ਤੇਰ ਦਾ ਵਿਤਕਰਾ ਵਧਦਾ ਜਾਂਦਾ ਹੈ। ਚਿੱਤ ਹਰ ਵੇਲੇ ਡੋਲਦਾ ਰਹਿੰਦਾ ਹੈ। ਆਤਮਿਕ ਜੀਵਨ ਦੀ ਪ੍ਰਾਪਤੀ ਲਈ ਮਨ ਦੀ ਅਡੋਲਤਾ ਜ਼ਰੂਰੀ ਹੈ। ਅਡੋਲਤਾ ਵਿੱਚ ਟਿਕਿਆਂ ਹੀ ਹਿਰਦੇ ਵਿੱਚ ਭਗਤੀ ਦਾ ਜਜ਼ਬਾ ਪੈਦਾ ਹੁੰਦਾ ਹੈ। ਹਉਮੈ ਅਧੀਨ ਮਨੁੱਖ ਪਰਮਾਤਮਾ ਤੋਂ ਵੱਖਰੀ ਹੋਂਦ ਦੇ ਭਰਮ ਵਿੱਚ ਪੈ ਕੇ ਪ੍ਰਭੂ ਤੋਂ ਬਿਨਾਂ ਹੋਰ ਹੋਰ ਦੇ ਪਿਆਰ ਵਿੱਚ ਭਟਕਦਾ ਫਿਰਦਾ ਹੈ—

ਸਹਿਜੇ ਹੀ ਭਗਤਿ ਊਪਜੈ, ਸਹਿਜ ਪਿਆਰਿ ਬੈਰਾਗਿ॥

ਸਹਜੈ ਹੀ ਤੇ ਸੁਖ ਸਾਤਿ ਹੋਇ, ਬਿਨੁ ਸਹਜੈ ਜੀਵਣੁ ਬਾਦਿ॥

(ਸਿਰੀਰਾਗੁ, ਮ: ੩, ਪੰਨਾ ੬੮)

ਅਤੇ

ਮਾਇਆ ਵਿਚਿ ਸਹਜੁ ਨ ਊਪਜੈ, ਮਾਇਆ ਦੂਜੈ ਭਾਇ॥

(ਸਿਰੀਰਾਗੁ, ਮ: ੩, ਪੰਨਾ ੬੮)

ਗੁਰੂ ਦੀ ਸ਼ਰਨ ਵਿੱਚ ਆਉਣ ਨਾਲ ਹੀ ਮੋਹ ਅਤੇ ਹੰਕਾਰ ਰੂਪੀ ਖਾਈ ਵਿੱਚੋਂ ਨਿਕਲਿਆ ਜਾ ਸਕਦਾ—

ਗੁਰਮੁਖਿ ਹਰਿ ਦਰਿ ਸੋਭਾ ਪਾਏ॥

ਗੁਰਮੁਖਿ ਵਿਚਹੁ ਆਪੁ ਗਵਾਏ॥ (ਮਾਝ, ਮ: ੩, ਪੰਨਾ ੧੨੫)

ਜਦੋਂ ਗੁਰੂ ਦੀ ਕਿਰਪਾ ਨਾਲ ਮਨੁੱਖ ਆਪਣੇ ਅਸਲੇ ਨੂੰ ਪਛਾਣ ਲੈਂਦਾ ਹੈ, ਇਹ ਸਮਝ ਜਾਂਦਾ ਹੈ ਕਿ ਉਸ ਵਿੱਚ ਪਰਮਾਤਮਾ ਦੀ ਹੀ ਜੋਤਿ ਦਾ ਪ੍ਰਕਾਸ਼ ਹੈ, ਉਹ ਜੀਉਂਦਾ ਹੀ ਵਿਕਾਰਾਂ ਵੱਲੋਂ ਮਰ ਜਾਂਦਾ ਹੈ ਅਤੇ ਆਤਮਿਕ ਜੀਵਨ ਦੀ ਰਾਹ ਤੇ ਤੁਰ ਪੈਂਦਾ ਹੈ—

ਭਭੈ ਭਉਜਲੁ ਮਾਰਗੁ ਵਿਖੜਾ, ਆਸ ਨਿਰਾਸਾ ਤਰੀਐ॥

ਗੁਰ ਪਰਸਾਦੀ ਆਪੋ ਚੀਨ੍ਹੈ ਜੀਵਤਿਆ ਇਵ ਮਰੀਐ॥

(ਰਾਮਕਲੀ, ਮ: ੧, ਓਅੰਕਾਰੁ, ਪੰਨਾ ੯੩੫)

ਆਪੁ ਪਛਾਣੈ ਘਰਿ ਵਸੈ, ਹਉਮੈ ਤ੍ਰਿਸਨਾ ਜਾਇ॥

ਨਾਨਕ ਨਿਰਮਲ ਊਜਲੇ, ਜੋ ਰਾਤੇ ਹਰਿ ਨਾਇ॥

(ਸਿਰੀਰਾਗੁ, ਮ: ੧, ਪੰਨਾ ਪ੭)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨਾਲ ਜੁੜ ਕੇ ਗੁਰ-ਸ਼ਬਦ ਅਨੁਸਾਰ ਜੀਵਨ-ਘਾੜਤ ਘੜਦਾ ਹੈ ਉਹ ਆਪਣੇ ਮਨ ਨੂੰ ਵੱਸ ਵਿੱਚ ਕਰ ਲੈਂਦਾ ਹੈ, ਉਸਦੀ ਹਉਮੈ ਦੂਰ ਹੋ ਜਾਂਦੀ ਹੈ, ਉਹ ਸਦਾ ਪ੍ਰਭੂ ਦੀ ਸਿਫਤਿ ਸਾਲਾਹ ਕਰਦਾ ਹੋਇਆ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ, ਮੰਦੇ ਕਰਮਾਂ ਦੇ ਬੰਧਨ ਨਹੀਂ ਸਹੇੜਦਾ। ਪਵਿਤਰ ਆਚਰਣ ਹੀ ਉਸ ਲਈ ਤੀਰਥ-ਇਸ਼ਨਾਨ ਹੁੰਦਾ ਹੈ। ਜਿਉਂ-ਜਿਉਂ ਗੁਰੂ ਦੀ ਸਿੱਖਿਆ ਤੇ ਤੁਰਦਾ ਹੈ, ਮਨ ਦੀ ਭਟਕਣਾ ਮੁਕਦੀ ਜਾਂਦੀ ਹੈ, ਮਨ ਅੰਦਰ-ਆਤਮੇ ਹੀ ਟਿਕ ਜਾਂਦਾ ਹੈ—

ਗੁਰ ਕੈ ਸਬਦਿ ਮਰੈ, ਮਨੁ ਮਾਰੇ, ਹਉਮੈ ਜਾਇ, ਸਮਾਇਆ॥

(ਮਾਰੂ, ਸੋਲਹੇ, ਮ: ੩, ਪੰਨਾ ੧੦੬੯)

ਹਮ ਸਬਦਿ ਮੁਏ, ਸਬਦਿ ਮਾਰਿ ਜੀਵਾਲੇ ਭਾਈ,

ਸਬਦੇ ਹੀ ਮੁਕਤਿ ਪਾਈ॥

ਸਬਦੇ ਮਨੁ ਤਨੁ ਨਿਰਮਲੁ ਹੋਆ,

ਹਰਿ ਵਸਿਆ ਮਨਿ ਆਈ॥ (ਸੋਰਠਿ, ਮ: ੩, ਪੰਨਾ ੬੦੧)

ਗੁਰ ਸ਼ਬਦ ਦੀ ਵੀਚਾਰ ਕੀਤਿਆਂ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਬੁੱਝ ਜਾਂਦੀ ਹੈ। ਦੁਨੀਆਂ ਦੀ ਕਿਰਤ-ਕਾਰ ਕਰਦਾ ਹੋਇਆ ਵੀ ਮਨੁੱਖ ਵਿਕਾਰਾਂ ਵਲੋਂ ਮਰਿਆ ਰਹਿੰਦਾ ਹੈ। ਇਹ ਮਰਨੀ ਮਰ ਕੇ ਵਿਕਾਰਾਂ ਦੇ ਟਾਕਰੇ ਤੇ ਅਡੋਲ ਹੋ ਜਾਂਦਾ ਹੈ, ਮੁੜ ਕਦੇ ਆਤਮਿਕ ਮੌਤ ਨਹੀਂ ਮਰਦਾ—

ਲਾਲਾ ਸੋ ਜੀਵਤੁ ਮਰੈ, ਮਰਿ ਵਿਚਹੁ ਆਪੁ ਗਵਾਏ॥

ਬੰਧਨ ਤੂਟਹਿ, ਮੁਕਤਿ ਹੋਇ, ਤ੍ਰਿਸਨਾ ਅਗਨਿ ਬੁਝਾਏ॥

(ਮਾਰੂ, ਮ: ੧, ਪੰਨਾ ੧੦੧੧)

ਸਬਦਿ ਮਰੈ ਸੋ ਮਰਿ ਰਹੈ, ਫਿਰਿ ਮਰੈ ਨ ਦੂਜੀ ਵਾਰ॥

ਸਬਦੈ ਹੀ ਤੇ ਪਾਈਐ, ਹਰਿ ਨਾਮੇ ਲਗੈ ਪਿਆਰੁ॥

(ਸਿਰੀਰਾਗੁ, ਅਸਟ, ਮ: ੧, ਪੰਨਾ ਪ੯)

ਮਨਸਾ ਆਸਾ ਸਬਦਿ ਜਲਾਈ॥

ਗੁਰਮੁਖਿ ਜੋਤਿ ਨਿਰੰਤਰਿ ਪਾਈ॥

(ਰਾਮਕਲੀ, ਮ: ੧, ਸਿਧ ਗੋਸਟਿ, ਪੰਨਾ ੧ਪ੦)

ਅਸਲ ਵਿੱਚ ਵਿਕਾਰਾਂ ਵਿੱਚ ਲਿਪਤ ਮਨੁੱਖ ਨੂੰ ਨਾਮ-ਅੰਮ੍ਰਿਤ ਦੀ ਸੂਝ ਹੀ ਨਹੀਂ ਹੁੰਦੀ। ਗੁਰ-ਸ਼ਬਦ ਨਾਲ ਡੂੰਘੀ ਸਾਂਝ ਪਾਉਣ ਨਾਲ ਮਨ ਕਾਮ, ਕ੍ਰੋਧ. ਹੰਕਾਰ

ਆਦਿਕ ਵਲੋਂ ਆਦਿਕ ਵਲੋਂ ਅਡੋਲ ਹੋ ਜਾਂਦਾ ਹੈ ਅਤੇ ਆਪਾ-ਭਾਵ ਵਲੋਂ ਮਰਨ ਵਿੱਚ ਦੁੱਖ ਨਹੀਂ ਹੁੰਦਾ—

ਖਾਤ ਪੀਅੰਤ ਮੂਏ, ਨਹੀ ਜਾਨਿਆ॥
ਖਿਨ ਮਹਿ ਮੂਏ, ਜਾ ਸਬਦੁ ਪਛਾਨਿਆ॥
ਅਸਥਿਰੁ ਚੀਤੁ, ਮਰਨਿ ਮਨੁ ਮਾਨਿਆ॥
ਗੁਰ ਕਿਰਪਾ ਤੇ ਨਾਮੁ ਪਛਾਨਿਆ॥

(ਰਾਮਕਲੀ, ਮ: ੧, ਦਖਣੀ ਓਅੰਕਾਰੁ, ਪੰਨਾ ੯੩੨)

ਅਰਥ—ਜੋ ਜੀਵ ਦੁਨੀਆ ਦੇ ਭੋਗ ਭੋਗਦੇ ਰਹਿੰਦੇ ਹਨ, ਉਹ ਆਤਮਿਕ ਜੀਵਨ ਵੱਲੋਂ ਮਰ ਜਾਂਦੇ ਹਨ। ਉਨ੍ਹਾਂ ਨੂੰ ਨਾਮ ਅੰਮ੍ਰਿਤ ਦੀ ਸੂਝ ਨਹੀਂ ਪੈਂਦੀ। ਉਹ ਬੰਦੇ ਜਦ ਸਤਿਗੁਰ ਦੇ ਸ਼ਬਦ ਨਾਲ ਡੂੰਘੀ ਸਾਂਝ ਪਾਉਂਦੇ ਹਨ ਤਾਂ ਉਹ ਇਕ ਪਲਕ ਵਿਚ ਹਉਮੈ ਨੂੰ ਮਾਰ ਮੁਕਾਉਂਦੇ ਹਨ। ਉਨ੍ਹਾਂ ਦਾ ਮਨ ਕਾਮ ਕ੍ਰੋਧ ਆਦਿਕ ਵਲੋਂ ਅਡੋਲ ਹੋ ਜਾਂਦਾ ਹੈ ਤੇ ਆਪਾ ਭਾਵ ਵਲੋਂ ਮਰਨ ਵਿਚ ਖੁਸ਼ ਹੁੰਦਾ ਹੈ। ਸਤਿਗੁਰੂ ਦੀ ਮਿਹਰ ਨਾਲ ਪਰਮਾਤਮਾ ਦੇ ਨਾਮ ਨਾਲ ਉਨ੍ਹਾਂ ਦੀ ਡੂੰਘੀ ਸਾਂਝ ਪੈ ਜਾਂਦੀ ਹੈ।

ਗੁਣਾਂ ਦੇ ਪ੍ਰਭਾਵ ਹੇਠ ਮਨ ਮਾਇਆ ਵਲੋਂ ਪਰਤ ਕੇ ਆਪਾ-ਭਾਵ ਤੋਂ ਮਰ ਜਾਂਦਾ ਹੈ—

ਮਨ ਮਹਿ ਮਨੁ ਉਲਟੋ ਮਰੈ, ਜੇ ਗੁਣ ਹੋਵਹਿ ਨਾਲਿ॥
ਮੇਰੀ ਮੇਰੀ ਕਰਿ ਮੁਏ, ਵਿਣੁ ਨਾਵੈ ਦੁਖੁ ਭਾਲਿ॥

(ਰਾਮਕਲੀ, ਮ: ੧, ਦਖਣੀ, ਓਅੰਕਾਰੁ, ਪੰਨਾ ੯੩੫)

ਇਸ ਵੀਚਾਰ ਨੂੰ ਸਪੱਸ਼ਟ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਗੁਰੂ ਦੇ ਸ਼ਬਦ ਵਿਚ ਜੁੜ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ। ਗੁਰੂ ਦੇ ਸ਼ਬਦ ਦੀ ਬਰਕਤ ਨਾਲ ਮਨੁੱਖ ਦੀ ਅੰਦਰਲੀ ਅਸ਼ਾਂਤੀ ਅੰਦਰ ਹੀ ਸੜ ਜਾਂਦੀ ਹੈ। ਉਹ ਮਨੁੱਖ ਆਪਣੇ ਚਿੱਤ ਅਕਾਸ਼ ਵਿੱਚ ਗੁਰੂ ਦੇ ਸ਼ਬਦ ਰੂਪ ਧਨੁਖ ਨੂੰ ਅਜਿਹਾ ਕਸਦਾ ਹੈ ਕਿ (ਸਤ, ਸੰਤੋਖ, ਦਇਆ, ਧਰਮ, ਧੀਰਜ ਦੇ) ਪੰਜ ਤੀਰ ਲੈ ਕੇ ਜਮ ਨੂੰ (ਮੌਤ ਦੇ ਡਰ ਨੂੰ, ਆਤਮਕ ਮੌਤ ਨੂੰ) ਮਾਰ ਲੈਂਦਾ ਹੈ।

ਜਿਹੜਾ ਮਨੁੱਖ ਆਪਾ-ਭਾਵ ਤਿਆਗ ਦਿੰਦਾ ਹੈ ਉਹੀ ਅਸਲ ਸੰਨਿਆਸੀ ਹੈ, ਉਹੀ ਅਵਧੂਤ ਹੈ। ਆਪਾ-ਭਾਵ ਤਿਆਗਣ ਵਾਲਾ ਨਿਮਰਤਾ ਵਾਲਾ ਹੋ ਜਾਂਦਾ ਹੈ। ਦੂਜਿਆਂ ਦੀ ਵਧੀਕੀ ਸਹਾਰਨ ਦਾ ਸੁਭਾਅ ਰੂਪ ਧਨ ਆਪਣੇ ਕੋਲ ਇਕੱਠਾ ਕਰ ਲੈਂਦਾ ਹੈ। ਪ੍ਰਭੂ ਦੇ ਨਾਮ ਦੀ ਬਰਕਤ ਨਾਲ ਅੰਦਰੋਂ ਕ੍ਰੋਧ ਸਾੜ ਲੈਂਦਾ ਹੈ—

ਸੋ ਆਉਧੂਤੀ ਜੋ ਧੂਪੈ ਆਪੁ॥
ਭਿਖਿਆ ਭੋਜਨੁ ਕਰੈ ਸੰਤਾਪੁ॥ (ਮ: ੧, ਪੰਨਾ ੯੫੨)

ਸੋ ਸੰਨਿਆਸੀ, ਜੋ ਸਤਿਗੁਰ ਸੇਵੈ, ਵਿਚਹੁ ਆਪੁ ਗਵਾਏ॥
ਛਾਦਨ ਭੋਜਨ ਕੀ ਆਸ ਨ ਕਰਈ, ਅਚਿੰਤੁ ਮਿਲੈ ਸੋ ਪਾਏ॥
ਬਕੈ ਨ ਬੋਲੈ, ਖਿਮਾ ਧਨੁ ਸੰਗ੍ਰਹੈ, ਤਾਮਸੁ ਨਾਮਿ ਜਲਾਏ॥

(ਮਾਰੂ, ਮ: ੧, ਪੰਨਾ ੧੦੧੩)

ਜਿਨ੍ਹਾਂ ਨੇ ਗੁਰੂ ਦੀ ਸ਼ਰਨ ਪੈ ਕੇ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰਕੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਹ ਸਦਾ ਪ੍ਰਭੂ ਵਿੱਚ ਲੀਨ ਹੋ ਕੇ ਅੰਦਰੋਂ ਬਾਹਰੋਂ ਪਵਿਤਰ ਹੋ ਜਾਂਦੇ ਹਨ—

ਜਿਨੀ ਗੁਰਮੁਖਿ ਨਾਮੁ ਧਿਆਇਆ, ਵਿਚਹੁ ਆਪੁ ਗਵਾਇ॥
ਓਇ ਅੰਦਰਹੁ ਬਾਹਰਹੁ ਨਿਰਮਲੇ, ਸਚੇ ਸਚਿ ਸਮਾਇ॥

(ਸਿਰੀਰਾਗੁ, ਮ: ੩, ਪੰਨਾ ੨੯)

ਜੋ ਆਪਣੇ ਮੋਹ, ਆਪਣੀ ਮੈਂ ਨੂੰ ਮਾਰ ਕੇ, ਆਤਮਿਕ ਜੀਵਨ ਵੱਲੋਂ ਜੀਉਂਦੇ ਹਨ, ਉਹ ਐਸਾ ਉੱਚਾ ਆਤਮਿਕ ਜੀਵਨ ਪ੍ਰਾਪਤ ਕਰਦੇ ਹਨ ਜਿਹੜਾ ਹਮੇਸ਼ਾ ਰਹਿੰਦਾ ਹੈ। ਗੁਰਵਾਕ ਹਨ—

ਗੁਰ ਕੈ ਸਬਦੇ ਜੇ ਮਰੈ, ਫਿਰਿ ਮਰੈ ਨ ਦੂਜੀ ਵਾਰ॥

(ਮਾਰੂ, ਅਸਟ, ਮ: ੧, ਪੰਨਾ ੧੦੦੯)

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ, ਤਾ ਫਿਰਿ ਮਰਣੁ ਨ ਹੋਈ॥

(ਸੋਰਠਿ, ਮ: ੩, ਪੰਨਾ ੬੦੪)

ਗੁਰ ਪਰਸਾਦੀ ਜੀਵਤੁ ਮਰੈ, ਹੁਕਮੈ ਬੂਝੈ ਸੋਇ॥
ਨਾਨਕ ਐਸੀ ਮਰਨੀ ਜੋ ਮਰੈ, ਤਾ ਸਦ ਜੀਵਣੁ ਹੋਇ॥

(ਮ: ੩, ਪੰਨਾ ੫੫੫)

ਅਸਲ ਵਿਚ ਉਨ੍ਹਾਂ ਮਨੁੱਖਾਂ ਨੂੰ ਹੀ ਜੀਊਂਦੇ ਸਮਝਣਾ ਚਾਹੀਦਾ ਹੈ, ਜਿਨ੍ਹਾਂ ਨੇ ਸੰਸਾਰਿਕ ਵਾਸ਼ਨਾਵਾਂ ਮਿਟਾ ਲਈਆਂ ਹਨ। ਜਿਹੜੇ ਕੇਵਲ ਦੁਨੀਆਂ ਦੇ ਰੰਗ ਮਾਣਦੇ ਹਨ, ਉਹ ਆਤਮਕ ਮੌਤੇ ਮਰ ਜਾਂਦੇ ਹਨ—

ਮੁਆ ਜੀਵੰਦਾ ਪੇਖੁ, ਜੀਵੰਦੇ ਮਰਿ ਜਾਨਿ॥

(ਮਾਰੂ ਵਾਰ, ਮ: ੫, ਪੰਨਾ ੧੧੦੨)

ਜਿਸਨੇ ਆਪਾ-ਭਾਵ ਤਿਆਗ ਕੇ ਆਤਮਿਕ ਜੀਵਨ ਦੀ ਰਾਹ ਤੇ ਕਦਮ ਰੱਖ ਲਿਆ ਉਹ ਮਾਨੋ ਸੁੱਤਾ ਹੋਇਆ ਜਾਗ ਪੈਂਦਾ ਹੈ, ਉਸਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਸਨੂੰ ਇਹ ਸਮਝ ਆ ਜਾਂਦੀ ਹੈ ਕਿ ਜਿਸ ਪ੍ਰਭੂ ਨੇ ਪੈਦਾ ਕੀਤਾ ਹੈ, ਉਹੀ ਉਸਦਾ ਰਖਵਾਲਾ ਹੈ—

ਮਨੁ ਤਨੁ ਅਰਪਿ ਧਰੀ ਹਰਿ ਆਗੈ॥
ਜਨਮ ਜਨਮ ਕਾ ਸੋਇਆ ਜਾਗੈ॥

ਜਿਸ ਕਾ ਸਾ ਸੋਈ ਪ੍ਰਤਿਪਾਲਕੁ,
ਹਤਿ ਤਿਆਗੀ ਹਉਮੈ ਹੰਤਨਾ॥

(ਮਾਰੂ, ਸੋਲਹੇ, ਮ: ੫, ਪੰਨਾ ੧੦੮੦)

ਪਰਮਾਤਮਾ ਦੀ ਪਰਖ ਵਿੱਚ ਉਹੀ ਮਨੁੱਖ ਪੂਰਾ ਉਤਰਦਾ ਹੈ, ਜਿਹੜਾ ਆਪਾ-ਭਾਵ ਤਿਆਗ ਕੇ ਆਤਮਿਕ ਜੀਵਨ ਜੀਉਂਦਾ ਹੈ—

ਕਬੀਰ ਕਸਉਟੀ ਰਾਮ ਕੀ, ਝੂਠਾ ਟਿਕੈ ਨ ਕੋਇ॥
ਰਾਮ ਕਸਉਟੀ ਸੋ ਸਹੈ, ਜੋ ਮਰਿ ਜੀਵਾ ਹੋਇ॥

(ਸਲੋਕ, ਭਗਤ ਕਬੀਰ ਜੀਉ ਕੇ, ਪੰਨਾ ੧੩੬੬)

ਸਬਦਿ ਮਰੈ ਸੋਈ ਜਨੁ ਪੂਰਾ॥
ਸਤਿਗੁਰੁ ਆਖਿ ਸੁਣਾਏ ਸੂਰਾ॥

(ਮਾਰੂ, ਸੋਲਹੇ, ਮ: ੩, ਪੰਨਾ ੧੦੪੬)

ਐਸੇ ਮਨੁੱਖ ਦਾ ਹੀ ਸੰਸਾਰ ਵਿੱਚ ਆਉਣਾ ਸਫਲ ਹੈ।

ਆਸਾ ਅੰਦਰਿ ਸਭੁ ਕੋ, ਕੋਇ ਨਿਰਾਸਾ ਹੋਇ॥
ਨਾਨਕ ਜੋ ਮਰਿ ਜੀਵਿਆ, ਸਹਿਲਾ ਆਇਆ ਸੋਇ॥

(ਰਾਮਕਲੀ ਕੀ ਵਾਰ, ਸਲੋਕ, ਮ: ੩, ਪੰਨਾ ੯੫੬)